# ਸ਼ਹਾਦਤ ਤੇ ਹੋਰ ਨਾਟਕ

# ਸ਼ਹਾਦਤ ਤੇ ਹੋਰ ਨਾਟਕ

ਬਲਰਾਮ

Autumn Art

Published by
Autumn Art (India)
V.P.O. Balian, Distt. Sangrur (148001), Mob. 91158-72450
E-mail: autumnartpublishers@gmail.com
&
Shop No. 3, Kahlon Complex
Opp. Punjabi University, Patiala-147002
95019-10311

*all rights reserved.*

Logo of Autumn Art *by* kafir

© 2020
ISBN 978-1-989310-63-2

Printed & Bound at:
Twentyfirst Century Printing Press, (Patiala)

---

Shahdat Te Hor Natak

By

Balram
E-mail : balrambodhi@gmail.com

ਸਮਰਪਣ

ਜੇ ਪੀ ਤੇ ਅੰਮ੍ਰਿਤਾ ਦੇ ਲਈ।

ਬਲਰਾਮ ਦੇ ਨਾਟਕਾਂ ਦੀਆਂ ਦੋ ਕਿਤਾਬਾਂ ਨਾਲੋ-ਨਾਲ ਛਪ ਕੇ ਆ ਰਹੀਆਂ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਵਿਸ਼ਿਆਂ ਨੂੰ ਛੂੰਹਦੇ ਚਾਰ ਨਾਟਕ ਸ਼ਾਮਿਲ ਹਨ ਜੋ ਉਸਦੀ ਦੋ ਦਹਾਕਿਆਂ ਦੀ ਮਿਹਨਤ ਤੇ ਲਗਨ ਦਾ ਨਤੀਜਾ ਹਨ। ਬੇਹੱਦ ਖੁਸ਼ੀ ਦੀ ਗੱਲ ਇਹ ਵੀ ਹੈ ਕਿ ਪੰਜਾਬੀ ਰੰਗਮੰਚ ਤੇ ਨਾਟਕਾਰੀ ਦੀਆਂ ਚਾਰ ਅਹਿਮ ਸਖ਼ਸ਼ੀਅਤਾਂ ਨੇ ਉਸਦੇ ਵੱਖ-ਵੱਖ ਨਾਟਕਾਂ ਦੇ ਮੁਖਬੰਧ ਲਿਖੇ ਹਨ ਤੇ ਪੰਜਾਬੀ ਨਾਟਕਾਰੀ ਦੀ ਦੁਨੀਆ 'ਚ ਉਸਨੂੰ ਜੀ ਆਇਆਂ ਕਿਹਾ ਹੈ। ਨਿਰਦੇਸ਼ਕ ਤੇ ਨਾਟਕਕਾਰ ਕੇਵਲ ਧਾਲੀਵਾਲ ਨੇ ਉਸਦੇ ਨਾਟਕ "ਮਿਰਤੂ-ਲੋਕ" ਦਾ ਮੁਖਬੰਧ ਲਿਖਿਆ ਹੈ ਤੇ ਇਸੇ ਤਰ੍ਹਾਂ ਆਤਮਜੀਤ ਜੀ ਨੇ "ਤੈਂ ਕੀ ਦਰਦ ਨਾ ਆਇਆ", ਦਵਿੰਦਰ ਦਮਨ ਨੇ "ਸ਼ਹਾਦਤ" ਅਤੇ ਅਜਮੇਰ ਸਿੰਘ ਔਲਖ ਨੇ "ਇਸ਼ਕ ਕੀਤਾ ਸੁ ਜਗ ਦਾ ਮੂਲ ਮੀਆਂ" ਦਾ ਮੁਖਬੰਧ ਲਿਖਿਆ ਹੈ। ਇਹ ਚਾਰੋ ਸਖ਼ਸ਼ੀਅਤਾਂ ਆਪਣੇ ਆਪ ਵਿੱਚ ਪੰਜਾਬੀ ਰੰਗਮੰਚ ਅਤੇ ਨਾਟਕਾਰੀ ਦੇ ਅਜੋਕੇ ਯੁੱਗ ਦੇ ਸਭ ਤੋਂ ਗੂੜ੍ਹੇ ਹਸਤਾਖਰ ਹਨ। ਇਨ੍ਹਾਂ ਸਖ਼ਸ਼ੀਅਤਾਂ ਵੱਲੋਂ ਬਲਰਾਮ ਦੀ ਕਿਤਾਬ ਦਾ ਇਹ ਨਿੱਘਾ ਸੁਆਗਤ ਇਸ ਕਿਤਾਬ ਦੇ ਮਹੱਤਵ ਨੂੰ ਦਰਸਾਉਂਦਾ ਇੱਕ ਅਹਿਮ ਸੰਕੇਤ ਹੈ। ਬਲਰਾਮ ਇਸ ਗੱਲ ਲਈ ਵਧਾਈ ਦਾ ਪਾਤਰ ਹੈ ਕਿ ਉਸਨੇ ਆਪਣੇ ਨਾਟਕਾਂ ਲਈ ਰੰਗਮੰਚ ਦੀ ਦੁਨੀਆ ਦੀਆਂ ਵਿਲੱਖਣ ਸਖ਼ਸ਼ੀਅਤਾਂ ਦਾ ਥਾਪੜਾ ਤੇ ਪਿਆਰ ਹਾਸਿਲ ਕੀਤਾ ਹੈ।

ਮੈਂ ਸਭ ਤੋਂ ਪਹਿਲਾਂ ਇੱਥੇ ਸਿਰਫ਼ ਇੱਕ ਇਤਿਹਾਸਿਕ ਤੱਥ ਦਾ ਜ਼ਿਕਰ ਕਰਨਾ ਚਾਹਾਂਗਾ, ਜਿਸਦਾ ਇਨ੍ਹਾਂ ਕਿਤਾਬਾਂ 'ਚ ਛਪ ਰਹੇ ਨਾਟਕਾਂ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ। ਉਹ ਤੱਥ ਇਹ ਹੈ ਕਿ ਬਲਰਾਮ ਦਾ ਪਹਿਲਾ ਪੰਜਾਬੀ ਨਾਟਕ 'ਜੂਠ' ਹੈ, ਜਿਹੜਾ ਮਸ਼ਹੂਰ ਹਿੰਦੀ ਕਥਾਕਾਰ ਓਮ ਪ੍ਰਕਾਸ਼ ਵਾਲਮੀਕੀ ਦੀ ਸਵੈ-ਜੀਵਨੀ 'ਤੇ ਅਧਾਰਿਤ ਹੈ। ਇਤਫਾਕਨ ਉਹੀ ਪੰਜਾਬੀ ਦਾ ਪਹਿਲਾ ਇੱਕ ਪਾਤਰੀ ਨਾਟਕ ਵੀ ਹੈ, ਉਸਦੀ ਰਚਨਾ ਤੇ ਮੰਚਨ ਦੋਹੇਂ ਇਤਿਹਾਸਿਕ ਤੌਰ 'ਤੇ ਇਨ੍ਹਾਂ ਨਾਟਕਾਂ ਨਾਲੋਂ ਕਾਫ਼ੀ ਪਹਿਲੋਂ ਦੀ ਗੱਲ ਹੈ।

ਹੁਣ ਮੌਜੂਦਾ ਨਾਟਕਾਂ ਦੀ ਗੱਲ ਕਰਦੇ ਹਾਂ। ਲੇਖਕ ਲਈ ਇਹ ਸਾਰੇ ਨਾਟਕ ਇੱਕੋ ਜਿੰਨੀ ਮਹੱਤਤਾ ਰੱਖਦੇ ਹਨ, ਇਹ ਫੈਸਲਾ ਪਾਠਕਾਂ ਉੱਤੇ ਛੱਡ ਦਿੱਤਾ ਗਿਆ ਹੈ ਕਿ ਉਹ ਕਿਸ ਨਾਟਕ ਨੂੰ ਤਰਜੀਹ ਦਿੰਦੇ ਹਨ, ਤੇ ਜਾਹਿਰ ਹੈ ਕਿ ਆਪੋ-ਆਪਣੀਆਂ ਰੁਚੀਆਂ, ਖ਼ੂਬੀਆਂ ਤੇ ਸੀਮਾਵਾਂ ਕਾਰਨ ਵੱਖੋ-ਵੱਖ ਪਾਠਕਾਂ ਦੀ ਤਰਜੀਹ ਵੱਖ-ਵੱਖ ਹੋ ਸਕਦੀ ਹੈ, ਨਾਟਕਕਾਰ ਵਾਂਗ ਮੈਂ ਵੀ ਪੜਣ ਤੋਂ ਪਹਿਲਾਂ ਹੀ ਉਨ੍ਹਾਂ ਦੇ ਮਨ 'ਤੇ ਕਿਸੇ ਤਰ੍ਹਾਂ ਦੀ ਪੂਰਵ-ਧਾਰਣਾ ਦੀ ਛਾਪ ਛੱਡਣ ਤੋਂ ਗੁਰੇਜ਼ ਕਰਨਾ ਚਾਹੁੰਦਾ ਹਾਂ।

ਮੈਂ ਬਲਰਾਮ ਨੂੰ ਲਗਭਗ ਇੱਕ ਚੌਥਾਈ ਸਦੀ ਤੋਂ ਜਾਣਦਾ ਹਾਂ ਤੇ ਇਨ੍ਹਾਂ ਨਾਟਕਾਂ ਦੇ

ਬਣਨ ਦੇ ਇਤਿਹਾਸ ਦਾ ਵੀ ਗਵਾਹ ਰਿਹਾ ਹਾਂ। ਇਨ੍ਹਾਂ ਨਾਟਕਾਂ ਵਿੱਚ ਉਸਨੇ ਪੰਜਾਬੀ ਨਾਟਕ ਨੂੰ ਇੱਕ ਵੱਖਰਾ ਦਾਰਸ਼ਨਿਕ ਆਧਾਰ ਅਤੇ ਜ਼ਾਇਕਾ ਦੇਣ ਦੀ ਕੋਸ਼ਿਸ਼ ਕੀਤੀ ਹੈ, ਜੋ ਕਿ ਖ਼ੁਦ ਉਸਦੇ ਸੁਭਾ ਦਾ ਹਿੱਸਾ ਹੈ। ਚਰਨ ਗਿੱਲ ਤੇ ਸੈਮੁਅਲ ਜੋਹਨ ਵਰਗੇ ਉਸਦੇ ਮਿੱਤਰਾਂ ਨੇ ਵੀ "ਮਿਰਤੂ-ਲੋਕ" ਅਤੇ "ਤੈਂ ਕੀ ਦਰਦ ਨਾ ਆਇਆ" ਵਰਗੇ ਨਾਟਕਾਂ ਨੂੰ ਰੂਪ ਦੇਣ ਵਿੱਚ ਆਪਣੀ ਭੂਮਿਕਾ ਨਿਭਾਈ ਹੈ, ਜਿਸਨੂੰ ਨਾਟਕਕਾਰ ਬੜੀ ਸਹਿਜਤਾ ਨਾਲ ਸਵੀਕਾਰ ਕਰਦਾ ਹੈ।

ਮੇਰੇ ਖਿਆਲ ਵਿੱਚ "ਮਿਰਤੂਲੋਕ" ਉਸਦਾ ਸਭ ਤੋਂ ਗੰਭੀਰ ਤੇ ਗੁੰਝਲਦਾਰ ਨਾਟਕ ਹੈ, ਇਸ ਨਾਟਕ ਵਿੱਚ ਇੱਕ ਪਾਸੇ ਉਹ ਰੂਹ ਦੇ ਮੁਕਾਬਲੇ ਦੇਹ ਦੀ ਮਹੱਤਤਾ ਨੂੰ ਉਘੜਦਾ ਹੈ ਤੇ ਦਰਸਾਉਂਦਾ ਹੈ ਕਿ ਦੇਹਾਂ ਤੋਂ ਬਿਨਾਂ ਰੂਹਾਂ ਕਿੰਨੀਆਂ ਨਿਤਾਣੀਆਂ ਹੋ ਜਾਂਦੀਆਂ ਹਨ। ਨਾਲ ਹੀ ਨਾਲ ਉਹ ਦੇਹਾਂ ਤੇ ਰੂਪਾਂ ਵੱਲੋਂ ਖੜੀਆਂ ਕੀਤੀਆਂ ਹੱਦਾਂ ਦੇ ਮਸਲੇ ਨੂੰ ਉਭਾਰਦਾ ਹੈ ਤੇ ਉਨ੍ਹਾਂ ਦੀ ਸੱਚਾਈ ਨੂੰ ਚੁਣੌਤੀ ਦਿੰਦਾ ਹੈ। ਨਾਟਕਕਾਰ ਦਾ ਅਕੀਦਾ ਹੈ ਕਿ ਹੋਂਦ ਅਖੰਡ ਹੈ ਪਰ ਅਸੀਂ ਉਸਨੂੰ ਗੁਆਂਢ, ਗੁਆਂਢੀ ਮੁਲਕਾਂ ਜਾਂ ਜਮਾਤਾਂ 'ਚ ਵੰਡ ਲਿਆ ਹੈ, ਜੋ ਸਾਡੀ ਤ੍ਰਾਸਦੀ ਦਾ ਆਧਾਰ ਹੈ। ਸੈਮੁਅਲ ਜੋਹਨ ਦੀ ਨਿਰਦੇਸ਼ਨਾ 'ਚ ਤਿਆਰ ਕੀਤੇ ਗਏ ਇਸ ਨਾਟਕ ਦੀਆਂ ਪਿੰਡਾਂ ਤੇ ਸ਼ਹਿਰਾਂ 'ਚ ਕਈ ਪੇਸ਼ਕਾਰੀਆਂ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਇੱਕ ਪੇਸ਼ਕਾਰੀ ਜਲੰਧਰ ਦੇ ਗ਼ਦਰੀ ਮੇਲੇ ਵਿੱਚ ਵੀ ਹੋਣੀ ਸੀ, ਦੇਸ਼ ਭਗਤ ਯਾਦਗਾਰੀ ਭਵਨ 'ਚ ਹੁੰਦੇ ਇਸ ਸਲਾਨਾ ਮੇਲੇ 'ਚ ਹਜ਼ਾਰਾਂ ਲੋਕ ਇਸ ਪੇਸ਼ਕਾਰੀ ਦਾ ਇੰਤਜ਼ਾਰ ਕਰ ਰਹੇ ਸੀ, ਪਰ ਕੁਝ ਕਾਰਨਾਂ ਕਰ ਕੇ ਇਹ ਪੇਸ਼ਕਾਰੀ ਉਸ ਸਮੇਂ ਨਹੀਂ ਹੋ ਸਕੀ, ਜਿਸਦਾ ਦਰਸ਼ਕਾਂ ਨੂੰ ਤੇ ਟੀਮ ਨੂੰ ਵੀ ਸਵੇਰ ਹੁੰਦੇ-ਹੁੰਦੇ ਹੀ ਪਤਾ ਚੱਲਿਆ ਸੀ।

"ਸ਼ਹਾਦਤ" ਇੱਕੋ ਵੇਲੇ ਕਈ ਵਿਰੋਧੀ ਦਿਸ਼ਾਵਾਂ ਵੱਲ ਵਗਦਾ ਮਹਿਸੂਸ ਹੁੰਦਾ ਹੈ। ਇਸ ਨਾਟਕ ਦੀ ਰਚਨਾ ਈਸਵੀ 2007 'ਚ ਹੋਈ, ਜੋ ਕਿ ਭਗਤ ਸਿੰਘ ਦੀ ਜਨਮ ਸ਼ਤਾਬਦੀ ਦਾ ਵਰ੍ਹਾ ਸੀ। ਇੱਕ ਪਾਸੇ ਨਾਟਕਕਾਰ ਭਗਤ ਸਿੰਘ ਦੀ ਸ਼ਹਾਦਤ ਦੀ ਅਜ਼ਮਤ ਨੂੰ ਸਵੀਕਾਰ ਕਰਦਾ ਪ੍ਰਤੀਤ ਹੁੰਦਾ ਹੈ, ਪਰ ਨਾਲ ਹੀ ਉਹ ਉਸਨੂੰ ਇੱਕ ਮਜਬੂਰ ਹਸਤੀ ਵਜੋਂ ਵੀ ਸਾਹਮਣੇ ਲਿਆਂਦਾ ਹੈ, ਜੋ ਆਪਣੇ ਸਾਹਮਣੇ ਉਨ੍ਹਾਂ ਲੋਕਾਂ ਵੱਲੋਂ ਆਪਣੇ ਬਿੰਬ ਨੂੰ ਹਥਿਆਂਦੇ ਹੋਏ ਦੇਖਦੀ ਹੈ, ਜਿਨ੍ਹਾਂ ਦੇ ਵਿਰੁੱਧ ਉਸਨੇ ਸਾਰੀ ਉਮਰ ਸੰਘਰਸ਼ ਕੀਤਾ। ਪਰ ਦੇਖਦੇ ਹੋਏ ਵੀ ਉਹ ਕੁਝ ਨਹੀਂ ਕਰ ਪਾਉਂਦਾ ਤੇ ਉਸ ਅਜਾਇਬ ਘਰ 'ਚੋਂ ਬਾਹਰ ਆਉਣ ਦਾ ਰਾਹ ਲਭਦਾ ਹੈ ਜੋ ਉਸਦੀ ਕੈਦ ਬਣ ਗਿਆ ਹੈ। ਨਾਟਕਕਾਰ ਦੇ ਮੁਤਾਬਿਕ ਇਹ ਭਗਤ ਸਿੰਘ ਦੀ ਹੀ ਨਹੀਂ ਹਰ ਸ਼ਹੀਦ ਦੀ ਹੋਣੀ ਹੈ, ਕਿਉਂਕਿ "ਸ਼ਹੀਦ ਮੌਤ ਦੀ ਕੁੱਖ 'ਚੋਂ ਪੈਦਾ ਹੁੰਦੇ ਹਨ." ਨਾਟਕਕਾਰ ਗਾਂਧੀ ਤੇ ਭਗਤ ਸਿੰਘ ਵਿਚਾਲੇ ਸਾਂਝੀ ਜ਼ਮੀਨ ਦੀ ਤਲਾਸ਼ ਤਾਂ ਕਰਦਾ ਹੀ ਹੈ, ਅੰਗ੍ਰੇਜ਼ਾਂ ਨੂੰ ਵੀ "ਨਫ਼ਰਤ" ਦੇ ਨਜ਼ਰੀਏ ਤੋਂ ਨਹੀਂ ਦੇਖਦਾ, ਸਗੋਂ ਹਾਕਮਾਂ ਦੇ ਡਰ ਅੰਦਰ ਉਤਰਨ ਦੀ ਕੋਸ਼ਿਸ਼ ਕਰਦਾ ਹੈ।

ਨਾਟਕਕਾਰ ਦਾ ਕਥਨ ਹੈ ਕਿ ਸ਼ਹੀਦ ਉਹ ਜ਼ਖਮ ਹੁੰਦੇ ਹਨ ਜੋ ਲੋਕਾਂ ਦਰਮਿਆਨ ਖੱਡ

ਬਣ ਕੇ ਵਿਛ ਜਾਂਦੇ ਹਨ ਤੇ ਉਨ੍ਹਾਂ ਨੂੰ ਇੱਕ ਨਹੀਂ ਹੋਣ ਦਿੰਦੇ, ਇਸ ਲਈ ਮਨੁੱਖ ਜਾਤੀ ਨੂੰ ਸ਼ਹੀਦ ਪੈਦਾ ਕਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ। ਬਦ-ਕਿਸਮਤੀ ਨਾਲ ਇਸ ਨਾਟਕ ਦੀਆਂ ਬਹੁਤੀਆਂ ਪੇਸ਼ਕਾਰੀਆਂ ਨਹੀਂ ਹੋ ਸਕੀਆਂ, ਜਿਸਦੀ ਇੱਕ ਵਜਾਹ ਸ਼ਾਇਦ ਪਾਤਰਾਂ ਦੀ ਵੱਡੀ ਗਿਣਤੀ ਵੀ ਰਹੀ ਹੋਵੇਗੀ, ਤੇ ਵਿਸ਼ੇ ਦੀ ਪੇਚੀਦਗੀ ਤੇ ਪ੍ਰਗਟਾਅ ਦੀ ਵਿਲੱਖਣਤਾ ਵੀ। ਨਾਟਕਕਾਰ ਨੇ ਭਗਤ ਸਿੰਘ ਤੇ ਗਾਂਧੀ ਦੇ ਪਾਤਰਾਂ ਨੂੰ ਜਿਸ ਤਰ੍ਹਾਂ ਨਾਟਕ 'ਚ ਉਸਾਰਿਆ ਹੈ, ਉਹ ਵਿਚਾਰਧਾਰਕ ਤੌਰ 'ਤੇ ਪੰਜਾਬ ਦੀਆਂ ਬਹੁਤੀਆਂ ਧਿਰਾਂ ਨੂੰ ਰਾਸ ਨਹੀਂ ਆਉਂਦਾ, ਸ਼ਾਇਦ ਇਸ ਲਈ ਵੀ ਸੁਚੇਤ ਜਾਂ ਅਰਧ ਅਚੇਤ ਤੌਰ 'ਤੇ ਇਸ ਨਾਟਕ ਦੀ ਬਹੁਤੀ ਚਰਚਾ ਨਹੀਂ ਹੋਈ। ਇਸਦਾ ਪਲੇਠਾ ਤੇ ਇੱਕੋ-ਇੱਕ ਸ਼ੋ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿੱਚ 2007 'ਚ ਹੋਇਆ ਸੀ, ਜਿਸਦੀ ਨਿਰਦੇਸ਼ਨਾ ਸੰਗੀਤਾ ਗੁਪਤਾ ਨੇ ਕੀਤੀ ਸੀ, ਤੇ ਮੰਚ ਸੱਜਾ ਅਤੇ ਸੈੱਟ ਦੀ ਵਿਉਂਤਕਾਰੀ ਦਾ ਕੰਮ ਉਘੇ ਰੰਗਕਰਮੀ ਕੇਵਲ ਧਾਲੀਵਾਲ ਵੱਲੋਂ ਕੀਤਾ ਗਿਆ ਸੀ।

"ਤੈਂ ਕੀ ਦਰਦ ਨਾ ਆਇਆ" ਘਟਨਾਵਾਂ ਦੀ ਪੱਧਰ 'ਤੇ ਗੁਜਰਾਤ ਦੇ ਕਤਲੇਆਮ ਦੇ ਦੁਆਲੇ ਬੁਣਿਆ ਗਿਆ ਹੈ, ਜਿਹੜਾ ਇਸ ਜੁਗ ਦੀ ਸਿਆਸਤ ਦੀ ਤ੍ਰਾਸਦੀ ਨੂੰ ਇੱਕ ਚੁਭਵੇਂ ਵਿਅੰਗ ਵਾਂਗ ਪੇਸ਼ ਕਰਦਾ ਹੈ। ਪਰ ਗੌਹ ਨਾਲ ਦੇਖੀਏ ਤਾਂ ਇਹ ਨਾਟਕ ਸਮਕਾਲਿਕਤਾ ਤੋਂ ਪਾਰ ਜਾਂਦਾ ਦਿਖਾਈ ਪੈਂਦਾ ਹੈ। ਗਨੀ ਖਾਂ ਤੇ ਨਬੀ ਖਾਂ ਦੇ ਪਾਤਰਾਂ ਨੂੰ ਵਰਤਮਾਨ ਵਿੱਚ ਲਿਆ ਕੇ ਨਾਟਕਕਾਰ ਇਤਿਹਾਸ ਦੀ ਵਿਕਾਸਵਾਦੀ ਧਾਰਣਾ ਨੂੰ ਚੁਣੌਤੀ ਦਿੰਦਾ ਹੈ ਤੇ ਇਹ ਦਰਸਾਉਂਦਾ ਹੈ ਕਿ ਸਾਰਾ ਵਿਕਾਸ ਮਹਿਜ਼ ਤਕਨੀਕੀ ਜਾਂ ਬੌਧਿਕ ਹੈ, ਮਨ ਅਤੇ ਭਾਵਨਾਵਾਂ ਦੇ ਪੱਧਰ 'ਤੇ ਕੋਈ ਵਿਕਾਸ ਨਹੀਂ ਹੋਇਆ, ਇਸੇ ਲਈ ਮਨੁੱਖੀ ਰਿਸ਼ਤੇ ਜਾਂ ਸਮਾਜ ਵਾਰ-ਵਾਰ ਮੁੜ ਉਸੇ ਕਤਲੇਆਮ 'ਚ ਆ ਫਸਦੇ ਹਨ, ਜਿਥੋਂ ਉਹ ਨਿਕਲ ਆਏ ਪ੍ਰਤੀਤ ਹੁੰਦੇ ਹਨ। ਸੂਤਰਧਾਰ ਦੇ ਪਾਤਰ ਰਾਹੀਂ ਉਸਨੇ ਆਪਣੀ ਗੱਲ ਸਾਫ਼ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਗੁਜਰਾਤ ਦੀਆਂ ਘਟਨਾਵਾਂ ਉਸਦੇ ਮਨ 'ਤੇ ਇੰਨੀਆਂ ਡੂੰਘੀਆਂ ਛਪੀਆਂ ਹਨ ਕਿ ਉਨ੍ਹਾਂ ਦੀ ਛਾਪ ਦਾਰਸ਼ਨਿਕਤਾ ਉੱਤੇ ਭਾਰੀ ਪੈ ਜਾਂਦੀ ਹੈ।

ਪੰਜਾਬ ਭਰ ਵਿੱਚ ਇਸ ਨਾਟਕ ਦੀਆਂ ਅਨੇਕਾਂ ਪੇਸ਼ਕਾਰੀਆਂ ਹੋਈਆਂ ਹਨ, ਤੇ ਅਖ਼ਬਾਰਾਂ ਤੋਂ ਇਲਾਵਾ ਰੰਗਮੰਚੀ ਹਲਕਿਆਂ 'ਚ ਇਸ 'ਤੇ ਭਰਪੂਰ ਚਰਚਾ ਵੀ ਹੋਈ ਹੈ।

"ਇਸ਼ਕ ਕੀਤਾ ਸੁ ਜਗ ਦਾ ਮੂਲ ਮੀਆਂ" ਇਸ਼ਕ, ਮੌਤ, ਗਿਆਨ ਤੇ ਅਹੰਕਾਰ ਦੇ ਮੁੱਦਿਆਂ ਨੂੰ ਛੂੰਹਦਾ ਹੋਇਆ ਨਾਟਕ ਹੈ। ਨਾਟਕਕਾਰ ਜਾਗਣ ਅਤੇ ਸੌਣ ਦੇ ਮਸਲੇ ਨੂੰ ਵੀ ਛੂੰਹਦਾ ਹੈ, ਜਿਹੜਾ ਸਾਡੀਆਂ ਪ੍ਰੇਮ-ਕਥਾਵਾਂ ਵਿੱਚ ਬਾਰ ਬਾਰ ਸਾਹਮਣੇ ਆਉਂਦਾ ਹੈ ਤੇ ਆਸ਼ਕਾਂ ਦੇ ਵਿਜੋਗ ਦਾ ਸਬੱਬ ਬਣਦਾ ਹੈ। ਇਸ਼ਕ ਤੇ ਸ਼ਰਾ ਦੀ ਤੁਰੀ ਆਉਂਦੀ ਜੰਗ ਨਾਟਕ ਦੀ ਚਾਲਕ ਊਰਜਾ ਹੈ, ਜਿਸ ਵਿੱਚ ਸ਼ਰਾ ਦੇ ਹਮਾਇਤੀਆਂ ਨੂੰ ਕਿਤਾਬਾਂ ਦਾ ਭਾਰ ਢੋਣ ਵਾਲੇ ਨੈਨ ਵਿਹੂਣੇ ਪਾਤਰਾਂ ਦੇ ਰੂਪ 'ਚ ਸਿਰਜ ਕੇ ਲੇਖਕ ਨੇ ਆਪਣੀ ਪੁਜੀਸ਼ਨ ਸਾਫ਼ ਕਰ ਦਿੱਤੀ ਹੈ ਤੇ ਅਰਥ ਭਰਿਆ ਹਾਸ ਰਸ ਵੀ ਸਿਰਜਿਆ ਹੈ। ਨਾਟਕਕਾਰ ਬਾਲ ਨਾਥ ਦੇ ਟਿੱਲੇ ਨੂੰ

ਮੌਤ ਦੀ ਅਵਸਥਾ ਵਾਂਗ ਚਿਤਰਦਾ ਹੈ, ਜਿਥੇ ਬੰਦੇ ਨੂੰ ਹਉਮੈ ਦੀ ਪਛਾਣ ਤਿਆਗਣੀ ਪੈਂਦੀ ਹੈ ਤੇ ਇਹੋ "ਜੋਗ" ਜਾਂ ਵਸਲ ਦੀ ਮੁੱਢਲੀ ਸ਼ਰਤ ਹੈ, ਜਿਸਨੂੰ ਬਾਲ ਨਾਥ ਦੇ ਬਹੁਤੇ ਚੇਲੇ ਪੂਰਾ ਨਹੀਂ ਕਰ ਪਾਉਂਦੇ ਤੇ ਜੋਗੀ ਦੇ ਨਾਲ ਰਹਿੰਦੇ ਹੋਏ ਵੀ ਜੋਗ ਤੋਂ ਦੂਰ ਰਹਿੰਦੇ ਹਨ। ਨਾਟਕ ਵਿਚਲੀ ਕਵਿਤਾ ਹੀਰ ਵਾਰਿਸ ਵਿਚੋਂ ਲਈ ਗਈ ਹੈ ਜੋ ਪੂਰੇ ਨਾਟਕ ਦੌਰਾਨ ਵਾਰਿਸ ਦੀ ਨਿਰਾਕਾਰ ਮੌਜੂਦਗੀ ਨੂੰ ਯਾਦ ਕਰਾਉਂਦੀ ਰਹਿੰਦੀ ਹੈ। ਸੂਚਨਾ ਤੇ ਗਿਆਨ ਪ੍ਰਧਾਨ ਜੁਗ ਵਿੱਚ ਵੀ ਬਲਰਾਮ ਨੇ ਇਹ ਕਹਿਣ ਦੀ ਹਿੰਮਤ ਕੀਤੀ ਹੈ ਕਿ ਜਗ ਦਾ ਮੂਲ ਸ਼ਰਾ ਜਾਂ ਗਿਆਨ ਨਹੀਂ ਸਗੋਂ ਇਸ਼ਕ ਹੈ।

ਇਸ ਨਾਟਕ ਦੀ ਪਹਿਲੀ ਪੇਸ਼ਕਾਰੀ ਅੰਮ੍ਰਿਤਸਰ ਦੀ ਨਾਟਸ਼ਾਲਾ ਵਿੱਚ ਹੋਈ ਸੀ, ਜਿਸਦਾ ਨਿਰਦੇਸ਼ਨ ਰਜਿੰਦਰ ਸਿੰਘ ਨੇ ਕੀਤਾ ਸੀ, ਜੋ ਕਿ ਨਵਾਂ-ਨਵਾਂ ਐਨ. ਐਸ. ਡੀ ਤੋਂ ਪੜ੍ਹ ਕੇ ਆਇਆ ਸੀ। ਨਾਟਕ ਦੀ ਵੇਸ਼ਭੂਸ਼ਾ, ਸੈੱਟ, ਲਾਈਟਿੰਗ ਤੇ ਨਿਰਤ ਦੀ ਵਿਉਂਤਕਾਰੀ ਵੀ ਐਨ. ਐਸ. ਡੀ ਦੇ ਹੀ ਸਾਬਕਾ ਵਿਦਿਆਰਥੀਆਂ ਦੀ ਸੀ। ਇਸਦਾ ਸੰਗੀਤ ਰਵੀ ਨੰਦਨ ਨੇ ਤਿਆਰ ਕੀਤਾ ਸੀ।

ਰੰਗਮੰਚ ਤੇ ਨਾਟਕ ਦੀਆਂ ਸਥਾਪਤ ਹਸਤੀਆਂ ਤੋਂ ਬਾਅਦ ਮੇਰਾ ਇਹ ਉਪਰਾਲਾ ਭਾਵੇਂ ਥੋੜਾ ਓਪਰਾ ਜਾਂ ਬੇਲੋੜਾ ਵੀ ਲੱਗ ਸਕਦਾ ਹੈ। ਪਰ ਫੇਰ ਵੀ ਮੈਂ ਉਮੀਦ ਕਰਦਾ ਹਾਂ ਕਿ ਮੇਰੀ ਇਹ ਕੋਸ਼ਿਸ਼ ਬਲਰਾਮ ਦੇ ਨਾਟਕਾਂ ਨੂੰ ਵਧੇਰੇ ਗਹਿਰਾਈ ਵਿੱਚ ਮਾਨਣ ਤੇ ਉਨ੍ਹਾਂ ਦਾ ਸੁਆਦ ਲੈਣ ਵਿੱਚ ਸਹਾਈ ਹੋਵੇਗੀ। ਬਲਰਾਮ ਦੀ ਕਲਮ ਕੋਲੋਂ ਸਾਡੀਆਂ ਉਮੀਦਾਂ ਵੱਡੀਆਂ ਹਨ ਤੇ ਮੈਨੂੰ ਪੂਰਾ ਯਕੀਨ ਹੈ ਕਿ ਉਹ ਪੰਜਾਬੀ ਨਾਟਕਾਰੀ ਨੂੰ ਨਵੇਂ ਕਲਾਤਮਕ ਤੇ ਦਾਰਸ਼ਨਿਕ ਦਿਸਹੱਦਿਆਂ ਤਾਂਈਂ ਲੈ ਕੇ ਜਾਵੇਗਾ।

ਯੋਗਰਾਜ

ਸ਼ਹਾਦਤ

ਅੱਜ ਸ਼ਹੀਦ ਭਗਤ ਸਿੰਘ ਦੱਖਣੀ-ਪੂਰਬੀ ਏਸ਼ੀਆ ਦੇ ਅਗਾਂਹਵਧੂ ਲੋਕਾਂ, ਕਾਮਿਆਂ ਅਤੇ ਖ਼ਾਸ ਕਰਕੇ ਨੌਜਵਾਨਾਂ ਦਾ, ਉਸੇ ਤਰ੍ਹਾਂ ਹਰਮਨ ਪਿਆਰਾ ਬਣ ਗਿਆ ਹੈ ਜਿਵੇਂ ਕਿਊਬਾ ਅਤੇ ਲਾਤੀਨੀ ਅਮਰੀਕਾ ਦੇ ਲੋਕਾਂ ਲਈ ਚੀ-ਗਵੇਰਾ ਹੈ। ਦੋਵਾਂ ਨੇ ਹੀ ਇਕੋ ਮਨੋਰਥ ਲਈ ਟੋਟੇ-ਟੋਟੇ ਹੋ ਕੇ ਅਪਣਾ ਆਪ ਆਪਣੀ ਮਿੱਟੀ ਦੇ ਜਾਇਆ ਨੂੰ ਸਮਰਪਿਤ ਕਰ ਦਿਤਾ। ਫਰਕ ਸਿਰਫ਼ ਇੰਨਾ ਹੀ ਸੀ ਕਿ ਭਗਤ ਸਿੰਘ ਮੌਤ ਤੋਂ ਬਾਅਦ ਕੱਟਿਆ-ਵੱਢਿਆ ਗਿਆ ਅਤੇ ਚੀ-ਗਵੇਰਾ ਬੰਦਾ ਬਹਾਦਰ ਵਾਂਗ ਜਿਊਂਦੇ ਜੀਅ ਟੁਕੜੇ-ਟੁਕੜੇ ਕੀਤਾ ਗਿਆ। ਭਗਤ ਸਿੰਘ ਦਾ ਚੀ-ਗਵੇਰਾ ਨਾਲੋਂ ਇਕ ਪੱਖ ਨਿਵੇਕਲਾ ਸੀ ਕਿ ਉਹ ਵਿਚਾਰਧਾਰਕ ਆਗੂ ਵੀ ਸੀ। ਉਸਨੇ ਆਪਣੇ ਲੋਕਾਂ ਵਿਚ ਲਗਾਤਾਰ ਨਵੇਂ ਵਿਚਾਰਾਂ ਦੇ ਚਾਨਣ ਦਾ ਛਿੱਟਾ ਵੀ ਦਿਤਾ। ਭਗਤ ਸਿੰਘ ਦੀਆਂ 20ਵੀਂ ਸਦੀ ਵਿਚ ਲਿਖੀਆਂ ਲਿਖਤਾਂ ਜੋ 21ਵੀਂ ਸਦੀ ਵਿਚ ਉਪਲਭਦ ਹੋ ਰਹੀਆਂ ਹਨ ਅਜ ਵੀ ਓਨੀਆਂ ਹੀ ਢੁਕਵੀਆਂ ਅਤੇ ਤਰੋ-ਤਾਜ਼ਾ ਹਨ ਜਿੰਨੀਆਂ ਪਿਛਲੀ ਸਦੀ ਵਿਚ ਸਨ। ਉਸਦੀਆਂ ਲਿਖਤਾਂ ਉਸਦੀ ਵਿਚਾਰਧਾਰਾ, ਜ਼ਿੰਦਗੀ ਪ੍ਰਤੀ ਉਸਦਾ ਨਜ਼ਰਈਆ ਅਤੇ ਮਨੁੱਖਤਾ ਲਈ ਉਸਦੀ ਸਦਭਾਵਨਾ ਭਗਤ ਸਿੰਘ ਦੀ ਸਮੁੱਚੀ ਸੋਚ ਦੀ ਤਰਜਮਾਨੀ ਕਰਦੀਆਂ ਹਨ। ਹਾਲਾਂਕਿ ਰਾਜ-ਸਤਾ ਵਲੋਂ ਬਹੁਤ ਕੁਝ ਲਕੋਣ ਅਤੇ ਧੁੰਦਲਾ ਕਰਨ ਦਾ ਯਤਨ ਕੀਤਾ ਜਾਂਦਾ ਰਿਹਾ ਹੈ। ਉਦਾਹਰਣ ਦੇ ਤੌਰ ਤੇ ਅਜ਼ਾਦੀ ਉਪਰੰਤ ਦੁਰਗਾ ਭਾਬੀ ਨੇ ਭਗਤ ਸਿੰਘ ਦੁਆਰਾ ਲਿਖੀਆਂ ਦੋ ਪੁਸਤਕਾਂ ਦੇ ਖਰੜੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਭੇਟ ਕੀਤੇ ਸਨ ਅਤੇ ਪੰਡਿਤ ਜੀ ਨੇ ਭਰੋਸਾ ਦਿਵਾਇਆ ਸੀ ਕਿ ਇਹ ਖਰੜੇ ਜਲਦੀ ਹੀ ਛਪਵਾ ਦਿਤੇ ਜਾਣਗੇ। ਪਰ ਕੁਝ ਸਮੇਂ ਬਾਅਦ ਜਦੋਂ ਦੁਰਗਾ ਭਾਬੀ ਨੇ ਪੰਡਿਤ ਜੀ ਨੂੰ ਖਰੜਿਆਂ ਦਾ ਚੇਤਾ ਕਰਵਾਇਆ ਤਾਂ ਪੰਡਿਤ ਜੀ ਨੇ ਕਿਹਾ "ਮੈਨੂੰ ਤਾਂ ਯਾਦ ਨਹੀਂ ਕਿ ਤੁਸਾਂ ਮੈਨੂੰ ਕੋਈ ਖਰੜੇ ਦਿਤੇ ਸਨ" ਇਸ ਤਰ੍ਹਾਂ ਹੋਰ ਬਹੁਤ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ।

ਭਗਤ ਸਿੰਘ ਦੀ ਹਰਮਨ-ਪਿਆਰਤਾ ਦਾ ਇਥੋਂ ਵੀ ਅੰਦਾਜਾ ਲਾਇਆ ਜਾ ਸਕਦਾ ਕਿ ਜਿੰਨੀਆਂ ਫਿਲਮਾਂ (ਫੀਚਰ ਅਤੇ ਦਸਤਾਵੇਜੀ), ਜੀਵਨੀਆਂ, ਨਾਵਲ, ਨਾਟਕ ਆਦਿ ਭਗਤ ਸਿੰਘ ਸ਼ਹੀਦ ਭਗਤ ਸਿੰਘ ਨੂੰ ਲੈ ਕੇ ਸਿਰਜੇ ਤੇ ਖੇਡੇ ਗਏ ਹਨ ਇੰਨੇ ਦੁਨੀਆਂ ਵਿਚ ਕਿਸੇ ਕੌਮੀ ਸ਼ਹੀਦ ਨੂੰ ਲੈ ਕੇ ਨਹੀਂ ਵਾਪਰਿਆ। ਸ਼ਹਾਦਤ ਤੋਂ ਲੈ ਕੇ ਹੁਣ ਤਕ ਭਗਤ ਸਿੰਘ ਨਿੱਤ ਨਵਾਂ ਅਤੇ ਹੋਰ ਜਵਾਨ ਹੋ ਰਿਹਾ ਹੈ। ਬਲਰਾਮ ਦਾ ਹਥਲਾ ਨਾਟਕ ਇਸੇ ਦਿਸ਼ਾ ਵਲ ਪੁਟਿਆ ਗਿਆ ਸੱਜਰਾ ਕਦਮ ਹੈ।

ਕੁਝ ਸਮਾਂ ਪਹਿਲਾਂ ਮੈਨੂੰ ਇਹ ਨਾਟਕ ਟੈਗੋਰ ਥੇਟਰ ਚੰਡੀਗੜ੍ਹ ਵਿਚ ਵੇਖਣ ਦਾ ਮੌਕਾ

ਮਿਲਿਆ ਸੀ। ਮੈਂ ਇਸ ਨਾਟਕ ਨੂੰ ਮੰਚ ਤੇ ਇੰਨਾ ਨਹੀਂ ਸਾਂ ਮਾਣ ਸਕਿਆ ਜਿੰਨਾ ਹੁਣ ਇਸਦਾ ਖਰੜਾ ਪੜ੍ਹਕੇ ਮਾਣਿਆ ਹੈ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਜਿਸ ਢੰਗ ਨਾਲ ਇਸ ਨਾਟਕ ਦੀ ਸਿਰਜਣਾ ਕੀਤੀ ਗਈ ਹੈ ਉਹ ਭਗਤ ਸਿੰਘ ਬਾਰੇ ਲਿਖੇ ਗਏ ਸਾਰੇ ਨਾਟਕਾਂ ਨਾਲੋਂ ਹਰ ਤਰ੍ਹਾਂ ਨਾਲ ਵਿਲੱਖਣਤਾ ਵਾਲਾ ਹੈ। ਵਿਸ਼ੇ ਤੋਂ ਲੈ ਕੇ ਰੂਪਕ ਪੱਖ ਤਕ ਸਭ ਕੁਝ ਵਖਰਾ ਹੈ। ਵਿਸ਼ੇ ਨੂੰ ਦਰਸਾਉਂਦਿਆਂ ਬਲਰਾਮ ਨੇ, ਇਤਿਹਾਸ, ਰਾਜਨੀਤੀ, ਲੋਕ-ਭਾਵਨਾ ਆਦਿ ਨੂੰ, ਸਭ ਕੁਝ ਦੇ ਸੁਮੇਲ ਨੂੰ ਬੌਧਿਕਤਾ ਦੀ ਚਾਸ਼ਨੀ ਵਿਚ ਡਬੋ ਕੇ ਇਕ ਨਿਵੇਕਲਾ ਰੰਗ ਦਿਤਾ ਹੈ ਅਤੇ ਬੌਧਿਕਤਾ ਭਾਰੂ ਵੀ ਨਹੀਂ ਹੋਣ ਦਿਤੀ। ਪਾਠਕਾਂ ਨਾਲ ਭਗਤ ਸਿੰਘ ਦਾ ਜਜ਼ਬਾਤੀ ਰਿਸ਼ਤਾ ਅਜੇਹਾ ਹੋਣ ਦੀ ਆਗਿਆ ਵੀ ਨਹੀਂ ਦਿੰਦਾ। ਨਾਟਕਕਾਰ ਨੇ ਇਹ ਰਚਨਾ ਰਚਦਿਆਂ ਲੋਕ-ਧਾਰਾ ਤੋਂ ਲੈ ਕੇ ਅਜੋਕੇ ਯੁਗ ਦੀ ਚੇਤਨਾ ਤਕ ਦਾ ਸਫ਼ਰ ਤਹਿ ਕੀਤਾ ਹੈ। ਜਿਸ ਢੰਗ ਨਾਲ ਉਸਨੇ ਘਟਨਾਵਾਂ ਦੀ ਕੜੀ ਨੂੰ ਜੋੜਿਆ ਹੈ ਉਸਤੋਂ ਸਹਿਜੇ ਹੀ ਪਤਾ ਚਲ ਜਾਂਦਾ ਹੈ ਕਿ ਨਾਟਕਾਰ ਨੇ ਭਗਤ ਸਿੰਘ ਦੇ ਜੀਵਨ ਅਤੇ ਉਸਦੇ ਤਤਕਾਲੀ ਸਮੇਂ ਨੂੰ ਗੌਰ ਨਾਲ ਘੋਖਿਆ ਹੀ ਨਹੀਂ ਉਸਦਾ ਮੰਥਨ ਵੀ ਕੀਤਾ ਹੈ।

ਸ਼ਹੀਦ ਭਗਤ ਸਿੰਘ ਨਾਲ ਸਬੰਧਤ ਲਿਖੇ ਬਹੁਤੇ ਨਾਟਕਾਂ ਵਿੱਚ ਵਿਚਾਰਧਾਰਕ ਸਪਸ਼ਟਤਾ ਦੀ ਅਣਹੋਂਦ ਕਾਰਨ ਲੇਖਕਾਂ ਨੇ ਭਗਤ ਸਿੰਘ ਦੀ ਸੋਚ ਨੂੰ ਧੁੰਦਲਾ ਕੇ ਪੇਸ਼ ਕੀਤਾ ਹੈ। ਉਹਨਾਂ ਲਿਖਤਾਂ ਵਿਚ ਜਜ਼ਬਾਤ ਭਾਰੂ ਹਨ। ਮਨੁੱਖੀ ਜਜ਼ਬਿਆ ਦਾ ਪ੍ਰਗਟਾਓ ਜ਼ਰੂਰੀ ਹੈ ਪਰ ਅੰਧਾ-ਧੁੰਦ ਨਹੀਂ। ਜਜ਼ਬਿਆ ਪਿੱਛੇ ਨਿੱਗਰ ਸੋਚ ਦਾ ਹੋਣਾ ਵੀ ਜ਼ਰੂਰੀ ਹੈ।

ਬਲਰਾਮ ਦੇ ਨਾਟਕ ਵਿਚ ਭਗਤ ਸਿੰਘ ਦਾ ਰੂਪ ਇਕ ਚੇਤੰਨ ਰਾਜਸੀ ਵਿਚਾਰਧਾਰਕ ਵਾਲਾ ਹੋ ਕੇ ਉਭਰਦਾ ਹੈ। ਉਹ ਗਾਂਧੀ ਜਾਂ ਸਮਕਾਲੀ ਲੀਡਰਾਂ ਨੂੰ ਐਵੇਂ ਹੀ ਨਹੀਂ ਦੁਰਕਾਰ ਦਿੰਦਾ। ਉਹ ਸਮਕਾਲੀ ਰਾਜਸੀ ਲੀਡਰਾਂ ਦਾ ਤਰਕ ਸਹਿਤ ਵਿਸ਼ਲੇਸ਼ਣ ਕਰਦਾ ਹੈ। ਉਦਾਹਰਣ ਦੇ ਤੌਰ ਤੇ ਉਹ ਗਾਂਧੀ ਦੇ ਪ੍ਰਸਿਧ ਭਜਨ "ਵੈਸ਼ਨ ਜਨ ਤੋ ਤੋਹੇ ਕਹੀਏ, ਜੋ ਪੀਰ ਪਰਾਈ ਜਾਨੇ ਰੇ" ਨੂੰ ਜਤਿਨ ਦਾਸ ਦੀ ਮੌਤ ਤੇ ਢੁਕਾ ਕੇ ਕਟਾਕਸ਼ ਕਰਦਾ ਹੈ ਕਿ ਪਰਾਇਆਂ ਦੀ ਹੀ ਕਿਓਂ? ਆਪਣਿਆਂ ਦੀ ਪੀੜ ਕੀ ਪੀੜ ਨਹੀਂ ਹੁੰਦੀ? ਨਾਟਕਕਾਰ ਮਹਾਤਮਾ ਨੂੰ ਉਸਦੀ ਅਪਣੇ ਵਿਚਾਰਧਾਰਾ ਵਿਚ ਰਖਕੇ ਹੀ ਉਸਦਾ ਖੰਡਨ ਕਰਦਾ ਹੈ। ਨਾਟਕਕਾਰ ਨੇ ਭਗਤ ਸਿੰਘ ਅਤੇ ਉਸਦੇ ਵਿਰੋਧੀ ਵਿਚਾਰਧਾਰਾ ਰਖਦੇ ਪਾਤਰਾਂ ਨੂੰ ਬੜੇ ਸਮਤੋਲ ਨਾਲ ਸਿਰਜਿਆ ਹੈ, ਜਿਸ ਵਿਚ ਮਹਾਤਮਾ ਗਾਂਧੀ ਅਤੇ ਲਾਲਾ ਲਾਜਪਤ ਰਾਏ ਦੀ ਭਗਤ ਸਿੰਘ ਨਾਲ ਵਿਚਾਰਧਾਰਕ ਟੱਕਰ ਵੀ ਹੈ ਉਸਦੇ ਨਾਲ ਹੀ ਉਠ ਰਹੀ ਕਮਿਊਨਿਸਟ ਲਹਿਰ ਵਲ ਬਰਤਾਨੀਆ ਸਰਕਾਰ ਦੇ ਨਜ਼ਰਈਏ ਨੂੰ ਵੀ ਪਰਗਟ ਕਰਦਾ ਹੈ।ਉਹ ਅਸੈਂਬਲੀ ਵਿਚ ਮੋਤੀ ਲਾਲ ਨਹਿਰੂ ਅਤੇ ਜਿਨਾਹ ਦੀ ਉਪਸਿਥਤਾ, ਪਰ ਉਹਨਾਂ ਵਲੋਂ ਕੁਝ ਨਾ ਕਰ ਸਕਣ ਦੀ ਅਸਮਰੱਥਤਾ 'ਤੇ ਵੀ ਉਂਗਲ ਉਠਾਉਂਦਾ ਹੈ। ਪਰ ਨਾਲ ਹੀ ਭਗਤ ਸਿੰਘ ਵਲੋਂ ਗਾਂਧੀ ਦੀ ਉਪਮਾ ਵੀ ਕਰਵਾਉਂਦਾ ਹੈ ਕਿ "ਅਸੀਂ ਮਹਾਤਮਾ ਦੇ ਪੈਰੋਕਾਰ ਤਾਂ ਨਹੀਂ ਪਰ ਉਸਦੇ ਰੋਲ ਨੂੰ ਉੱਕਾ ਹੀ ਨਕਾਰ ਦੇਈਏ, ਇੰਨੇ ਨਾ-ਸ਼ੁਕਰੇ ਵੀ ਨਹੀਂ"।

ਨਾਟਕਕਾਰ ਨੇ ਭਗਤ ਸਿੰਘ ਦਾ ਉਹੋ ਪਾਤਰ ਚਿਤਰਿਆ ਹੈ ਜੋ ਉਹ ਅਸਲ ਵਿਚ ਸੀ। ਇੰਨੀ ਛੋਟੀ ਉਮਰੇ ਉਸਦੀ ਰਾਜਸੀ ਚੇਤਨਾ ਉਸਦੇ ਸਮਕਾਲੀ ਪਰੌੜ ਰਾਜਸੀ ਨੇਤਾਵਾਂ ਨੂੰ ਜੋ ਮਾਤ ਪਾਉਂਦੀ ਹੈ ਇਹ ਹੈਰਾਨ ਕਰਨ ਵਾਲੀ ਹੈ। ਜੇਲ੍ਹ ਵਿਚ ਭੁੱਖ-ਹੜਤਾਲ ਦੌਰਾਨ ਅਪਣੇ ਪਿਤਾ ਕਿਸ਼ਨ ਸਿੰਘ ਨੂੰ ਸਮਝਾਉਂਦਿਆਂ ਕਹਿੰਦਾ ਹੈ "...ਪਰ ਇਤਿਹਾਸ ਤੋਂ ਅਖਾਂ ਮੀਚ ਨਹੀਂ ਸਕਦੇ ਅਸੀਂ। ਗ਼ਦਰੀਆਂ ਨਾਲ ਕੀ ਹੋਇਆ ਸੀ ...ਇਸ ਸਭ ਟਪਲੇਬਾਜ਼ੀ ਹੈ ...ਅਸੀਂ ਸਿਰਫ਼ ਰੋਟੀ-ਕਪੜਾ ਨਹੀਂ ਮੰਗਦੇ। (ਸਾਨੂੰ) ਉਹ ਮਿਆਰ ਚਾਹੀਦਾ ਹੈ ਜੋ ਸਾਰੀਆਂ ਅਜ਼ਾਦ ਕੌਮਾਂ ਦਾ ਹੱਕ ਹੈ...ਖ਼ੁਰਾਕ ਦੀ ਗੱਲ ਨਹੀਂ, ਵਿਚਾਰ ਦੀ ਗੱਲ ਹੈ"।

ਇਨਕਲਾਬ ਬਾਰੇ ਭਗਤ ਸਿੰਘ ਦੀ ਸੋਚ ਦਾ ਪ੍ਰਗਟਾਅ ਨਾਟਕਕਾਰ ਇਸਤਰ੍ਹਾਂ ਕਰਦਾ ਹੈ "ਇਨਕਲਾਬ ਕੋਈ ਮੌਤ ਨਾਲ ਪਿਅਰ ਨਹੀਂ, ਨਾ ਹੀ ਬੰਬ-ਬੰਦੂਕਾਂ ਦਾ ਰਾਹ ਜੋ ਫਾਂਸੀ ਦੇ ਫੰਦੇ ਤੇ ਜਾ ਕੇ ਮੁਕਦਾ ਹੈ ਇਹ ਲੋਕਾਂ ਵਿਚ ਰਹਿਕੇ ਲੋਕਾਂ ਵਿਚ ਜਿਊਣ ਦਾ ਨਾਂ ਹੈ"।

ਇਹ ਨਾਟਕਕਾਰ ਵਲੋਂ ਇਤਿਹਾਸ ਦੀ ਡੂੰਘੀ ਘੋਖ ਦਾ ਹੀ ਸਿੱਟਾ ਹੈ ਜਦੋਂ ਉਹ ਗਾਂਧੀ ਅਤੇ ਵਾਇਸਰਾਏ ਵਲੋਂ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਫਾਂਸੀ ਦੀ ਸਜ਼ਾ ਨੂੰ ਲੈ ਕੇ ਹੋਈ ਬਾਤਚੀਤ ਵਿਚ ਗਾਂਧੀ ਵਲੋਂ ਦੇਸੀ ਸਰਮਾਏਦਾਰੀ ਦਾ ਪੱਖ ਪੂਰਨ ਦੇ ਦੂਹਰੇ ਰੋਲ ਨੂੰ ਨੰਗਿਆਂ ਕਰਦਾ ਹੈ।

ਆਖਰੀ ਸੀਨ ਵਿਚ ਨਾਟਕਕਾਰ ਬਲਰਾਮ ਅਪਣੀ ਗੱਲ ਕਹਿਣ ਲਈ ਇਕ ਫੈਂਟਸੀ ਵਾਲੀ ਸਥਿਤੀ ਘੜਦਾ ਹੈ ਜਿਸ ਵਿਚ ਗਾਂਧੀ ਅਤੇ ਭਗਤ ਸਿੰਘ ਅਪਣੀ ਅਪਣੀ ਸੋਚ ਦਾ ਇਕ ਦੂਜੇ ਨਾਲ ਗਲਬਾਤ ਕਰਦੇ ਹੋਏ ਆਤਮ-ਵਿਸ਼ਲੇਸ਼ਣ ਕਰਦੇ ਹਨ:

ਭਗਤ ਸਿੰਘ : ਮੈਨੂੰ ਪਤਾ ਸੀ... ਕਾਮਯਾਬ ਨਹੀਂ ਹੋਣੇ ਤੁਹਾਡੇ ਤਜਰਬੇ...।

ਗਾਂਧੀ : (ਮੁਸਕ੍ਰਾਕੇ) ਕਾਮਯਾਬੀ ਹੀ ਤੋ ਸਬ ਕੁਛ ਨਹੀਂ।

ਭਗਤ ਸਿੰਘ : ਤਜਰਬੇ ਤਾਂ ਸਾਡੇ ਵੀ ਕਾਮਯਾਬ ਨਹੀਂ...

ਗਾਂਧੀ : ਚਲਤੇ ਰਹਿਨਾ ਹੋਗਾ...।

ਭਗਤ ਸਿੰਘ : ਬੋਲੀਆਂ ਰੂਹਾਂ ਨੂੰ ਸੁਣਾਉਨ ਦਾ ਕੋਈ ਰਾਹ...

ਗਾਂਧੀ : ...ਢੂੰਡਣਾ ਹੀ ਹੋਗਾ...।

ਭਗਤ ਸਿੰਘ : ਪਰ ਉਹ ਗੋਲੀ...

ਗਾਂਧੀ : ਜੋ ਮੁਝੇ ਲਗੀ...? (ਹਸਦਾ ਹੈ) ...ਅੰਗਰੇਜ਼ੋਂ ਕੀ ਨਹੀ ਥੀ...

ਭਗਤ ਸਿੰਘ : ਅੰਗਰੇਜ਼ ਕੀ ਨਹੀਂ?

ਗਾਂਧੀ : ਤੁਮਹੇਂ ਕੈਸੇ ਲਗਤਾ ਹੈ ਕਿ ਕਤਲੋ-ਗਾਰਦ ਕਾ ਹੁਨਰ ਸਿਰਫ਼ ਅੰਗਰੇਗ਼ ਜਾਨਤੇ ਹੈਂ?

ਉਪਰੋਕਿਤ ਗਲ-ਬਾਤ ਬਹੁਤ ਹੀ ਅਰਥ ਭਰਪੂਰ ਹੈ। ਇਸ ਸੰਵਾਦ ਦੀਆਂ ਕਈ ਸੇਧਾਂ (Dimensions) ਹਨ। ਇਹ ਸੰਵਾਦ ਇਕੋ ਸਮੇਂ ਭੂਤ, ਵਰਤਮਾਨ ਅਤੇ ਭਵਿੱਖ ਵਿਚ ਵਿਚਾਰ ਦਾ ਸੰਚਾਰ ਕਰਦਾ ਹੈ। ਇਸ ਸੰਵਾਦ ਨੇ ਨਾਟਕ ਨੂੰ ਯੂਨੀਵਰਸਲ ਬਣਾ ਦਿਤਾ ਹੈ।

ਅੰਤ ਵਿਚ ਮੈਂ ਨਾਟਕ ਦੇ ਰੂਪਕ ਪੱਖ ਬਾਰੇ ਗੱਲ ਕਰਨੀ ਚਾਹਵਾਂਗਾ। ਇਤਿਹਾਸ ਵਿਚੋਂ

ਕਿਸੇ ਘਟਨਾ ਨੂੰ ਲੈ ਕੇ ਸਾਹਿਤਕ ਰਚਨਾ ਕਰਨੀ ਬਹੁਤ ਹੀ ਮੁਸ਼ਕਿਲ ਕਾਰਜ ਹੈ। ਲੇਖਕ ਇਤਿਹਾਸ ਨਾਲ ਖਿਲਵਾੜ ਨਹੀਂ ਕਰ ਸਕਦਾ।ਪਰ ਇਤਿਹਾਸ ਨੂੰ ਸਾਹਿਤ ਵਿਚ ਢਾਲਣਾ ਵੀ ਜ਼ਰੂਰੀ ਹੈ। ਪਰ ਅਜੇਹਾ ਕਰਦੇ ਸਮੇਂ ਇਕ ਸ਼ਰਤ ਲੇਖਕ ਲਈ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ ਕਿ ਉਹ ਇਤਿਹਾਸਕ ਵਿਸ਼ੇ ਨੂੰ ਅਪਣੇ ਯੁਗ ਦੀ ਲੋੜ ਵੀ ਬਣਾਵੇ। ਨਹੀਂ ਤਾਂ ਕੇਵਲ ਪਰੀਆਂ ਦੀਆਂ ਬਾਤਾਂ ਪਾਉਣ ਦੇ ਕੋਈ ਅਰਥ ਨਹੀਂ। ਖ਼ੁਸ਼ੀ ਦੀ ਗਲ ਹੈ ਕਿ ਨਾਟਕਕਾਰ ਨੇ ਇਸ ਪੱਖ ਵਲ ਪੂਰਾ ਧਿਆਨ ਦਿਤਾ ਹੈ। ਅਜਿਹਾ ਕਰਨ ਲਈ ਉਸਨੇ ਫੈਂਟਸੀ ਦੀ ਵਿਧਾ ਅਪਣਾਈ ਹੈ। ਉਸਨੇ ਭਗਤ ਸਿੰਘ ਦੇ ਸਮੇਂ ਨੂੰ ਅਜੋਕੇ ਸਮੇਂ ਨਾਲ ਜੋੜਨ ਲਈ ਭਗਤ ਸਿੰਘ ਦੇ ਪਾਤਰ ਨੂੰ ਸੂਤਰਧਾਰ ਵਜੋਂ ਵੀ ਵਰਤਿਆ ਹੈ ਅਤੇ ਉਸਦੀ ਸਹਾਇਤਾ ਲਈ ਇਕ 'ਅਜਨਬੀ' ਨਾਂ ਦਾ ਪਾਤਰ ਵੀ ਘੜਕੇ ਖੜਾ ਕਰ ਦਿਤਾ ਹੈ।

ਨਾਟਕਕਾਰ ਨੇ ਜਿਸ ਸਥਾਨ ਨੂੰ ਨਾਟਕ ਵਿਚ ਦਰਸਾਇਆ ਹੈ ਉਹ ਇਕ ਮਿਊਜ਼ਮ ਹੈ। ਭਗਤ ਸਿੰਘ ਦਾ ਮਿਊਜ਼ਮ... ਪਾਤਰ ਭਗਤ ਸਿੰਘ ਅਪਣੇ ਸਾਥੀ (ਅਜਨਬੀ) ਨਾਲ ਮਿਊਜ਼ਮ ਵਿਚ ਦਾਖ਼ਲ ਤਾਂ ਹੋ ਜਾਂਦਾ ਹੈ ਪਰ ਉਸਨੂੰ ਬਾਹਰ ਨਿਕਲਣ ਦਾ ਰਾਹ ਨਜ਼ਰ ਨਹੀਂ ਆਉਂਦਾ। ਭਗਤ ਸਿੰਘ ਦੇ ਬਾਰੇ ਵਿਚ ਅਜ ਦਾ ਇਹ ਸੱਚਾ-ਸੁੱਚਾ ਬਿੰਬ ਹੈ। ਕੁਝ ਲੋਕ ਭਗਤ ਸਿੰਘ ਦੇ ਸਿਰ ਤੇ ਕੇਸਰੀ ਪੱਗ ਸਜਾ ਰਹੇ ਹਨ, ਜਿਸ ਰੰਗ ਦੀ ਉਸਨੇ ਕਦੀ ਵੀ ਨਹੀਂ ਬੰਨ੍ਹੀ। ਦੂਜੇ ਉਸਦੇ ਸਿਰ ਤੇ ਹੈਟ ਸਜਾ ਰਹੇ ਹਨ। ਭਗਤ ਸਿੰਘ ਨੂੰ ਧਰਮ ਅਤੇ ਜਾਤਾਂ-ਪਾਤਾਂ ਵਿਚ ਵੰਡਿਆ ਜਾ ਰਿਹਾ ਹੈ। ਉਸਦੀ ਗਲੋਬਲ ਸੋਚ ਨੂੰ ਕੌਮਪ੍ਰਸਤੀ ਤਕ ਸੀਮਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਭਗਤ ਸਿੰਘ ਫੈਸ਼ਨ ਵਜੋਂ ਕਾਰਾਂ, ਟਰੱਕਾਂ ਦੇ ਸ਼ੀਸ਼ਿਆਂ ਦਾ ਸ਼ਿੰਗਾਰ ਤਾਂ ਬਣ ਗਿਆ ਹੈ ਪਰ ਵੇਖਣਾ ਇਹ ਹੈ ਕਿ ਅਸੀਂ ਉਸਦੀ ਸੋਚ ਨੂੰ ਕਿੰਨਾ ਕੁ ਅਪਣਾਇਆ ਹੈ। ਭਗਤ ਸਿੰਘ ਨੂੰ ਪਰਾਏ ਤਾਂ ਨਹੀਂ ਮਾਰ ਸਕੇ। ਮਹਾਤਮਾ ਗਾਂਧੀ ਨੂੰ ਅਸਾਂ ਇਕੋ ਗੋਲੀ ਨਾਲ ਮਾਰ ਦਿਤਾ। ਪਰ ਭਗਤ ਸਿੰਘ ਨੂੰ ਅਸੀਂ ਕੋਹ-ਕੋਹ ਕੇ ਮਾਰ ਰਹੇ ਹਾਂ। ਚੰਗਾ ਹੋਵੇਗਾ ਜੇ ਅਸੀਂ ਭਗਤ ਸਿੰਘ ਨੂੰ ਵੰਨ-ਸੁਵੰਨੇ ਅਜਾਇਬ ਘਰਾਂ ਵਿਚੋਂ ਕੱਢਕੇ ਉਸਦੀ ਸੋਚ ਨੂੰ ਸਾਹਿਤ ਵਿਚ ਸੰਭਾਲ ਸਕੀਏ। ਸਾਹਿਤ ਜੋ ਕਿਸੇ ਵੀ ਰੂਪ ਵਿਚ ਲੋਕਾਂ ਤੀਕ ਪਹੁੰਚ ਬਣਾ ਲੈਂਦਾ ਹੈ। ਇਸ ਤਰ੍ਹਾਂ ਭਗਤ ਸਿੰਘ ਜੋ ਲੋਕਾਂ ਦਾ ਸੀ, ਲੋਕਾਂ ਦਾ ਹੈ, ਉਹ ਲੋਕਾਂ ਤੀਕ ਪਹੁੰਚਦਾ ਰਹੇਗਾ।

ਬਲਰਾਮ ਬੋਧੀ ਦਾ ਤੁਹਾਡੇ ਹਥ ਵਿਚਲਾ ਇਹ ਨਾਟਕ ਇਸ ਦਿਸ਼ਾ ਵਲ ਇਕ ਅਜੇਹਾ ਹੀ ਸੁਚੇਤ ਅਤੇ ਸੁਚੱਜਾ ਯਤਨ ਹੈ।

ਦਵਿੰਦਰ ਦਮਨ
HM-90, Sector 59 (Phase 4)
Mohali, Punjab. 160059.
Mobile: 9855109660.
e-mail: davinderdaman@gmail.com

## ਪਾਤਰਾਂ ਦੀ ਜਾਣ-ਪਛਾਣ

ਅਜਨਬੀ : ਇੱਕ ਤਰ੍ਹਾਂ ਦਾ ਸੂਤਰਧਾਰ ਹੈ।
ਭਗਤ ਸਿੰਘ : ਰਾਜਗੁਰੂ : ਸੁਖਦੇਵ : ਚੰਦਰਸ਼ੇਖਰ ਆਜ਼ਾਦ, ਕਸ਼ਮੀਰੀ, ਜੈ ਗੋਪਾਲ,
ਜਤਿਨ ਦਾਸ : ਬੰਗਾਲੀ ਇਨਕਲਾਬੀ ਜਿਹੜਾ ਭੁੱਖ ਹੜਤਾਲ ਦਰਮਿਆਨ ਸ਼ਹੀਦ ਹੋਇਆ।

ਮਹਾਤਮਾ ਗਾਂਧੀ
ਕਿਸ਼ਨ ਸਿੰਘ : ਭਗਤ ਸਿੰਘ ਦੇ ਪਿਤਾ
ਕੁਲਤਾਰ : ਭਗਤ ਸਿੰਘ ਦਾ ਛੋਟਾ ਭਰਾ
ਵਾਇਸਰਾਏ : ਇਰਵਨ, ਜੋ ਕਿ ਉਸ ਸਮੇਂ ਹਿੰਦੋਸਤਾਨ 'ਚ ਅੰਗ੍ਰੇਜ਼ ਹਕੂਮਤ ਦਾ ਮੁਖੀ ਸੀ।
ਜੇਮਜ਼, ਡੇਵਿਡ, ਐਮਰਸਨ, ਸਕਾਟ, ਤੇ ਹੋਰ ਅੰਗ੍ਰੇਜ਼ ਅਫ਼ਸਰ ਤੇ ਸਿਪਾਹੀ।

ਸਾਂਡਰਸ ਦੀ ਮੰਗੇਤਰ ਕੁੜੀ
ਦੁਰਗਾ ਭਾਬੀ : ਇਨਕਲਾਬੀ ਸਾਥਣ ਜਿਨ੍ਹਾਂ ਦੇ ਨਾਲ ਭਗਤ ਸਿੰਘ ਨੇ ਲਾਹੌਰ ਤੋਂ ਕਲਕੱਤੇ ਤਕ ਦਾ ਸਫ਼ਰ ਕੀਤਾ।

# ਸ਼ਹਾਦਤ

*(ਗੀਤ ਦੇ ਬੋਲਾਂ ਦੇ ਨਾਲ ਨਾਲ ਭਗਤ ਸਿੰਘ ਤੇ ਅਜਨਬੀ ਮਿਊਜ਼ੀਅਮ 'ਚ ਘੁੰਮਦੇ ਹਨ। ਉੱਥੇ ਭਗਤ ਸਿੰਘ ਨਾਲ ਸੰਬੰਧਿਤ ਚੀਜ਼ਾਂ ਪਈਆਂ ਹਨ।)*

ਗੀਤ : ਸੁਣ ਸੱਜਣਾ ਉਨ੍ਹਾਂ ਮਰਨਾ ਨਹੀਂ ਜੋ ਗਏ ਕਾਲ ਤੋਂ ਪਾਰ, ਮੌਤ ਵਿਚਾਰੀ ਹਰ ਪਲ ਹਾਰੀ ਉਹ ਗਏ ਮੌਤ ਨੂੰ ਮਾਰ।

ਅਜਨਬੀ : ਵਾਹ ਭਗਤ ਸਿਆਂ..., ਬੜੀ ਚੜ੍ਹਾਈ ਏ ਵਈ। ਹੈਂਅ!

ਭਗਤ ਸਿੰਘ : *(ਗੁਣਗੁਣਾਂਦੇ ਹੋਏ)* ਮੈਂ ਵੋ ਮਜਨੂੰ ਹੂੰ ਜੋ ਹਰ ਕੈਦ ਮੇਂ ਆਜ਼ਾਦ ਰਹਾ।

*(ਦੋਹਾਂ ਦੀਆਂ ਨਜ਼ਰਾਂ ਮਚਾਨ 'ਤੇ ਪੈਂਦੀਆਂ ਹਨ। ਪਿੱਛੋਂ ਆਵਾਜ਼ਾਂ ਰਾਹੀਂ ਬਦਲਦੇ ਦੌਰ ਦੇ ਦ੍ਰਿਸ਼ ਉਭਰਦੇ ਹਨ। ਸ਼ੋਰ ਦੇ ਨਾਲ-ਨਾਲ ਕੁਝ ਲੋਕ ਪੁਰਾਣੇ ਝੰਡੇ, ਸ਼ਾਹੀ ਤਾਜ ਤੇ ਹੋਰ ਤਵਾਰੀਖੀ ਸਮਾਨ ਲੈ ਕੇ ਲੰਘਦੇ ਹਨ।)*

ਭਗਤ ਸਿੰਘ : ਬਾਹਰ ਦਾ ਰਾਹ ਕਿੱਧਰ ਹੈ।

ਅਜਨਬੀ : ਜਿੱਥੋਂ ਅੰਦਰ ਆਇਆ। *(ਦੋਹੇਂ ਲੱਭਦੇ ਹਨ।)*

ਕੋਰਸ : ਰਾਜ ਬਣਦੇ ਨੇ ਖੁਰ ਜਾਂਦੇ ਨੇ, ਘੁਣ ਖਾ ਜਾਂਦਾ ਹੈ ਤਾਜੋ ਤਖਤ ਦੇ ਪਾਵਿਆਂ ਨੂੰ ਹਾਕਮਾਂ ਦੇ ਨਾਮ ਧੁੰਦਲੇ ਪੈਂਦੇ ਅਤੇ ਧੁਲ ਜਾਂਦੇ ਨੇ। ਪਨਾਹ ਮੰਗਦੇ ਤਾਰੀਖ ਦੀਆਂ ਜਿਲਦਾਂ 'ਚ *(ਗਹਿਮ ਗਹਿਮੀ ਦੀਆਂ ਆਵਾਜ਼ਾਂ-)* ਧੁਆਖੀਆਂ... ਰੋਣਹਾਕੀਆਂ ਅਲਮਾਰੀਆਂ ਅੰਦਰ, ਜਿਨ੍ਹਾਂ ਵੱਲ ਜ਼ਿੰਦਗੀ ਕਦੇ ਨਹੀਂ ਝਾਕਦੀ, ਖਹਿੰਦੀ ਵੀ ਨਹੀਂ, ਦੂਰੋਂ ਲੰਘ ਜਾਂਦੀ ਏ ਪਾਸਾ ਵੱਟ ਕੇ..., ਗਾਂਹ...। ਹਾਕਮ..., ਆਲਮ..., ਸਭ ਆਉਂਦੇ ਨੇ ਤੁਰ ਜਾਂਦੇ ਨੇ।

ਅਜਨਬੀ : *(ਭਗਤ ਸਿੰਘ ਨੂੰ)* ਵੇਖ ਲੈ, ਇਹ ਉਹੀ ਜਗ੍ਹਾ ਹੈ ਨਾ, ਧਿਆਨ ਨਾਲ ਦੇਖ-ਉਹੀ ਰਾਹ।

ਭਗਤ ਸਿੰਘ : ਬਾਹਰ ਦਾ ਰਾਹ।

ਅਜਨਬੀ : ਪੌੜੀ ਤਾਂ ਉਹੀ ਹੈ, ਉਪਰ ਜਾਣਾ ਜਾਂ ਥੱਲੇ ਫੈਸਲਾ ਤੇਰਾ। ਦੇਖ-ਦੇਖ।

*(ਪੂਰੇ ਮੰਚ 'ਤੇ ਤੇਜੀ ਨਾਲ ਘੁੰਮਦਾ ਹੈ। ਚਾਰੇ ਪਾਸਿਓਂ ਵੱਖ-ਵੱਖ ਝੰਡਿਆਂ ਅਤੇ ਬੈਨਰਾਂ ਵਾਲੇ ਲੋਕ ਭਗਤ ਸਿੰਘ ਨੂੰ ਘੇਰ ਲੈਂਦੇ ਹਨ। ਅਲੱਗ-ਅਲੱਗ ਕਿਰਦਾਰਾਂ ਦੇ ਨਾਲ ਭਗਤ ਸਿੰਘ ਦੀਆਂ ਤਸਵੀਰਾਂ ਵੀ ਹਨ। ਕੁਝ ਪ੍ਰਚਲਿਤ ਕੌਮੀ 'ਤੇ ਧਾਰਮਿਕ ਨਿਸ਼ਾਨ।)*

ਕੋਰਸ : ਸ਼ਹੀਦ ਜੋ ਜੰਮਦੇ ਸਦਾ... ਮੌਤ ਦੀ ਕੁੱਖ 'ਚੋਂ। ਰਾਜ ਕਰਦੇ ਨੇ ਲਰਜ਼ਦੀਆਂ ਸੂਲੀਆਂ ਤੋਂ, ਝੂਲਦੇ ਫੰਦਿਆਂ ਤੋਂ, ਮੀਨਾਰਾਂ ਤੋਂ ਮਕਬਰਿਆਂ ਤੋਂ ਧੜਕਦੇ, ਜੋ ਹਮੇਸ਼ਾ ਜਿਉਂਦੀਆਂ ਹਿੱਕਾਂ ਦੇ ਅੰਦਰ, ਲਾਟ ਬਣ ਕੇ ਘੁੰਮਦੀਆਂ ਚਰਖੜੀਆਂ ਤੋਂ, ਤੇਜ਼ ਰੋਅ ਆਰਿਆ ਤੋਂ ਔਲ੍ਹਦੇ, ਵਿਚਾਰਾਂ ਨੂੰ ਜਜ਼ਬਿਆਂ ਨੂੰ ਹਿਲੂਣ ਜਾਂਦੇ, ਇੰਝ ਸ਼ਹੀਦ ਜੰਮਦੇ, ਤੇ ਤਵਾਰੀਖ ਘੁਟਨੇ ਦੇਕ ਦਿੰਦੀ..., ਰਾਜ ਕਰਦੇ ਸ਼ਹੀਦ ਉਸ ਦੇ ਮੋਢਿਆਂ 'ਤੇ ਸਵਾਰ ਹੋ... ਲੈ ਕੇ ਹੱਥਾਂ ਵਿਚ ਉਸ ਦੀ ਲਗਾਮ..., ਹਿੱਕਦੇ ਉਸ ਨੂੰ ਸੁਫਨਿਆਂ ਦੀ ਦਿਸ਼ਾ ਵੱਲ। ਸ਼ਹੀਦ ਜੰਮਦੇ ਸਦਾ ਮੌਤ ਦੀ ਕੁੱਖ ਚੋਂ।

*(ਭਗਤ ਸਿੰਘ ਹੈਰਾਨ ਪਰੇਸ਼ਾਨ ਉਨ੍ਹਾਂ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕਰਦਾ ਹੈ। ਕਾਮਯਾਬ ਨਹੀਂ ਹੁੰਦਾ। ਅਜਨਬੀ ਵੀ ਮਦਦ ਦੀ ਨਕਾਮ ਕੋਸ਼ਿਸ਼ ਕਰਦਾ ਹੈ। ਭਗਤ ਸਿੰਘ ਇੱਕਲੇ-ਇੱਕਲੇ ਦਾ ਮਾਸਕ ਉਲਟ-ਪੁਲਟ ਕੇ ਦੇਖਦਾ ਹੈ ਤੇ ਫੇਰ ਨਿਰਾਸ਼ ਹੋ ਕੇ ਅਜਨਬੀ ਨੂੰ ਆਵਾਜ਼ਾਂ ਮਾਰਦਾ ਹੈ।)*

ਭਗਤ ਸਿੰਘ : ਇਹ ਤੂੰ ਮੈਨੂੰ ਕਿੱਥੇ ਫਸਾ ਦਿੱਤਾ... ਕੱਢ ਇੱਥੋਂ...।

ਅਜਨਬੀ : *(ਕੋਰਸ ਤੋਂ ਧੱਕੇ ਖਾਂਦਾ ਹੈ।)* ਮੈਂ ਕੀ ਕਰ ਸਕਦਾਂ... ਤੇਰੀ ਆਪਣੀ ਓ ਸਹੇੜ ਹੈ।

ਗੀਤ : ਗੋਰਾ ਮਾਰਿਆ ਹੋ ਸਿਖਰ ਦੁਪਿਹਰੇ, ਹੋ ਗੋਰਾ ਮਾਰਿਆ।
ਕਿ ਥਰ-ਥਰ ਕੰਬੇ ਧਰਤੀ ਲੰਦਨ ਦੀ- ਲੰਦਨ ਦੀ!
ਸੇਹਰਾ ਲਾ ਲਿਆ ਸਵਾਰੀ ਸਜ ਗਈ-ਸੇਹਰਾ ਲਾ ਲਿਆ।
ਕਿ ਮੌਤ ਵਾਲੀ ਘੋੜੀ ਚੜਨਾ-ਸੱਜਣ ਜੀ--।

*(ਕੋਰਸ ਵਾਲੇ ਚਲੇ ਜਾਂਦੇ ਹਨ। ਭਗਤ ਸਿੰਘ ਇਕ ਪਾਸੇ ਜਾ ਕੇ ਸਿਰ ਫੜ ਕੇ ਬੈਠ ਜਾਂਦਾ ਹੈ। ਅਜਨਬੀ ਉਸ ਕੋਲ ਜਾਂਦਾ ਹੈ।)*

ਅਜਨਬੀ : ਸਦੀ ਬੀਤ ਗਈ, ਪਰ ਲੰਦਨ ਅੱਜ ਵੀ ਕੰਬ ਰਿਹਾ...। *(ਭਗਤ ਸਿੰਘ ਮੂੰਹ ਮੋੜ ਲੈਂਦਾ ਹੈ।)* ਤੂੰ ਖੁਸ਼ ਨਹੀਂ...?

ਭਗਤ ਸਿੰਘ : ਕਿਸੇ ਨੂੰ ਡਰਿਆ ਦੇਖ ਕੇ..., ਕੋਈ ਖੁਸ਼ ਕਿਵੇਂ ਹੋ ਸਕਦਾ...?

ਅਜਨਬੀ : *(ਹੈਰਾਨ)* ਤੂੰ ਤੇ ਡਰਾਉਣਾ ਚਾਹੁੰਦਾ ਸੀ ਨਾ ਉਨ੍ਹਾਂ ਨੂੰ...

ਉਨ੍ਹਾਂ ਦੀਆਂ ਅੱਖਾਂ 'ਚ ਖੌਫ਼ ਦੇਖਣਾ...।

ਭਗਤ ਸਿੰਘ : *(ਕੱਟ ਕੇ)* ਮੈਂ ਕੋਈ ਦਹਿਸ਼ਤਗਰਦ ਨਹੀਂ... ਇਨਕਲਾਬੀ ਹਾਂ, ਜਿਸ ਦਾ ਦਿਲ ਦੁਨੀਆਂ ਭਰ ਕੇ ਮਜ਼ਲੂਮਾਂ ਲਈ ਧੜਕਦਾ ਤੇ... ਤੜਪਦਾ ਏ...!

ਅਜਨਬੀ : *(ਸੈੱਟ ਉੱਤੋਂ ਉਤਾਰ ਕੇ ਸਾਂਡਰਸ ਦੇ ਕਤਲ ਵਾਲਾ ਪੋਸਟਰ ਲੈ ਕੇ ਆਉਂਦਾ ਹੈ।)* ਇਹ ਦੇਖ..., 'ਲਾਲਾ ਜੀ ਦੀ ਮੌਤ ਦਾ ਬਦਲਾ..., ਕੌਮੀ ਬੇਜਤੀ ਦਾ ਬਦਲਾ..., ਸਾਂਡਰਸ ਮਾਰ ਦਿੱਤਾ ਗਿਆ...।'

ਭਗਤ ਸਿੰਘ : *(ਪੋਸਟਰ ਖੋਹ ਲੈਂਦਾ ਹੈ।)* ਹਾਂ-ਹਾਂ ਮੈਂ ਇਹ ਕੀਤਾ..., ਪਰ ਕਿਸੇ ਨੂੰ ਡਰਾਉਣ ਲਈ ਨਹੀਂ, ...ਸਗੋਂ, ਡਰ ਨੂੰ ਤੋੜਨ ਲਈ...

*(ਪਿਛੋਕੜ ਚੋਂ 'ਸਾਈਮਨ ਕਮਿਸ਼ਨ ਗੋ ਬੈਕ'-2- ਦੀਆਂ ਆਵਾਜ਼ਾਂ, ਲਾਠੀਚਾਰਜ ਤੇ ਚੀਖਾਂ ਉਭਰਦੀਆਂ ਹਨ। ਭਗਤ ਸਿੰਘ ਦੇ ਤੇਵਰ ਬਦਲਦੇ ਹਨ।)* ਜ਼ਰੂਰੀ ਸੀ..., ਕ੍ਰਾਂਤੀ ਦੀ ਵੇਦੀ ਖੂਨ ਮੰਗਦੀ ਐ।

ਅਜਨਬੀ : *(ਰੋਕਦੇ ਹੋਏ ਜਿਵੇਂ ਅਤੀਤ ਵਿੱਚ ਜਾਣ ਤੋਂ ਰੋਕ ਰਿਹਾ ਹੋਵੇ।)* ਇਹ ਕੋਈ ਦੇਸ਼-ਭਗਤੀ ਨਹੀਂ ਦੁਸ਼ਮਨ ਦੇ ਹਥਿਆਰਾਂ ਨਾਲ ਦੁਸ਼ਮਨ ਨੂੰ...। *(ਪਿਛੋਕੜ ਦੀਆਂ ਆਵਾਜ਼ਾਂ ਭਾਰੂ ਪੈਂਦੀਆਂ ਹਨ। ਰੌਸ਼ਨੀ ਮੱਧਮ ਹੁੰਦੀ ਹੈ। ਭਗਤ ਸਿੰਘ ਬਾਂਹ ਛੁਡਾ ਕੇ ਬਾਹਰ ਵੱਲ ਭੱਜਦਾ ਹੈ।)* ਦੇਖ ਭਗਤ ਜਜ਼ਬਿਆਂ ਦੀ ਕੋਈ ਉਮਰ ਨਹੀਂ ਹੁੰਦੀ। ਇਨ੍ਹਾਂ ਦੇ ਬਹਾਵ ਵਿੱਚ ਆ ਕੇ ਤੂੰ।...

*(ਉਸ ਦੇ ਪਿੱਛੇ ਜਾਂਦਾ ਹੈ। ਪਿਛੋਕੜ ਦੀਆਂ ਆਵਾਜ਼ਾਂ ਹੋਰ ਉੱਚੀ ਹੁੰਦੀਆਂ ਹਨ। ਫ਼ਾਇਰਾਂ ਦੀ ਆਵਾਜ਼ ਦੇ ਨਾਲ ਹੀ ਸੰਨਾਟਾ ਛਾ ਜਾਂਦਾ ਹੈ। ਰਾਜਗੁਰੂ ਫ਼ਾਇਰ ਕਰਦਾ ਹੋਇਆ ਮੰਚ 'ਤੇ ਆਉਂਦਾ ਹੈ। ਪਿੱਛੇ ਭਗਤ ਸਿੰਘ...।)*

ਗੀਤ : ਥਰ-ਥਰ ਕੰਬੇ ਧਰਤੀ-ਲੰਦਨ ਦੀ...।

ਭਗਤ ਸਿੰਘ : ਇਹ ਤੂੰ ਕੀ ਕੀਤਾ....। ਉਹ ਤੇ ਸਕਾਟ ਨਹੀਂ ਸੀ।

ਰਾਜਗੁਰੂ : ਸੀ ਤੇ ਉਸੇ ਮਸ਼ੀਨਰੀ ਦਾ ਹਿੱਸਾ।

*(ਭਗਤ ਸਿੰਘ ਫੇਰ ਉਸੇ ਦਿਸ਼ਾ 'ਚ ਕੁਝ ਫ਼ਾਇਰ ਕਰਦਾ ਹੈ। ਦੋਹੇਂ ਬਾਹਰ ਵੱਲ ਦੌੜਦੇ ਹਨ। ਪਿੱਛੋਂ ਇਕ ਅੰਗਰੇਜ਼ ਆਫ਼ੀਸਰ ਆਉਂਦਾ ਹੈ। ਦੂਜੇ ਪਾਸਿਓਂ ਚੰਦਰਸ਼ੇਖਰ ਉਸ 'ਤੇ ਫ਼ਾਇਰ ਕਰਦਾ ਹੈ। ਉਹ ਪਿਛਲੇ ਪੈਰੀਂ ਵਾਪਿਸ ਮੁੜ ਜਾਂਦਾ ਹੈ। ਸੰਨਾਟਾ। ਥੋੜੀ ਦੇਰ ਬੁਝਦੀ ਰੌਸ਼ਨੀ 'ਚ ਪੁਲਿਸ ਦੀਆਂ ਮੂਵਮੈਂਟਸ)*

*(ਮੁੜ ਰੌਸ਼ਨੀ ਹੁੰਦੀ ਹੈ। ਭਗਤ ਸਿੰਘ ਆਉਂਦਾ ਹੈ ਤੇ ਪੋਸਟਰ ਉਤਾਰ ਕੇ ਦੇਖਦਾ ਹੈ। ਦੂਰ ਖਲਾ 'ਚ ਦੇਖਦਾ ਹੋਇਆ ਲੰਮਾ ਹੌਂਕਾ ਭਰਦਾ ਹੈ। ਰਾਜਗੁਰੂ ਆਉਂਦਾ ਹੈ।)*

ਭਗਤ ਸਿੰਘ : ਤੂੰ...। *(ਰਾਜਗੁਰੂ ਦੂਜੇ ਪਾਸੇ ਦੇਖਣ ਲੱਗਦਾ ਹੈ।)* ਪੋਸਟਰਾਂ ਦਾ ਕੀ ਬਣਿਆ...?

ਰਾਜ : ਉਹ ਸਭ ਹੋ ਜਾਏਗਾ...। *(ਰਾਜਗੁਰੂ ਠਿਠੁਰਦਾ ਹੈ।)* ਅਸੀਂ ਆਪਣਾ ਕੰਮ ਕਰ ਦਿੱਤਾ। ਉਹ ਸਮਝ ਜਾਣਗੇ-ਹਿੰਦੁਸਤਾਨ ਦੇ ਨੌਜਵਾਨਾਂ ਦਾ ਖ਼ੂਨ ਹਾਲੇ ਠੰਡਾ ਨਹੀਂ ਹੋਇਆ। *(ਭਗਤ ਸਿੰਘ ਨੂੰ ਚੁੱਪ ਦੇਖ ਕੇ ਉਸ ਵੱਲ ਵਧਦਾ ਹੈ।)* ਸਰਦੀ ਬਹੁਤ ਏ...।

ਭਗਤ ਸਿੰਘ : ਤੂੰ ਹੈ ਕਿੱਥੇ ਸੀ? *(ਗੁਮਸੁਮ)*

ਰਾਜ : ਸਾਹਮਣੇ ਮਸਾਣਾਂ 'ਚ। ਚਿਤਾ ਸੇਕ ਰਿਹਾ ਸੀ। ਘਰ ਵਿੱਚ ਤੇ ਬਾਲਣ ਨੂੰ ਵੀ ਕੁਝ ਨਹੀਂ।

*(ਦੋਹੇ ਸ਼ਮਸ਼ਾਨ ਦੀ ਦਿਸ਼ਾ ਵੱਲ ਦੇਖਦੇ ਹਨ।)*

*(ਸੁਖਦੇਵ ਆਉਂਦਾ ਹੈ।)*

ਸੁਖਦੇਵ : ਸਰਕਾਰ ਹਿੱਲ ਗਈ ਏ..., ਬੁਰੀ ਤਰ੍ਹਾਂ। ਤੁਸੀਂ ਫਟਾਫਟ ਤਿਆਰੀ ਕਰੋ। ਛੇਤੀ ਤੋਂ ਛੇਤੀ ਲਾਹੌਰ ਛੱਡਣਾ ਪਏਗਾ।

ਭਗਤ ਸਿੰਘ : ਪਰ ਪੋਸਟਰਾਂ ਦਾ ਕੀ ਬਣਿਆ...? ਲਗ ਜਾਣੇ ਚਾਹੀਦੇ ਸੀ ਹੁਣ ਤਾਈਂ।

ਸੁਖਦੇਵ : ਉਹ ਸਭ ਆਪੇ ਹੋ ਜਾਏਗਾ-। ਇਹ ਸਮਾਂ ਨਹੀਂ ਉਨ੍ਹਾਂ ਬਾਰੇ ਸੋਚਣ ਦਾ...। ਦੁਰਗਾ ਦੇ ਨਾਲ ਜਾ ਰਿਹਾਂ ਤੂੰ...। ਪਤੀ-ਪਤਨੀ...। ਸਰਕਾਰੀ ਅਫਸਰ ਬਣ ਕੇ...। *(ਰਾਜਗੁਰੂ ਨੂੰ)* ਤੇ ਤੂੰ ਅਰਦਲੀ...।

ਭਗਤ ਸਿੰਘ : ...ਤੇ ਉਸ ਦਾ ਬੱਚਾ...?

ਸੁਖਦੇਵ : ਕੌਣ... ਸਚਿਨ..., ਉਹ ਤਾਂ ਨਾਲ ਹੀ ਹੋਏਗਾ...। *(ਖ਼ੁਦ ਨਾਲ)* ਸਾਨੂੰ ਇਹ ਸਭ ਪਹਿਲਾਂ ਹੀ ਸੋਚਣਾ ਚਾਹੀਦਾ ਸੀ।

ਰਾਜਗੁਰੂ : ਪਰ ਸਾਡੇ ਕੋਲ ਤਾਂ ਖਾਣੇ ਜੋਗੇ ਵੀ ਪੈਸੇ ਨਹੀਂ...

ਸੁਖਦੇਵ : ਕੁਝ ਇੰਤਜ਼ਾਮ ਮੈਂ ਕਰ ਲਿਆ...। ਲਾਲਾ ਜੀ ਦੇ ਇਕ ਸ਼ਰਧਾਲੂ ਕੋਲੋਂ...।

*(ਤਿੰਨੋ ਇਕ ਦੂਜੇ ਵੱਲ ਦੇਖਦੇ ਹਨ।)*

ਰਾਜਗੁਰੂ : *(ਹੈਰਾਨ)* ਲਾਲਾ ਜੀ... *(ਵਾਕ ਅਧੂਰਾ ਛੱਡ ਦਿੰਦਾ ਹੈ। ਬੋਝਲ ਚੁੱਪੀ ਛਾ ਜਾਂਦੀ ਹੈ।)*

ਸੁਖਦੇਵ : ਸਵੇਰੇ ਹੀ ਨਿਕਲਣਾ ਪਵੇਗਾ...।

ਭਗਤ ਸਿੰਘ : ਪਰ ਬੱਚੇ ਦਾ ਰਿਸਕ ਅਸੀਂ...।

ਸੁਖਦੇਵ : ਬਹਿਸ ਦਾ ਸਮਾਂ ਨਹੀਂ। (ਰਾਜਗੁਰੂ ਨੂੰ) ਦੇਹਰਾਦੂਨ ਐਕਸਪ੍ਰੈਸ-। (ਬਾਹਰ ਵੱਲ ਜਾਂਦਾ ਹੈ।)

ਰਾਜਗੁਰੂ : *(ਪਿੱਛੇ ਜਾਂਦੇ ਹੋਏ)* ਪਰ ਆਜ਼ਾਦ...?

ਸੁਖਦੇਵ : *(ਜਾਂਦੇ ਹੋਏ)* ਉਹ ਨਿਕਲ ਜਾਏਗਾ...। ਤੁਸੀਂ ਛੇਤੀ ਕਰੋ।

*(ਦੋਹੇਂ ਨਿਕਲ ਜਾਂਦੇ ਹਨ। ਭਗਤ ਸਿੰਘ ਫੇਰ ਪੋਸਟਰ ਉੱਤੇ ਸਾਂਡਰਸ ਦਾ ਨਾਂ ਲਿਖਦਾ ਹੈ।)*

*ਫੇਡ ਆਊਟ।*

*(ਮੰਚ 'ਤੇ ਮੱਧਮ ਰੌਸ਼ਨੀ ਵਿੱਚ ਕੁਝ ਲੋਕ ਗੁਲਾਬੀ ਰੰਗ ਦੇ ਪੋਸਟਰ ਚੁੱਕੀ ਆਉਦੇ ਹਨ। ਇਕ ਦੇ ਹੱਥ ਵਿਚ ਲੇਵੀ ਦਾ ਡਿੱਬਾ ਹੈ। ਤੀਜਾ ਬੰਦਾ ਹੱਥ ਪੂੰਝਦਾ ਹੋਇਆ ਆਉਂਦਾ ਹੈ।)*

ਇਕ : ਲਗਾ ਦਿੱਤਾ... *(ਏਧਰ ਉਧਰ ਚੋਕੰਨਾ ਹੋ ਕੇ ਦੇਖਦਾ ਹੈ। ਤੀਜਾ ਹਾਂ 'ਚ ਸਿਰ ਹਿਲਾਂਦਾ ਹੈ।)*

ਦੂਜਾ : *(ਲੇਵੀ ਲੱਗਿਆ ਹੋਇਆ ਪੋਸਟਰ ਫੜਾਂਦੇ ਹੋਏ)* ਥੋੜਾ ਉੱਚਾ ਕਰ ਕੇ ਲਾਈਂ।

ਤੀਜਾ : *(ਕਾਹਲੀ ਨਾਲ)* ਉਰਾਂ ਫੜਾ ਛੇਤੀ...। *(ਦੂਜਾ ਪਾਸੇ ਨਿਕਲ ਜਾਂਦਾ ਹੈ।)*

ਇਕ : *(ਮਗਰੋਂ..., ਦਬੀ ਜ਼ਬਾਨ 'ਚ...)* ਸੰਭਲ ਕੇ ਜ਼ਰਾ..., ਹੁਸ਼ਿਆਰੀ ਨਾਲ...।

*(ਫੇਰ ਏਧਰ ਓਧਰ ਦੇਖਦਾ...। ਪਿੱਛੋਂ ਪੁਲਿਸ ਦੀਆਂ ਗੱਡੀਆਂ ਦੇ ਸਾਇਰਨ ਤੇ ਸੀਟੀਆਂ ਦੀਆਂ ਆਵਾਜ਼ਾਂ। ਤੀਜਾ ਬੰਦਾ ਦੌੜਿਆ ਆਉਂਦਾ ਹੈ।)*

ਭਗਤ : *(ਗੁਣਗੁਣਾਂਦੇ ਹੋਏ)* ਮੈਂ ਵੋ ਮਜਨੂੰ ਹੂੰ ਜੋ ਹਰ

ਇਕ : ਕੀ ਹੋਇਆ...।

ਤੀਜਾ : ਦੌੜੋ... ਪੁਲਿਸ...।

*(ਦੌੜਦੇ ਹਨ। ਪੋਸਟਰ ਸੰਭਾਲਦੇ ਹੋਏ। ਲੇਵੀ ਦਾ ਡਿੱਬਾ ਰਹਿ ਜਾਂਦਾ ਹੈ। ਡਿੱਬੇ 'ਚ ਸਿਪਾਹੀ ਦੀ ਠੋਕਰ ਵੱਜਦੀ ਹੈ, ਦੂਜਾ ਉਸਨੂੰ ਉਠਾਉਂਦਾ ਹੈ। ਦੋਹਾਂ ਦੇ ਹੱਥ-ਪੈਰ ਲੇਵੀ ਨਾਲ ਲਿੱਬੜ ਜਾਂਦੇ ਹਨ।)*

*ਫੇਡ ਆਊਟ।*

*(ਮਾਤਮੀ ਧੁਨ ਦੇ ਨਾਲ-ਨਾਲ ਮੰਚ ਉੱਤੇ ਰੌਸ਼ਨੀ ਫੈਲਦੀ ਹੈ। ਕੁਝ ਅੰਗਰੇਜ਼ ਇੱਕ ਤਾਬੂਤ ਨੂੰ ਲਈ, ਜਿਸ ਉੱਤੇ ਯੂਨੀਅਨ ਜੈਕ ਦਾ ਝੰਡਾ ਪਾਇਆ ਹੋਇਆ ਹੈ, ਹੌਲੀ-ਹੌਲੀ ਮੰਚ 'ਤੇ ਆਉਂਦੇ ਹਨ। ਸਭ ਲੋਕ ਗ਼ਮਗੀਨ ਮੁਦਰਾ ਵਿਚ ਉਸੇ ਮਚਾਨ ਉੱਪਰੋਂ ਲੰਘਦੇ ਹੋਏ ਪਿਛਲੇ ਪਾਸੇ ਨੂੰ ਉੱਤਰ ਜਾਂਦੇ ਹਨ। ਮਾਤਮੀ ਧੁੰਨ ਚਲਦੀ ਰਹਿੰਦੀ ਹੈ। ਇਕ ਅੰਗਰੇਜ਼ ਲੜਕੀ ਕਾਲੇ ਲਬਾਦੇ ਵਿੱਚ ਲਿਪਟੀ ਹੋਈ ਮੰਚ ਉੱਤੇ ਹੀ ਖੜੀ ਰਹਿੰਦੀ ਹੈ। ਉਹ ਉਦਾਸ ਨਜ਼ਰਾਂ ਨਾਲ ਚਾਰੇ ਪਾਸੇ ਪਈਆਂ ਚੀਜ਼ਾਂ ਨੂੰ ਦੇਖਦੀ ਹੈ। ਦੂਜੇ ਸਪੋਟ ਵਿਚ ਅਜਨਬੀ ਉਸ ਨੂੰ ਦੇਖ ਰਿਹਾ ਹੈ। ਜਿਵੇਂ ਉਸਦੇ ਦੁਖ 'ਚ ਸ਼ਰੀਕ ਹੋਣਾ ਚਾਹੁੰਦਾ ਹੋਵੇ। ਮੰਚ ਦੇ ਪਿੱਛੋਂ ਇੰਗਲੈਂਡ ਦੇ*

*ਨੈਸ਼ਨਲ ਐਨਥਮ ਦੀ ਧੁੰਨ ਵੱਜਦੀ ਹੈ, ਤੇ ਕੁਝ ਫਾਇਰਾਂ ਤੇ ਸਲਾਮੀ ਦੇਣ ਦੀਆਂ ਆਵਾਜ਼ਾਂ ਆਉਦੀਆਂ ਹਨ। ਅੰਗਰੇਜ਼ ਲੜਕੀ ਸਭ ਕੁਝ ਤੋਂ ਬੇਖ਼ਬਰ ਫੁੱਟ-ਫੁੱਟ ਕੇ ਰੋ ਪੈਂਦੀ ਹੈ ਤੇ ਫੇਰ ਆਪਣੇ ਆਪ 'ਚ ਗੁੰਮ ਹੋ ਜਾਂਦੀ ਹੈ ਤੇ ਅੱਥਰੂ ਪੂੰਝਦੀ ਹੈ। ਪਿੱਛੋਂ ਉਹੀ ਅੰਗਰੇਜ਼ ਮੁੜ ਕੇ ਆਉਂਦੇ ਹਨ। ਇਕ ਅੰਗਰੇਜ਼ ਕੁੜੀ ਕੋਲ ਆ ਕੇ ਉਸ ਨੂੰ ਹੌਂਸਲਾ ਦਿੰਦਾ ਹੈ। ਉਹ ਚੌਂਕ ਜਾਂਦੀ ਹੈ।*

ਅਫ਼ਸਰ : ਹਮ ਤੁਮਾਰੇ ਦੁਖ ਕੋ ਸਮਝ ਸਕਦੇ ਹੈ।

ਕੁੜੀ : *(ਹੈਰਾਨੀ ਨਾਲ ਉਸ ਵੱਲ ਦੇਖਦੀ ਹੈ ਤੇ ਫੇਰ ਮੂੰਹ ਫੇਰ ਲੈਂਦੀ ਹੈ।)* ਵੋਹ ਸਿਰਫ਼ ਮੇਰਾ ਮੰਗੇਤਰ ਹੀ ਨਹੀਂ ਥਾ...। ਹੀ ਵਾਜ ਮਾਈ ਲਵ...। ਮਾਈ ਲਾਈਫ਼..., ਮੇਰਾ ਪਿਆਰ...।

ਅਫ਼ਸਰ : *(ਹੌਂਸਲਾ ਦਿੰਦੇ ਹੋਏ)* ਮਾਈ ਚਾਈਲਡ..., ਵੋਹ ਤੋ ਪੈਦਾ ਹੀ... ਬ੍ਰਿਟਿਸ਼ ਇੰਪਾਇਰ ਕੋ ਸਰਵ ਕਰਨੇ ਕੇ ਲਿਏ ਹੁਆ ਥਾ। ਅੰਗਰੇਜ਼ ਹਕੂਮਤ ਉਸ ਕੇ ਇਸ ਬਲੀਦਾਨ ਕੋ ਕਭੀ... ਭੂਲ ਨਹੀਂ ਪਾਏਗੀ... ਕਭੀ...।

ਕੁੜੀ : *(ਹੱਥ ਝਟਕਦੇ ਹੋਏ)* ਇਟ ਇਜ਼ ਏ ਕੋਲਡ ਬਲਡਡ ਮਰਡਰ..., ਮਿਸਟਰ ਸਕਾਟ... ਖ਼ੂਨ-ਕਤਲ; ਯੂ ਆਲਰੇਡੀ ਨੋਅ ਆਲ ਦੈਟ, ਇੰਫਰਮੇਸ਼ਨ ਥੀ ਤੁਮ੍ਹੇ...। ਫਿਰ ਕਿਉ ਸਾਂਡਰਸ ਕੋ ਬਤਾਇਆ ਨਹੀਂ। ਅਲਰਟ ਕਿਉਂ... ਨਹੀਂ ਕਿਆ: *(ਰੋ ਪੈਂਦੀ ਹੈ। ਸਾਈਲੈਂਸ। ਸਕਾਟ ਮੂੰਹ ਫੇਰ ਲੈਂਦਾ ਹੈ।)*

ਅਫ਼ਸਰ : ਮੈਂ ਆਪ ਲੋਗੋ ਸੇ ਯਹੀ ਵਾਦਾ ਕਰ ਸਕਤਾ ਹੂੰ..., ਕਿ ਹਮ ਮੁਜ਼ਰਿਮੋਂ ਕੋ ਬਖਸ਼ੇਗਾ ਨਹੀਂ..., ਕਭੀ ਨਹੀਂ, ਬਦਲਾ ਲੇਗਾ... ਇਨ ਦਾ ਸੇਮ ਵੇਅ- ਸੇਮ ਫੈਸ਼ਨ-। ਠੀਕ ਉਸੀ ਤਰ੍ਹਾਂ *(ਅਜਨਬੀ ਅੱਗੇ ਵੱਧਦਾ, ਫੇਰ ਰੁਕ ਜਾਂਦਾ ਹੈ। ਇਕ ਸਿਪਾਹੀ ਆਉਂਦਾ ਹੈ। ਉਸ ਦੇ ਹੱਥ ਵਿਚ ਪੋਸਟਰ ਹੈ। ਹੱਥ ਲੇਵੀ ਨਾਲ ਲਿੱਬੜੇ ਹਨ। ਸਬ ਦੀਆਂ ਸਵਾਲੀ ਨਜ਼ਰਾਂ ਉਸ ਵੱਲ ਉੱਠਦੀਆਂ ਹਨ।)*

ਸਿਪਾਹੀ : ਸਰ ਯੇ ਪੋਸਟਰ..., ਪੂਰੇ ਸ਼ਹਿਰ ਮੇਂ ਲਗਾਏ ਗਏ ਹੈਂ..., ਜਗ੍ਹਾ-ਜਗ੍ਹਾ। *(ਬਾਰ-ਬਾਰ ਹੱਥ ਪੂੰਝਦਾ ਹੈ।)*

ਆਫੀ : *(ਉਸ ਦੇ ਹੱਥੋਂ ਖੋਹ ਕੇ ਫਟਾਫਟ ਪੜਦਾ ਹੈ। ਆਖਰੀ ਸ਼ਬਦ ਥੋੜ੍ਹਾ ਚਬਾ ਕੇ ਜ਼ੋਰ ਨਾਲ ਬੋਲਦਾ ਹੈ।)* ਹਿੰਦਸੋਤਾਨ... ਸੋਸ਼ਲਿਸਟ ਰਿਪਬਲੀਕਨ ਪਾਰਟੀ। *(ਗੁੱਸੇ 'ਚ ਪੋਸਟਰ ਨੂੰ ਮਰੋੜ ਕੇ ਉੱਥੇ ਹੀ ਸੁਟਦਾ ਹੈ। ਜਾਂਦੇ*

*ਹੋਏ ਬੋਲਦਾ ਹੈ।)* ਵੋਹ ਬਚ ਕੇ ਨਿਕਲਨੇ ਨਹੀਂ ਚਾਹੀਏ।

ਸਿਪਾਹੀ : *(ਪਿੱਛੇ ਜਾਂਦੇ ਹੋਏ)* ਪੂਰੇ ਸ਼ਹਿਰ ਕੋ ਸੀਲ ਕਰ ਦਿਆ ਗਿਆ ਹੈ ਸਰ–।

*(ਸਭ ਨਿਕਲ ਜਾਂਦੇ ਹਨ। ਕੁੜੀ ਪੋਸਟਰ ਚੁੱਕ ਕੇ ਪੜਦੀ ਹੈ।)*

ਕੁੜੀ : ਏਕ ਵਿਅਕਤੀ ਦਾ ਖ਼ੂਨ ਬਹਾਨੇ ਦਾ ਹਮੇਂ ਅਫ਼ਸੋਸ ਹੈ। ਲੇਕਿਨ ਵੋਹ ਐਸੀ ਸੰਸਥਾ ਦਾ ਨੁਮਾਇੰਦਾ ਥਾ... *(ਕਾਹਲੀ ਨਾਲ ਪੜਦੀ ਹੈ।)* ...ਨਿਰਦਈ... ਸੰਸਥਾ..., ਜਿਸੇ ਖ਼ਤਮ ਕਰਨਾ...; *(ਖੜਾਕ ਸੁਣ ਕੇ ਚੌਂਕਦੀ ਹੈ।)* ਕੌਣ...?

ਅਜਨਬੀ : ਸੁਣ..., ਸੱਚਮੁੱਚ ਅਫ਼ਸੋਸ ਹੈ ਉਨ੍ਹਾਂ ਨੂੰ..., ਤੇਰੇ ਨਾਲ ਕੋਈ ਦੁਸ਼ਮਣੀ ਨਹੀਂ ਸੀ..., ਤੂੰ ਸੁਣ ਨਹੀਂ ਰਹੀ..., ਉਹ ਤੇ ਸਾਮਰਾਜ ਦੇ ਉਸ ਵਿਚਾਰ ਨੂੰ *(ਕੁੜੀ ਹੋਰ ਸਹਿਮਦੀ ਜਾਂਦੀ ਹੈ।)* ਮਾਰਨਾ ਚਾਹੁੰਦੇ... *(ਹੌਲੀ-ਹੌਲੀ ਉਸ ਵੱਲ ਵਧਦਾ ਹੈ।)* ਜੋ ਬੰਦੇ ਨੂੰ ਬੰਦੇ ਦਾ ਵੈਰੀ ਬਣਾ ਦਿੰਦਾ... ਕਾਤਲ... *(ਕੁੜੀ ਕੰਨਾਂ 'ਤੇ ਹੱਥ ਰੱਖ ਕੇ ਚੀਖਦੀ ਹੈ।)* ਡਰ ਬੰਦੇ ਨੂੰ ਬਹਿਰਾ ਬਣਾ ਦਿੰਦਾ।

ਕੁੜੀ : *(ਕੰਬਦੀ ਹੋਈ)* ਪਾਪਾ ਪਾਪਾ–ਪਾਪਾ। *(ਅਜਨਬੀ ਚਲਾ ਜਾਂਦਾ ਹੈ। ਦੂਜੇ ਪਾਸਿਓਂ ਇਕ ਆਫ਼ੀਸਰ ਦੌੜਿਆ ਆਉਂਦਾ ਹੈ। ਕੁੜੀ ਉਸ ਵੱਲ ਦੇਖਦੇ ਹੋਏ ਬੋਲਦੀ ਹੈ)* ਕਿਆ ਵੋਹ ਏਕ ਵਿਚਾਰ ਥਾ? ...ਸਿਰਫ਼ ਵਿਚਾਰ!

*(ਅਫ਼ਸਰ ਨੂੰ ਕੁਝ ਸਮਝ ਨਹੀਂ ਆਉਂਦਾ, ਉਹ ਸੋਚਾਂ 'ਚ ਪੈ ਜਾਂਦਾ ਹੈ।)*

ਆਫ਼ੀਸਰ : ਵਹਾਟ ਹੈਪੰਡ...। *(ਕੁੜੀ ਡਰਦੀ ਹੋਈ ਆਲੇ-ਦੁਆਲੇ 'ਚ ਕੁਝ ਲੱਭਦੀ ਹੈ। ਆਫ਼ੀਸਰ ਉਸ ਨੂੰ ਝੰਜੋੜਦਾ ਹੈ।)* ਵਹਾਟ ਹੈਪੰਡ...। *(ਕੁੜੀ ਸਹਿਮ ਕੇ ਉਸ ਨਾਲ ਚਿੰਬੜਦੀ ਹੈ। ਆਫ਼ੀਸਰ ਲਾਡ ਨਾਲ ਪੁੱਛਦਾ ਹੈ।)* ਵਹਾਟ ਹੈਪੰਡ ਮਾਈ ਚਾਈਲਡ...। ਕਿਆ ਹੁਆ ਤੁਮ੍ਹੇ...?

ਕੁੜੀ : ਵੋਹ ਲੋਕ ਯਹਾਂ *(ਚੁਫੇਰੇ ਦੇਖਦੀ ਹੈ। ਆਫ਼ੀਸਰ ਵੀ ਦੇਖਦਾ ਹੈ।)*

ਆਫ਼ੀ : ਕੋਈ ਨਹੀਂ ਯਹਾਂ...। ਕੌਣ ਆ ਸਕਤਾ ਹੈ।

ਕੁੜੀ : ਵੋਹ ਕਹੀਂ ਭੀ ਜਾ ਸਕਦੇ...? ਆਫ਼ਿਸ ਮੇਂ ਘੁਸ ਕੇ ਮਾਰ ਡਾਲਾ ਉਸਕੋ–।

ਅਫ਼ਸਰ : *(ਚੁਕੰਨਾ ਹੋ ਕੇ ਚੁਫੇਰੇ ਦੇਖਦੇ ਹੋਏ-।)* ਕੋਈ ਨਹੀਂ ਯਹਾਂ। ਟੁਮਾਰਾ ਵਹਿਮ ਹੈ। ਟੁਮਾਰਾ ਡਰ ਮਾਈ ਚਾਈਲਡ।

*(ਹੌਂਸਲਾ ਦਿੰਦੇ ਹੋਏ ਬਾਹਰ ਲੈ ਕੇ ਜਾਂਦਾ ਹੈ। ਰੌਸ਼ਨੀ ਦੂਜੇ ਪਾਸੇ ਰਾਜਗੁਰੂ 'ਤੇ ਪੈਂਦੀ ਹੈ। ਜੋ ਇੱਕ ਟਰੰਕ 'ਤੇ ਸਟਿਕਰ ਚਿਪਕਾ ਰਿਹਾ ਹੈ। ਭਗਤ ਸਿੰਘ ਬੇਚੈਨ ਘੁੰਮ ਰਿਹਾ ਹੈ।)*

ਰਾਜਗੁਰੂ : *(ਟਰੰਕ ਵੱਲ ਦੇਖਦੇ ਹੋਏ।)* ਹੁਣ ਬਣੀ ਨਾ ਅਫ਼ਸਰਾਂ ਵਾਲੀ ਗੱਲ-।

*(ਪਿਸਤੌਲ ਚੈਕ ਕਰਕੇ ਮੁੜ ਡੱਬ 'ਚ ਰੱਖਦਾ ਹੈ। ਟਰੰਕ ਚੁੱਕ ਕੇ ਬਾਹਰ ਜਾਂਦਾ ਹੈ। ਅਜਨਬੀ ਨੂੰ ਆਉਂਦੇ ਦੇਖ ਕੇ ਭਗਤ ਸਿੰਘ ਉਸ ਨੂੰ ਖਿੱਚ ਕੇ ਅੱਗੇ ਲੈ ਕੇ ਆਉਂਦਾ ਹੈ।)*

ਭਗਤ : *(ਸ਼ਿੱਦਤ ਨਾਲ, ਜਿਵੇਂ ਬੜੀ ਦੇਰ ਦਾ ਲਭ ਰਿਹਾ ਹੋਵੇ।)* ਕਿੱਥੇ ਗਿਆ ਸੀ ਤੂੰ-?

ਅਜਨਬੀ : ਸਾਂਡਰਸ ਦੇ ਜਨਾਜੇ 'ਚ...। *(ਚੁੱਪੀ)* ਤੇਰਾ ਅਧੂਰਾ ਕੰਮ-ਪੂਰਾ ਕਰਨ। *(ਕਾਹਲੀ ਨਾਲ)* ਤੈਨੂੰ ਵੀ ਤੇ ਅਫ਼ਸੋਸ ਸੀ।

ਭਗਤ : *(ਇਕਦਮ ਕੱਟਦਾ ਹੈ)* ਬੰਦ ਕਰ ਇਹ ਸ਼ੇਖਚਿੱਲੀਆਂ ਵਾਲੀਆਂ ਗੱਲਾਂ-। *(ਚੁੱਪੀ)* ਮੈਨੂੰ ਕੋਈ ਅਫ਼ਸੋਸ ਨਹੀਂ, ਉਹ ਇਸ ਸਿਸਟਮ ਦਾ ਹਿੱਸਾ ਸੀ-ਬੱਸ।

ਅਜਨਬੀ : ਹੋਰ ਵੀ ਤਾਂ ਸੀ ਕੁਝ, ਕਿਸੇ ਦਾ ਮੰਗੇਤਰ, ਕਿਸੇ ਦਾ ਆਸ਼ਕ-, ਮਰਨਾ ਤੇ ਸਭ ਨੂੰ ਈ... ਪੈਂਦਾ।

ਭਗਤ : ਫੇਰ ਕੀ ਕਰਦੇ ਅਸੀਂ, ਕੋਈ ਵੀ ਕਰੇਗਾ, ਜਿਸ ਦੇ ਸਾਹਮਣੇ, ਉਸ ਦੇ ਬਜ਼ੁਰਗ ਪਿਓ ਨੂੰ, ਇੱਕ ਦੋ ਟਕੇ ਦਾ ਪੁਲਸੀਆ, ਕੁੱਟ ਕੁੱਟ ਕੇ ਮਾਰ ਸੁੱਟੇ, ਡੰਗਰਾਂ ਵਾਂਗ..., ਸਿਰ ਫੇਹ ਸੁੱਟੇ...। *(ਸੋਚਦੇ ਹੋਏ)* ਕੀ ਰਿਸ਼ਤਾ ਸੀ ਸਾਡਾ ਲਾਲਾ ਜੀ ਨਾਲ..., ਉਨ੍ਹਾਂ ਦਾ 'ਹਿੰਦੂ ਇੰਡੀਆ'... 'ਮੁਸਲਿਮ ਇੰਡੀਆ' ਦਾ ਖਿਆਲ ਵੀ ਸਾਨੂੰ ਕੰਬਣੀ ਛੇੜ ਦਿੰਦਾ। ਪਰ ਇਹ ਮੌਕਾ ਸੀ- ਲੋਕਾਂ 'ਚ ਹਾਜ਼ਰੀ ਲਵਾਉਣ ਦਾ। ਸਭ ਅੰਦਰੋਂ ਅੰਦਰ ਰਿੱਝਦੇ..., ਪਰ ਕੁਸਕਦਾ ਕੋਈ ਨਹੀਂ, ਦੰਦਲ ਪਈ ਸੀ ਸਭ ਨੂੰ...। ਕਿਸੇ ਨੂੰ ਤੋੜਨੀ ਹੀ ਪੈਣੀ ਸੀ-। ਹੋਰ ਚਾਰਾ ਵੀ ਕੀ ਸੀ-। *(ਚੁੱਪੀ)* ਕਿਸੇ ਨੂੰ ਤੇ ਕੀਮਤ ਦੇਣੀ ਹੀ ਪੈਣੀ ਸੀ। ਲਾਲਾ ਜੀ ਨੂੰ ਤੇ ਸਾਡੀ ਖੁਸ਼ਬੂ ਤੱਕ ਵੀ ਬਰਦਾਸ਼ਤ ਨਹੀਂ ਸੀ-। ਹਰ ਗੱਲ 'ਚੋਂ ਰੂਸੀ

ਏਜੰਟਾਂ ਦੀ ਬੋ ਆਉਂਦੀ, ਪੰਜਾਹ ਰੁਪਏ ਜਿੰਨੀ ਵੀ ਔਕਾਤ ਨਹੀਂ ਸੀ ਸਾਡੀ-ਉਨ੍ਹਾਂ ਲਈ-, ਅੱਜ ਦੇਖ... ਉਨ੍ਹਾਂ ਦਾ ਮੁੱਲ ਤਾਰਿਆ ਅਸੀਂ-, ਸਾਰੀ ਕੌਮ ਉਠ ਰਹੀ ਏ..., ਜਾਣਾ ਪਵੇਗਾ ਉਨ੍ਹਾਂ ਨੂੰ ਏਥੋਂ...

ਅਜਨਬੀ : ਪਰ ਉਸਦੇ ਮੰਗੇਤਰ ਦੀ ਕਬਰ...

ਰਾਜਗੁਰੂ : *(ਬਿਸਤਰਾ ਲੈ ਕੇ ਆਉਂਦਾ ਹੈ।)* ਛੇਤੀ ਕਰ। ਟਰੇਨ ਦਾ ਟਾਈਮ ਹੋ ਗਿਆ

*(ਰਾਜਗੁਰੂ ਜਾਂਦਾ ਹੈ। ਭਗਤ ਸਿੰਘ ਅਜਨਬੀ ਵੱਲ ਦੇਖਦਾ ਹੈ ਤੇ ਫੇਰ ਪਿੱਛੇ ਤੁਰ ਜਾਂਦਾ ਹੈ।)*

ਅਜਨਬੀ : *(ਉਨ੍ਹਾਂ ਨੂੰ ਜਾਂਦੇ ਹੋਏ ਦੇਖਦਾ ਰਹਿੰਦਾ ਹੈ।)* ਪਤਾ ਨਹੀਂ ਕਿੱਥੇ ਜਾ ਕੇ ਮੁੱਕੇਗੀ... ਇਹ ਘੁੰਮਣਘੇਰੀ-, ਕੋਈ ਸਿਰਾ ਨਹੀਂ ਦਿਖਦਾ-। *(ਬਾਹਰ ਜਾਣ ਦਾ ਰਾਹ ਲੱਭਦਾ ਹੈ-। ਰੌਸ਼ਨੀ ਮੱਧਮ ਪੈਂਦੀ ਹੈ।)*

*ਫੇਡ ਆਊਟ*

*(ਰੌਸ਼ਨੀ ਹੁੰਦੀ ਹੈ। ਕੁਝ ਪੁਲੀਸ ਵਾਲੇ ਖੜੇ ਸਨ। ਆਫ਼ੀਸਰ ਉਨ੍ਹਾਂ ਨੂੰ ਡਾਂਟ ਰਿਹਾ ਹੈ।)*

ਅਫ਼ਸਰ : ਮੈਂ ਪੁੱਛਦਾਂ-ਤੁਹਾਨੂੰ ਹੋ ਕੀ ਗਿਆ..., ਕੀ ਸੱਪ ਸੁੰਘ ਗਿਆ...। ਇੰਨੀ ਵੱਡੀ ਘਟਨਾ ਹੋ ਗਈ..., ਕੋਈ ਸੂਹ ਤੱਕ ਨਹੀਂ ਲੱਗੀ...। ਕੌਣ ਸੀ, ਕਿੱਥੋਂ ਆਏ? ਕਿੱਥੇ ਗਏ?

ਸਿਪਾਹੀ : ਜ਼ਨਾਬ ਇਕ ਜਣੇ ਨੇ ਕਾਲੀ ਪਾਰਸੀ ਟੋਪੀ ਪਾਈ ਸੀ...। ਤੇ ਦੂਜਾ ਲੰਮਾ ਜਿਹਾ... ਹੈਟ ਪਾਈ-। ਦੋਹੇਂ... ਸਾਹਮਣੇ ਕਾਲਜ ਦੇ ਹੋਸਟਲ ਵੱਲ ਦੌੜੇ...।

ਅਫ਼ਸਰ : ਸ਼ਟਅਪ! ਇਹ ਸੁਣ-ਸੁਣ ਕੇ ਕੰਨ ਪੱਕ ਗਏ ਮੇਰੇ-। ਮੈਨੂੰ ਕੋਈ ਠੋਸ ਚੀਜ਼ ਚਾਹੀਦੀ ਏ... ਠੋਸ...। ਨਹੀਂ ਤੇ ਟੰਗ ਦੇਊਂ ਸਾਰਿਆਂ ਨੂੰ-।

ਕ੦ : ਜਨਾਬ ਅਸੀਂ ਕੋਈ ਪੰਦਰਾਂ-ਸੋਲ੍ਹਾਂ ਮੁੰਡੇ ਫੜੇ ਨੇ। ਨੌਜਵਾਨ ਭਾਰਤ ਸਭਾ ਦੇ ਮੈਂਬਰ। ਇੱਕ ਸਟੂਡੈਂਟ ਲੀਡਰ ਏ... ਹੰਸ ਰਾਜ ਵੋਹਰਾ-।

ਅਫ਼ਸਰ : ਕੋਈ ਉਨ੍ਹਾਂ 'ਚੋਂ ਬੋਲਿਆ ਕੁਝ-। *(ਦੋਹੇਂ ਸਿਪਾਹੀ ਨੀਵੀਂ ਪਾ ਲੈਂਦੇ ਹਨ।)*

1. : ਜ਼ਨਾਬ ਸਾਰੇ ਤਰੀਕੇ ਵਰਤ ਲਏ...। ਈਨਾਮ ਦਾ ਲਾਲਚ ਵੀ...।

2. : ਸ਼ਾਇਦ ਉਨ੍ਹਾਂ ਨੂੰ ਪਤਾ ਈ ਕੁਝ ਨਹੀਂ ਜੀ...।

ਅਫ਼ਸਰ : *(ਖਿਝ ਕੇ)* ਬਕਵਾਸ ਬੰਦ ਕਰੋ-।

*(ਆਫ਼ੀਸਰ ਜਾਂਦਾ ਹੈ। ਦੋਹੋਂ ਉਸ ਦੇ ਪਿੱਛੇ ਜਾਂਦੇ ਹਨ।)*

*ਫੇਡ ਆਊਟ।*

*(ਮੰਚ 'ਤੇ ਰੌਸ਼ਨੀ ਹੁੰਦੀ ਹੈ। ਇਕ ਔਰਤ ਉੱਚੀ ਅੱਡੀ ਦੇ ਸੈਂਡਲ ਤੇ ਸਾੜੀ ਪਾਈ ਹੋਈ, ਬੜੀ ਸ਼ਾਨ ਨਾਲ ਮੰਚ 'ਤੋਂ ਲੰਘਦੀ ਹੈ। ਰਾਜਗੁਰੂ ਮਗਰ ਸਮਾਨ ਚੁੱਕੀ ਲੰਘਦਾ ਹੈ। ਪਿੱਛੋਂ ਭਗਤ ਸਿੰਘ ਆਉਂਦਾ ਹੈ। ਪੁਲਸੀਏ ਵੀ ਆਉਂਦੇ ਹਨ। ਦੂਜੇ ਪਾਸਿਓਂ 'ਰਾਮ ਨੌਮੀ' ਦੀਆਂ ਬੁਕਲਾਂ ਮਾਰੀ ਇਕ ਸਾਧੂਆਂ ਦਾ ਟੋਲਾ ਲੰਘਦਾ ਹੈ। ਉਹ ਮੰਚ ਉੱਤੋਂ 'ਹਰੀ ਬੋਲ-ਹਰੀ ਬੋਲ' ਗਾਉਂਦੇ ਤੇ ਨ੍ਰਿਤ ਕਰਦੇ ਹੋਏ ਜਾਂਦੇ ਹਨ। ਪੁਲਸੀਏ ਵੀ ਦੂਸਰੇ ਪਾਸੇ ਨਿਕਲ ਜਾਂਦੇ ਹਨ। ਗੱਡੀ ਦੀ ਵਿਸਲ ਹੁੰਦੀ ਹੈ। ਭਗਤ ਸਿੰਘ ਉਨ੍ਹਾਂ ਨੂੰ ਜਾਂਦੇ ਦੇਖਦਾ ਹੈ।)*

ਭਗਤ : ਸਾਧੂਆਂ ਦੀ ਉਸ ਟੋਲੀ ਵਿਚ ਸ਼ਾਮਿਲ ਹੋ ਕੇ ਆਜ਼ਾਦ ਨੇ ਲਾਹੌਰ ਛੱਡ ਦਿੱਤਾ। ਦੁਰਗਾ ਤੇ ਰਾਜਗੁਰੂ ਵੀ ਗੱਡੀ 'ਚ ਆ ਬੈਠੇ। ਸਾਡੇ 'ਤੇ ਕਿਸੇ ਨੂੰ ਸ਼ੱਕ ਨਹੀਂ ਸੀ। ਨਾ ਹੀ ਕਿਸੇ ਨੇ ਸਾਨੂੰ ਦੇਖਿਆ ਸੀ। ਪਰ ਬੱਚੇ ਬਾਰੇ ਸੋਚ ਸੋਚ ਕੇ ਮੇਰਾ ਦਿਲ ਬੈਠਾ ਜਾ ਰਿਹਾ ਸੀ। ਆਪਣੀ ਖਾਤਿਰ ਉਸ ਦੀ ਜ਼ਿੰਦਗੀ ਨੂੰ ਖਤਰੇ 'ਚ ਪਾਉਣ ਦਾ ਸਾਨੂੰ ਕੋਈ ਹੱਕ ਨਹੀਂ ਸੀ। ਰਾਜਗੁਰੂ ਠੀਕ ਸੀ, ਸਾਨੂੰ ਮੌਕੇ 'ਤੇ ਹੀ ਸ਼ਹਾਦਤ ਦੇਣੀ ਚਾਹੀਦੀ ਸੀ। ਲੜਦੇ ਹੋਏ... ਪੁਲੀਸ ਹੱਥੋਂ..., ਇਹ ਇਮਤਿਹਾਨ ਤੇ ਹੋਰ ਵੀ ਔਖਾ ਸੀ। ਉੱਚੀ ਅੱਡੀ ਦੇ ਸੈਂਡਲ ਪਾਈ... ਦੁਰਗਾ ਇਕਦਮ ਸ਼ਾਂਤ ਸੀ। ਬੱਚਾ ਰਾਜਗੁਰੂ ਦੇ ਹੱਥਾਂ 'ਚ ਸੀ। ਮੈਨੂੰ ਲੱਗਿਆ ਅਸੰਖ ਅਨਜਾਨ ਅੱਖਾਂ ਸਾਨੂੰ ਹੀ ਘੂਰ ਰਹੀਆਂ। ਗੱਡੀ ਵੱਲ ਵੱਧਦਾ ਹਰ ਕਦਮ ਆਪਣੇ ਵੱਲ ਵੱਧਦਾ ਲੱਗਦਾ। *(ਮੱਥੇ ਤੋਂ ਤਰੇਲੀ ਪੂੰਝਦੇ ਹੋਏ।)* ਉਸ ਮਾਸੂਮ ਨੂੰ ਤੇ ਪਤਾ ਵੀ ਕੁਝ ਨਹੀਂ ਸੀ। *(ਆਪਣੇ ਹੱਥ ਵੱਲ ਦੇਖਦੇ ਹੋਏ, ਫਿਕੀ ਜਹੀ ਮੁਸਕਰਾਹਟ)* ਉਸ ਵੇਲੇ ਮੈਂ ਦਿਲ ਨੂੰ ਬੇਕਾਬੂ ਨਹੀਂ ਹੋਣ ਦਿੱਤਾ ਬਿਲਕੁਲ ਵੀ..., ਸ਼ਾਂਤ

ਰਿਹਾ... ਉੱਪਰੋਂ ਉੱਪਰੋਂ-। ਸੁਖਦੇਵ ਹੁੰਦਾ ਤਾਂ ਰੱਜ ਕੇ ਮਜ਼ਾਕ ਉਡਾਂਦਾ ਮੇਰਾ। ਇਹ ਜਜ਼ਬਾਤ ਉਸ ਨੂੰ ਉੱਕਾ ਈ ਪਸੰਦ ਨਹੀਂ ਸਨ--, ਇਸ ਕਮਜ਼ੋਰੀ ਦੀ ਉਸ ਦੀ ਜ਼ਿੰਦਗੀ 'ਚ ਕੋਈ ਥਾਂ ਨਹੀਂ ਸੀ, ਜੇਲ ਜਾਣ ਤੋਂ ਪਹਿਲਾਂ ਤਾਂ ਸ਼ੈਦ ਬਿਲਕੁਲ ਹੀ ਨਹੀਂ।

*(ਚੁੱਪੀ)*

*(ਗੱਡੀ ਦੀ ਵਿਸਲ)।*

ਗੱਡੀ ਤੁਰ ਪਈ...। ਹੌਲੀ-ਹੌਲੀ ਰਫ਼ਤਾਰ ਫੜਦੀ। ਕੁਝ ਗੋਰੇ ਆਪਣੀਆਂ ਮੇਮਾਂ ਨੂੰ ਹੱਥ ਹਿੱਲਾ ਰਹੇ ਸੀ। ਬੱਚਾ ਸੌਂ ਗਿਆ। ਦੁਰਗਾ ਤਾਂ ਉਵੇਂ ਈ ਸੀ, ਜਿਵੇਂ ਕੁਝ ਹੋਇਆ ਈ ਨਹੀ। ਵਿੱਚ-ਵਿੱਚ ਮੈਨੂੰ ਵੀ ਸ਼ਾਂਤ ਰਹਿਣ ਦਾ ਇਸ਼ਾਰਾ ਕਰਦੀ। ਉਸ ਦਾ ਇਹ ਰੂਪ ਮੇਰੇ ਲਈ ਬਿਲਕੁਲ ਨਵਾਂ ਸੀ-। ਉਹ ਵੀ ਮੈਨੂੰ ਨਿਰਾ ਇਨਕਲਾਬੀ ਹੀ ਸਮਝਦੀ ਸੀ... ਜਜ਼ਬਾਤਾਂ ਤੋਂ ਕੋਰਾ। ਪਰ ਮੈਂ ਦਿਲ ਦੀ ਕੂਲੀ ਧੜਕਨ ਵੀ ਸਮਝਦਾ, ਬਹੁਤ ਮਾਇਨੇ ਸੀ ਉਸ ਦੇ ਮੇਰੇ ਲਈ... ਬਹੁਤ ਕੀਮਤ...

*(ਖਾਮੋਸ਼ੀ। ਟਰੇਨ ਦੀ ਆਵਾਜ਼) (ਹੌਂਕਾ)*

ਚਾਲੀ ਘੰਟੇ ਦਾ ਸਫ਼ਰ...। ਦੋ ਵਾਰ ਰਾਤ ਹੋਈ..., ਘੁੱਪ ਹਨੇਰਾ..., ਟਾਵਾਂ ਟਾਵਾਂ ਤਾਰਾ..., ਦੂਰ ਖੇਤਾਂ 'ਚ ਕੋਈ ਗਾ ਰਿਹਾ ਸੀ... ਵਿਸਮਾਦੀ... ਉਦਾਸ ਸੁਰ 'ਚ...। ਪਤਾ ਨਹੀਂ ਕਿੰਨੀ ਦੇਰ ਸੁਣਦਾ ਰਿਹਾ...। ਨੀਂਦ ਦੋਹਾਂ ਤੋਂ ਕੋਹਾਂ ਦੂਰ ਸੀ...। ਦੁਰਗਾ ਵੀ ਜਾਗ ਰਹੀ ਸੀ। *(ਚੁੱਪੀ)* ਉਹ ਸੁਖਦੇਵ ਬਾਰੇ ਗੱਲਾਂ ਕਰਦੀ, ਘੋਖ-ਘੋਖ ਕੇ ਪੁੱਛ ਰਹੀ ਸੀ ਉਸ ਬਾਰੇ..., ਮੈਂ ਉਸ ਦੇ ਨੇੜੇ ਕਿਵੇਂ ਆਇਆ, ਕਦੋਂ... ਕਿੱਥੇ? *(ਮੁਸਕਰਾਂਦਾ ਹੈ।)* ਅਸੀਂ ਤਾਂ ਕਾਲਜ ਤੋਂ ਹੀ ਇੱਕਠੇ ਸੀ-ਦੋਸਤ। ਵਿਚਾਰਾਂ ਦੇ ਫ਼ਾਸਲੇ ਘੱਟਦੇ ਵੱਧਦੇ..., ਪਰ ਅਸੀਂ ਇਕੱਠੇ ਸੀ, ਆਖਰੀ ਦਮ ਤੱਕ। ਪਤਾ ਨਹੀਂ ਕਿਉਂ... ਉਸ ਨੂੰ ਸੁਖਦੇਵ ਪਸੰਦ ਨਹੀਂ ਸੀ।

*(ਚੁੱਪੀ)*

ਉਸ ਸਫ਼ਰ ਨੇ ਸਾਨੂੰ ਬਹੁਤ ਨੇੜੇ ਲੈ ਆਉਂਦਾ..., ਬਹੁਤ ਨੇੜੇ। ਸ਼ਾਇਦ ਹਾਲਾਤ ਹੀ ਸੀ। ਕਈ ਗੱਲਾਂ ਜਿਨ੍ਹਾਂ ਨੂੰ ਤੁਸੀਂ ਬਸ ਊਂਈ ਸਮਝਦੇ ਹੋ, ਪਤਾ ਨਹੀਂ ਕਦੋਂ..., ਤੁਹਾਡਾ ਹਿੱਸਾ ਬਣ ਜਾਂਦੀਆਂ, ਜਿਸ ਤੋਂ ਜੁਦਾ ਹੋਣਾ ਔਖਾ ਲੱਗਦਾ...। ਜਾਂ ਤੁਸੀਂ ਹੋਣਾ ਨਹੀਂ ਚਾਹੁੰਦੇ।

*(ਖਾਮੋਸ਼ੀ। ਗੱਡੀ ਦੀ ਲੰਮੀ ਵਿਸਲ ਜੋ ਹੌਲੀ-ਹੌਲੀ ਫੇਡ ਹੁੰਦੀ ਹੈ।)*

*ਫੇਡ ਆਊਟ*

*(ਕੁਝ ਅੰਗਰੇਜ਼ ਆਫ਼ੀਸਰ ਮਿਊਜ਼ੀਅਮ 'ਚ ਪਈਆਂ ਚੀਜ਼ਾਂ ਨੂੰ ਦੇਖ ਰਹੇ ਹਨ। ਇੱਕ ਪਾਸੇ ਕ੍ਰਾਸ ਪਿਆ ਹੈ। ਪੁਰਾਣੇ ਹਥਿਆਰ ਤੇ ਕੁਝ ਲਹੂ ਨਾਲ ਭਿੱਜੀਆਂ ਵਰਦੀਆਂ ਪਈਆਂ ਹਨ। ਮੋਟਰਸਾਈਕਲ ਸਵਾਰ ਇਕ ਅੰਗਰੇਜ਼ ਆਫ਼ੀਸਰ ਦੀ ਤਸਵੀਰ ਪਈ ਹੈ। ਇੱਕ ਆਫ਼ੀਸਰ ਯੂਨੀਅਨ ਜੈਕ ਦੇ ਝੰਡੇ ਨੂੰ ਮੁੜ-ਮੁੜ ਖੜਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਅਜ਼ਨਬੀ ਸਭ ਦੇਖ ਰਿਹਾ ਹੈ। ਵਾਇਸਰਾਏ ਐਂਟਰ ਹੁੰਦਾ ਹੈ।)*

ਵਾਇਸਰਾਇ : ਹੈਲੋ ਜੈਂਟਲਮੈੱਨ-।

ਸਾਰੇਅਫ਼ਸਰ: *(ਅਟੈਂਸ਼ਨ ਹੁੰਦੇ ਹਨ।)* ਹਿਜ਼ ਐਕਸੀਲੈਂਸੀ।

ਵਾਇਸਰਾਇ: ਕਹੀਏ ਸਰ ਡੇਵਿਡ..., ਮਿ. ਸਾਈਮਨ ਕੈਸੇ ਹੈ। *(ਕ੍ਰਾਸ ਵੱਲ ਦੇਖਦਾ ਹੈ।)*

ਅਜਨਬੀ : ਉਲਟੇ ਲਟਕੇ ਗਲੇ 'ਚ..., ਮੁਰਦੇ ਵਾਂਗ।

*(ਸਾਰੇ ਇੱਕ ਦੂਜੇ ਵੱਲ ਹੈਰਾਨੀ ਨਾਲ ਦੇਖਦੇ ਹਨ।)*

ਵਾਇਰ : ਕਿਸੀ ਨੇ... ਕੁਝ ਕਹਾ...?

ਸਾਰੇ : ਨੋ ਸਰ...।

ਵਾਇਰ : ਹਮਾਰਾ ਮਤਲਬ... ਉਨ ਕਾ ਡਰ ਕੁਝ ਕਮ ਹੁਆ। ਯਾਂ ਅਭੀ।

ਡੇਵਿਡ : ਕਹਾਂ ਸਰ ਉਨ੍ਹੇ ਤੋਂ ਸੋਤੇ ਜਾਗਤੇ ਏਕ ਹੀ ਚੀਜ਼ ਸੁਨਾਈ ਪੜਤੀ ਹੈ। 'ਗੋ ਬੈਕ... ਗੋ ਬੈਕ-:' *(ਸਭ ਹਸ ਪੈਂਦੇ ਹਨ।)*

ਐਮਰਸਨ : ਕਲ ਆਧੀ ਰਾਤ ਕੋ ਉਠ ਕੇ ਚਿਲਾਨੇ ਲਗੇ..., ਕੋਈ ਹੈ... ਦੇਖੋ... ਪਕੜੋ...। ਬਾਦ ਮੇਂ ਪਤਾ ਚਲਾ ਪੀਛੇ ਜੰਗਲੋਂ ਮੇਂ ਗੀਦੜ ਬੋਲ ਰਹੇ ਥੇ।

*(ਫੇਰ ਹੱਸਦੇ ਹਨ। ਅਜਨਬੀ ਕ੍ਰਾਸ ਦੇ ਪਿੱਛੇ ਪਹੁੰਚਦਾ ਹੈ।)*

ਵਾਇਸਰਾਇ : *(ਹੌਂਕਾ)* ਸਰਕਾਰ ਕੀ ਯੇਹ ਚਾਲ ਤੋ ਉਲਟੀ ਪੜ ਗਈ... ਅੱਛੇ ਭਲੇ ਬੰਟੇ ਬੰਟਾਏ ਹਿੰਦੋਸਤਾਨ ਕੋ ਏਕ ਕਰ ਦਿਆ।

ਜੇਮਜ਼ : ਸਰ...। ਸਾਂਡਰਸ ਕੇਸ ਕੀ ਫਾਈਲ...!

ਵਾਇਸਰਾਇ : *(ਫਾਈਲ ਫੋਲਦੇ ਹੋਏ)* ਹੂੰ..., ਕੁਝ ਆਗੇ ਬੜਾ–।

ਅਜਨਬੀ : ਜੀ– ਉਸਦੀ ਲਾਸ਼ ਹਰ ਗੋਰੇ ਆਫ਼ੀਸਰ ਦੇ ਬੈੱਡਰੂਮ 'ਚ ਜਾ ਵੜੀ ਹੈ।

ਵਾਇਸਰਾਇ : *(ਚੌਂਕਦਾ)* ਕਹਾਂ...?

ਜੇਮਜ਼ : ਸੌਰੀ ਹਿਜ਼ ਐਕਸੀਲੈਂਸੀ... ਬਟ ਅਭੀ–।

ਵਾਇਸਰਾਇ : ਕਿਆ ਕਰ ਰਹੇ ਹੈਂ ਆਪ ਲੋਗ...? ਸੌ ਸੇ ਜ਼ਿਆਦਾ ਆਫ਼ੀਸਰ..., ਸਰ ਖਪਾ ਰਹੇ ਹੈ– ਔਰ ਰਿਜ਼ਲਟ।

ਐਮਰਸਨ : ਸਾਰੀ ਗੜਬੜ ਕਮਿਊਨਿਸਟੋਂ ਕੀ ਹੈ ਹਿਜ਼ ਐਕਸੀਲੈਂਸੀ–।

ਡੇਵਿਡ : ਪ੍ਰੋਪੇਗੰਡਾ ਦਾ ਸਾਰਾ ਮਟੀਰੀਅਲ ਸੋਵੀਅਤ ਰੂਸ ਸੇ ਆ ਰਿਹਾ ਹੈ। ਔਰ ਫੰਡ ਭੀ...।

ਜੇਮਜ਼ : ਹਿੰਡੋਸਟਾਨ ਕੋ ਬ੍ਰਿਟਿਸ਼ ਅੰਪਾਇਰ ਸੇ ਤੋੜੇ ਬਿਨਾਂ ਚੈਨ ਕੀ ਨੀਂਦ ਸੌਂ ਨਹੀਂ ਸਕਤੇ...।

ਅਜਨਬੀ : ਬਣਾਈ ਜਾਓ ਬੇਵਕੂਫ਼ ਆਪਣੇ ਆਪ ਨੂੰ *(ਬੇਚੈਨ ਹੋ ਕੇ ਆਪਣੇ ਆਪ ਨਾਲ ਗੱਲਾਂ ਕਰਨ ਲੱਗਦਾ ਹੈ।)* ਰੂਸ ਨੂੰ ਟੁੱਟਿਆਂ ਦੋ ਦਹਾਕੇ ਹੋ ਚੱਲੇ..., ਪਰ ਲੰਦਨ ਤਾਂ ਅੱਜ ਵੀ ਕੰਬ ਰਿਹਾ...। *(ਕ੍ਰਾਸ ਨੂੰ ਫੜ ਕੇ)* ਜੜਾਂ 'ਤੇ ਕਿਤੇ ਹੋਰ ਨੇ...। ਗੌਰ ਨਾਲ ਵੇਖੇ ਕੌਣ?

ਐਮਰਸਨ : ਹਮਾਰੇ ਲੋਕਾਂ ਮੇਂ ਦਹਿਸ਼ਤ ਹੈ..., ਕ੍ਰਾਂਤੀਕਾਰੀਓਂ ਦਾ ਜ਼ੋਰ ਬੜ ਰਿਹਾ ਹੈ।

ਜ਼ੇਮਜ਼ : ਕਾਂਗਰਸ ਅਭੀ ਭੀ ਸਮਝੌਤੇ ਕੇ ਮੂਡ ਮੇਂ ਹੈ...।

ਡੇਵਿਡ : ਮਿ. ਗਾਂਧੀ ਕ੍ਰਾਂਤੀਕਾਰੀ ਕਤਲੋਂ ਕੀ ਨਿੰਦਾ ਕਰਤੇ ਹੈਂ।

ਐਮਰਸਨ : ਕਾਂਗਰਸ ਮੇਂ ਭੀ ਕੁਝ ਲੋਗੋਂ ਕੇ ਸਿਵਾ ਕੋਈ ਉਨ ਕੇ ਸਾਥ ਨਹੀਂ ਦਿਖਤਾ।

*(ਵਾਇਸਰਾਏ ਦੀਆਂ ਅੱਖਾਂ 'ਚ ਚਮਕ ਆਉਂਦੀ ਹੈ।)*

ਵਾਇਸਰਾਇ : ਮਹਾਤਮਾ..., ਹਿੰਦੁਸਤਾਨੀ... ਸੋਸ਼ਲਿਸਟ-ਕਿਆ ਹੈ-ਆਰਮੀ, ਕ੍ਰਸ਼ ਦੈਮ..., ਖਤਮ ਕਰ ਦੋ..., ਹਰ ਹਾਲ ਮੇਂ। ਯੇ ਸਿਰਫ਼ ਲਾਅ ਐਂਡ ਆਰਡਰ ਦਾ ਮਸਲਾ ਨਹੀਂ ਹੈ। *(ਅਜਨਬੀ ਦੀ ਬੇਚੈਨੀ)*

ਅਜਨਬੀ : ਆਈ ਵਾਰਨ ਯੂ ਮਿ. ਕ੍ਰਾਊਨ। *(ਕ੍ਰਾਸ ਦੇ ਮੂਹਰੇ ਆ ਖੜ੍ਹਦਾ ਹੈ।)*

ਵਾਇਸਰਾਇ : ਯੇ ਹਮਾਰੀ ਕੂਟਨੀਤੀ ਕਾ ਮੂਵਿੰਗ ਸੈਂਟਰ ਹੋਨਾ ਚਾਹੀਏ-। *(ਹੱਥ ਦੇ ਇਸ਼ਾਰੇ ਨਾਲ ਅੱਡ-ਅੱਡ ਕਰਦਾ ਹੈ।)* ਮਹਾਤਮਾ..., ਕ੍ਰਾਂਤੀਕਾਰੀ...। ਅੰਡਰਸਟੈਂਡ...।

ਸਾਰੇ : ਯੈਸ ਹਿਜ਼ ਐਕਸੀਲੈਂਸੀ...। *(ਅਟੈਸ਼ਨ ਹੁੰਦੇ ਹੋਏ।)*

ਅਜਨਬੀ : *(ਉੱਚੀ ਸੁਰ 'ਚ)* ਕਮਾਲ ਮਿ. ਚਾਣਕਯ...। ਤੁਸੀਂ ਕਮਾਲ ਦੇ ਕੂਟਨੀਤੀਵਾਨ ਹੋ- *(ਵਿਅੰਗ)* ਗ੍ਰੇਟ ਡਿਪਲੋਮੇਟ। *(ਮੁੜ ਕੇ ਫੇਰ ਕ੍ਰਾਸ ਨੂੰ ਛੂੰਹਦਾ ਹੈ।)*

ਵਾਇਸਰਾਇ : *(ਆਪਣੇ ਹੀ ਖਿਆਲਾਂ 'ਚ ਕ੍ਰਾਸ ਵੱਲ ਮੁੜਦਾ ਹੈ।)* ਸ਼ਟਅਪ...। *(ਸਾਰੇ ਅਫ਼ਸਰ ਬਿਲਕੁਲ ਭੁਚੱਕੇ ਹਨ। ਉਹ ਫੇਰ ਰੰਗ ਬਦਲਦਾ ਹੈ।)* ਥੈਂਕਯੂ...। *(ਮੁਸਕਰਾ ਕੇ ਚਲਾ ਜਾਂਦਾ ਹੈ।)*

*ਫੇਡ ਆਊਟ*

*(ਰੌਸ਼ਨੀ ਅਜ਼ਨਬੀ ਤੇ ਭਗਤ ਸਿੰਘ 'ਤੇ ਪੈਂਦੀ ਹੈ। ਉਸ ਦੇ ਮੋਢਿਆਂ 'ਤੇ ਬੰਗਾਲੀ ਸ਼ਾਲ ਹੈ। ਦੋ ਆਦਮੀ ਬੈਠੇ ਹਨ।*

ਭਗਤ ਸਿੰਘ : *(ਦੋਹਾਂ ਦੇ ਵਿਚਾਲੇ ਜਾਂਦਾ ਹੈ।)*

1\. : ਕੀ ਖੱਟਿਆ ਸਾਂਡਰਸ ਨੂੰ ਮਾਰ ਕੇ...?

2\. : ਕਕੋਰੀ ਦੀ ਡਕੈਤੀ.... ਨਿਕਲਿਆ ਕੀ...?

1\. : ਕਿੱਥੇ ਹੈ ਕ੍ਰਾਂਤੀ...?

2\. : ਆਜ਼ਾਦੀ... ਵੀ ਨਜ਼ਰ ਨਹੀਂ ਆਉਂਦੀ...?

1\. : ਨੌਜਵਾਨਾਂ ਦੀ ਭੀੜ... ਜੇ ਪਿੱਛੇ ਪਿੱਛੇ ਤੁਰੀ ਆਉਂਦੀ ਸੀ...?

2\. : ਸਭ ਫਾਲਤੂ ਦੀ ਦਹਿਸ਼ਤਗਰਦੀ...। ਡਰ ਗਏ ਅੰਗਰੇਜ਼...?

1. : ਕੁਝ ਨਹੀਂ ਹੁੰਦਾ... ਇੱਕਾ ਦੁੱਕਾ ਕਤਲਾਂ ਨਾਲ...।

2. : ਹੀਰੋਇਜ਼ਮ ਏ...। ਨਿਰੀ ਅਰਾਜਕਤਾ...।

ਭਗਤ ਸਿੰਘ : ਪਰ ਇਹ ਤੇ ਸਿਰਫ਼ ਸਾਧਨ ਨੇ... ਉਦੇਸ਼ ਨਹੀਂ...।

1. : ਕਿਤੇ ਕਾਮਯਾਬ ਹੋਏ...? ਕਿਤੇ ਨਹੀਂ...।

2. : *(ਜੋਸ਼ ਨਾਲ)* ਲੋਕ ਕਿੱਥੇ ਨੇ...?

ਭਗਤ ਸਿੰਘ : ਲੋਕਾਂ 'ਚ ਜੋਸ਼ ਭਰਨਾਂ ਤਾਂ ਜ਼ਰੂਰੀ ਏ–।

1. : ਬਹੁਤ ਜੋਸ਼ ਦੇਖਿਆ ਅਸੀਂ–ਬੰਗਾਲ ਦੀ ਵੰਡ ਵੇਲੇ–।

2. : ਗੁੱਸੇ ਦਾ ਹੜ੍ਹ–, ਦੇਖਦੇ ਈ ਦੇਖਦੇ ਲਹਿ ਗਿਆ–। ਨਿਰੇ ਜਜ਼ਬਿਆਂ 'ਤੇ ਨਹੀਂ ਉਸਰਦੇ ਇਨਕਲਾਬ। ਲੋਕ ਚਾਹੀਦੇ ਨੇ ਨਾਲ। *(ਚੁੱਪੀ)*

1. : ਹਥਿਆਰ ਚਾਹੀਦੈ -- ਤੈਨੂੰ। ਗੋਲੀ ਸਿੱਕਾ–।

2. : ਬੰਬ ਬਣਾਉਣ ਦਾ ਤਰੀਕਾ...। ਠੀਕ ਐ–।

1. : ਅਸੀਂ ਸਭ ਦੇਖ ਲਿਆ ਇਹ।

2. : ਛੱਡ ਦਿੱਤਾ ਸਭ ਕਰ ਕਰਾ ਕੇ... ਕਦੋਂ ਦਾ...।

*(ਦੋਹੇਂ ਜਾਂਦੇ ਹਨ। ਭਗਤ ਸਿੰਘ ਇਕੱਲਾ ਰਹਿ ਜਾਂਦਾ ਹੈ, ਮੁੜ ਅਜਨਬੀ ਵੱਲ ਆਉਂਦਾ ਹੈ।)*

ਭਗਤ ਸਿੰਘ : ਕਲਕਤੇ ਪਹੁੰਚਦੇ ਸਾਰ ਹੀ ਸਭ ਬਦਲ ਗਿਆ ਸੀ। ਰੋਮਾਂਸਵਾਦ ਦਾ ਦੌਰ ਗੁਜ਼ਰ ਗਿਆ। ਗੰਭੀਰ ਵਿਚਾਰ..., ਸਵਾਲ..., ਉਨ੍ਹਾਂ ਦੇ ਡੰਗ...ਬਿੱਛੂਆਂ ਵਰਗੇ... ਵੱਜਦੇ, ਉੱਥੋਂ ਭੱਜ ਕੇ ਕਾਂਗਰਸ ਦੇ ਸਮਾਗਮ 'ਚ ਜਾ ਵੜਿਆ। *(ਦੁਖੀ)* ਪਰ ਉਹ ਕਿਤੇ ਹੋਰ ਈ ਉਲਝੇ ਸੀ। ਉੱਥੋਂ ਦੌੜਿਆ... ਪਰ ਜਾਂਦਾ ਕਿੱਥੇ, ਸਵਾਲ ਤਾਂ ਅੰਦਰ ਸੀ। ਸਵਾਲ ਹੀ ਸਵਾਲ। ਕੀ ਸਿਰਫ਼ ਅਫ਼ਰਾ–ਤਫਰੀ ਸੀ..., ਜਿਸ ਲਈ ਘਰ ਘਾਟ ਛੱਡੇ..., ਕੀ ਵਿਰੋਧੀ ਸਹੀ ਨੇ? ਨਿਸ਼ਾਨਾ ਠੀਕ... ਪਰ ਰਾਹ...!

*(ਸਵਾਲਾਂ ਦਾ ਲਾਵਾ ਮੱਥੇ 'ਚ ਘੁੱਟੀ ਮੈਂ ਆਗਰੇ ਨੂੰ ਤੁਰ ਪਿਆ...। ਸਬ ਉੱਥੇ ਈ ਪਹੁੰਚ ਰਹੇ ਸੀ।*

*(ਭਗਤ ਸਿੰਘ ਸ਼ਾਲ ਨੂੰ ਉਸ ਦੀ ਥਾਂ 'ਤੇ ਟੰਗਦਾ ਹੈ ਦੋਹੇਂ ਬਾਹਰ ਨਿਕਲ ਜਾਂਦੇ ਹਨ।)*

*(ਦੂਜੇ ਪਾਸੇ ਰੌਸ਼ਨੀ ਹੁੰਦੀ ਹੈ। ਰਾਜਗੁਰੂ ਇਕ ਬੋਰਡ 'ਤੇ ਕਿਸੇ ਤਸਵੀਰ ਦੇ ਟੁਕੜੇ ਜੋੜ ਰਿਹਾ ਹੈ। ਭਗਤ ਸਿੰਘ ਦਬੇ ਪੈਰੀਂ ਉਸ ਦੇ ਪਿੱਛੇ ਜਾਂਦਾ ਹੈ। ਝਾਤੀ ਮਾਰ ਕੇ ਦੇਖਦਾ ਹੈ। ਸ਼ਰਾਰਤ ਦੇ ਅੰਦਾਜ਼ ਨਾਲ ਉੱਚੀ ਚੀਖਦਾ ਹੈ।)*

ਭਗਤ ਸਿੰਘ : ਇਨਕਲਾਬ...। *(ਰਾਜਗੁਰੂ ਫੁਰਤੀ ਨਾਲ ਪਲਟ ਕੇ ਪਿਸਤੌਲ ਤਾਣਦਾ ਹੈ। ਭਗਤ ਸਿੰਘ ਹੱਥ ਖੜੇ ਕਰ ਦਿੰਦਾ ਹੈ।)* ਜ਼ਿੰਦਾਬਾਦ।

ਰਾਜ : ਉਹ ਤੇਰੀ... ਇਨਕਲਾਬ ਦੇ ਵੱਡੇ... *(ਹੱਸਦੇ ਹੋਏ ਗੁਥਮਗੁਥਾ ਹੁੰਦੇ ਹਨ।*

ਭਗਤ ਸਿੰਘ : ਆ ਜਾ ਫੇਰ... ਆਜਾ... ਐ ਹੀ ਸਹੀ... ਚਲ... *(ਦੋਹੋਂ ਜ਼ੋਰ ਲਾਂਦੇ ਹਨ। ਭਗਤ ਉਸ ਨੂੰ ਢਾਹ ਲੈਂਦਾ ਹੈ। ਰਾਜਗੁਰੂ ਹੱਸ-ਹੱਸ ਕੇ ਦੂਹਰਾ ਹੋਈ ਜਾਂਦਾ-)*

ਰਾਜ : ਛੱਡ ਦੇ ਯਾਰ... ਲਗ ਜਾਊ ਐਵੇਂ *(ਹੱਸਦੇ ਹੋਏ ਕਪੜੇ ਝਾੜਦੇ ਹੋਏ ਉਠਦੇ ਹਨ।)*-: ਤੂੰ ਤੇ ਤਰਾਹ ਈ ਕੱਢ ਤਾ ਸੀ ਮੇਰਾ, ਮੈਂ ਕਿਹਾ ਲੈ ਆ ਗਿਆ ਫੇਰ... ਫੇਰ...।

ਭਗਤ ਸਿੰਘ : ਕੌਣ ਮਹਾਪੰਡਿਤ... ਬ੍ਰਹਮਚਾਰੀ ਆਜ਼ਾਦ...। *(ਹੱਸਦੇ ਹਨ)* ਕੀ ਗੱਲ... ਪਿੱਛੇ ਕੀ ਐ...?

ਰਾਜ : *(ਲੁਕੋਂਦੇ ਹੋਏ)* ਕੁਝ ਨੀ ਯਾਰ..., ਐਵੇਂ...। *(ਭਗਤ ਤਸਵੀਰ ਖੋਹ ਲੈਂਦਾ ਹੈ।)*

ਭਗਤ ਸਿੰਘ : ਕੁੜੀ ਦੀ ਤਸਵੀਰ..., ਉਹ ਵੀ ਬਿਕਨੀ 'ਚ-।

ਰਾਜ : ਜਾਣ ਦੇ ਯਾਰ..., ਐਵੇਂ ਪੰਡਿਤ ਜੀ ਆ ਗਏ... ਤੂੰ ਸਿਰ ਪੜਵਾਏਂਗਾ।

ਭਗਤ ਸਿੰਘ : ਪਰ ਇਹ ਹਾਲ ਕੀਹਨੇ ਕੀਤਾ ਇਹਦਾ...? ਟੁੱਕੜੇ-ਟੁੱਕੜੇ ਕਰ ਛੱਡੀ।

ਰਾਜ : ਹੋਰ ਕੀਹਨੇ...।

ਭਗਤ ਸਿੰਘ : *(ਅੰਦਾਜ਼ਾ ਲਾਉਂਦੇ ਹੋਏ)* ਆਪਣੇ- ਪਡਿੰਤ ਜੀ... ਸੋਸ਼ਲਿਸਟ ਰਿਪਬਲੀਕਨ ਆਰਮੀ ਦੇ ਕਮਾਂਡਰ ਇਨ ਚੀਫ਼ ਆਜ਼ਾਦ... ਹੈਂਅ... *(ਖਿੜ ਖਿੜਾ ਕੇ ਹੱਸਦਾ ਹੈ।)* ਬਸ ਇੰਨੇ 'ਚ ਛੱਡ ਦਿੱਤਾ।

ਰਾਜ : ਕਿੱਥੋਂ ਛੱਡ ਤਾਂ...। ਪਤਾ ਨੀ ਕੀ ਕੀ ਅਵਾ ਤਵਾ-ਬੋਲੀ ਗਿਆ ਕਿੰਨੀ ਦੇਰ। 'ਦੁਨੀਆਂ ਦੀ ਹਰ ਸੋਹਣੀ ਸ਼ੈਅ ਨੂੰ ਤਬਾਹ ਕਰ ਦਉ।' ਤਾਜਮਹਲ ਤੱਕ ਨੂੰ ਨਹੀਂ ਬਖਸ਼ਿਆ ਯਾਰ... - *(ਫਿੱਕਾ ਜਿਹਾ ਹੱਸਦਾ)* ਪਤਾ ਨਹੀਂ ਕਿੱਥੋਂ ਇੰਨਾ ਗੁੱਸਾ ਆਉਂਦਾ ਉਸ ਬੰਦੇ 'ਚ।

ਭਗਤ ਸਿੰਘ : *(ਗੰਭੀਰ ਹੋ ਕੇ ਗੱਲ ਬਦਲਦਾ ਹੈ।)* ਚਲ ਛੱਡ... ਐਵੇਂ ਬੋਝ ਪਾਇਆ-।

ਰਾਜ : ਤੂੰ ਦਸ... ਹਰ ਵੇਲੇ ਉਹੀ ਟੈਂਸ਼ਨ..., ਬਹਿਸਾਂ, ਸਟਡੀ ਸਰਕਲ..., ਡਸਿਪਲਿਨ-। ਬੰਦਾ ਬੋਰ ਨਹੀ ਹੋ ਜਾਂਦਾ...। ਜੇ ਮੈਂ ਇਹ ਤਸਵੀਰ ਲਾ ਲਈ... ਗੁਨਾਹ ਕਰਤਾ ਕੋਈ। *(ਉਲਾਂਭੇ ਦੀ ਸੁਰ 'ਚ)* ਦੁਨੀਆਂ ਨੂੰ ਸੋਹਣਾ ਬਣਾਉਣ ਤੁਰੇ..., ਜੇ ਪਿਆਰ ਦੀ... ਸੁਹਪਣ ਦੀ ਗੱਲ ਕਰ ਲਓ... ਕਦੇ ਭੁੱਲ ਭੁਲੇਖੇ..., ਦੁਸ਼ਮਣੀ ਹੋ ਜਾਊ ਇਨਕਲਾਬ ਨਾਲ।

ਭਗਤ ਸਿੰਘ : *(ਕਾਵਿਕ ਮੂਡ 'ਚ)* ਇਹ ਤੇ ਬੜਾ ਈ ਪਿਆਰਾ ਜਜ਼ਬਾ ਏ ਰਾਜ..., ਬੰਦਿਆਂ ਨੂੰ ਬੰਦਾ ਬਣਾ ਦਿੰਦਾ... ਰਸ ਘੋਲ ਦਿੰਦਾ। ਜਦੋਂ ਬਿਲਕੁਲ ਟੁਟੇ ਹੁੰਦੇ ਓ ਤੁਸੀਂ..., ਕੁੱਝ ਸੁਝਦਾ ਨਹੀਂ..., ਪ੍ਰੇਮਿਕਾ ਦਾ ਇੱਕ ਨਿੱਕਾ ਜਿਹਾ ਖ਼ਤ... ਜਾਨ ਪਾ ਦਿੰਦਾ, ਦੋ ਬੋਲ..., ਪਿਆਰ ਦੇ... ਪਾਗ਼ਲ ਹੋਣ ਤੋਂ ਬਚਾ ਲੈਂਦੇ। *(ਆਜ਼ਾਦ ਉਨ੍ਹਾਂ ਦੀ ਗੱਲ ਸੁਣਦੇ ਹੋਏ ਆਉਂਦਾ ਹੈ। ਉਨ੍ਹਾਂ ਦੀ ਨਜ਼ਰ ਉਸ 'ਤੇ ਨਹੀਂ ਪੈਂਦੀ।)*

ਆਜ਼ਾਦ : ਸਾਡੀ ਜ਼ਿੰਦਗੀ ਇਕ ਲੰਮੀ ਤੇ ਉਦਾਸ ਕਵਿਤਾ ਹੈ ਭਗਤ, ਖੁਰਦਰੀ, ਜੋ ਅਸੀਂ ਖ਼ੁਦ ਚੁਣੀ ਹੈ, ਕਿਸੇ ਨੇ ਥੋਪੀ ਨਹੀਂ ਸਾਡੇ 'ਤੇ।

ਰਾਜ : *(ਬੁੜਬੁੜਾਂਦਾ ਹੈ।)* ਲੈ ਲਿਆ ਪੰਘਾ-। *(ਉੱਚੀ)* ਪੰਡਿਤ ਜੀ-।

ਆਜ਼ਾਦ : ਖ਼ੂਬਸੂਰਤੀ ਦਾ ਵੈਰੀ ਨਹੀਂ ਮੈਂ। ਪਰ ਕੋਈ ਸ਼ੈਅ ਮੈਨੂੰ ਮੇਰੇ ਨਿਸ਼ਾਨੇ ਤੋਂ ਭਟਕਾ ਨਹੀਂ ਸਕਦੀ...। ਭਾਵੇਂ ਕਿੰਨੀ ਹੀ ਸੋਹਣੀ ਕਿਉਂ ਨਾ ਹੋਵੇ-। *(ਰਾਜਗੁਰੂ ਵੱਲ ਦੇਖਦਾ ਹੈ। ਰਾਜਗੁਰੂ ਤਸਵੀਰ ਫਾੜ ਦਿੰਦਾ ਹੈ। ਦੋਹੇਂ ਓਪਰੀ ਜਿਹੀ ਜੱਫੀ ਪਾਉਂਦੇ ਹਨ।)*

ਭਗਤ : ਪਰ ਨਿਸ਼ਾਨਾ ਹੈ ਕੀ? ਕਿੱਥੇ ਪਹੁੰਚੇ ਹਾਂ, ਜਾ ਕਿੱਧਰ ਰਹੇ ਆਂ। ਕਰ ਕੀ ਰਹੇ ਹਾਂ ਅਸੀਂ। *(ਦੋਹੇਂ ਸਾਵਲੀਆਂ ਨਜ਼ਰਾਂ ਨਾਲ ਉਸ ਨੂੰ ਦੇਖਦੇ ਹਨ।)*

ਰਾਜ : ਠੀਕ ਕਹਿ ਰਿਹਾ ਇਹ। ਛੇਤੀ ਹੀ ਕੋਈ ਐਕਸ਼ਨ ਕਰਨਾ ਪਵੇਗਾ।

ਭਾਗਤ : ਕਿਸ ਲਈ? ਕੁਝ ਦੇਰ ਸੁਰਖੀਆਂ ਤੇ ਫੇਰ ਖ਼ਤਮ ਕਹਾਣੀ *(ਚੁੱਪੀ)* ਸਾਡੇ

ਆਪਣੇ ਈ ਸਾਨੂੰ ਕਾਤਲਾਂ ਦਾ ਟੋਲਾ ਦੱਸਦੇ। ਬਰਦਾਸ਼ਤ ਕਰ ਸਕਦੇ ਓ ਤੁਸੀਂ-।

ਆਜ਼ਾਦ : ਤੂੰ ਕੀ ਚਾਹੁੰਦੈਂ, ਹਥਿਆਰ ਸੁੱਟ ਕੇ ਸਤਿਆਗ੍ਰਹਿ ਕਰੀਏ ? ਘੇਰਾ ਪਾ ਲਈਏ ਅਸੈਂਬਲੀ ਨੂੰ ਜਾ ਕੇ। ਜਾਂ ਉਡੀਕੀਏ ਕਿ ਬੁਰਕੀ ਸੁਟੱਣਗੇ ਉਹ ਸਾਨੂੰ ਵੀ *(ਚੁੱਪੀ)* ਫੜ ਕੇ ਬੰਦ ਕਰ ਦੇਣਗੇ। ਤੇ ਕਿਸੇ ਨੇ ਬਾਤ ਵੀ ਨਹੀਂ ਪੁੱਛਣੀ...। *(ਚੁੱਪੀ)*

ਭਗਤ : ਪਰ ਹਿੰਸਾ ਦਾ ਇਹ ਕਲੰਕ.. ਤੇ ਧੋਣਾ ਪਵੇਗਾ..., ਭਾਵੇਂ ਆਪਣੇ ਈ ਖ਼ੂਨ ਨਾਲ ਕਿਉਂ ਨਹੀਂ...। ਦੱਸਣਾ ਪਏਗਾ... ਕਿ ਨਾ ਤਾਂ ਅਸੀਂ ਕਾਤਿਲ ਹਾਂ ਨਾ ਹੀ ਦਹਿਸ਼ਤ ਫੈਲਾਉਣ ਵਾਲੇ ਅੱਤਵਾਦੀ...। ਸਾਡੇ ਵੀ ਕੁਝ ਨਿਸ਼ਾਨੇ ਨੇ, ਐਵੇਂ ਫੋਕੀ ਵਾਹ-ਵਾਹੀ ਲਈ ਨਹੀਂ ਅਸੀਂ ਜਾਨਾਂ ਤਲੀ 'ਤੇ ਧਰੀ ਫਿਰਦੇ-।

ਰਾਜ : *(ਮੋਢੇ 'ਤੇ ਹੱਥ ਰੱਖਦੇ ਹੋਏ)* ਕੀ ਹੈ ਤੇਰੇ ਦਿਮਾਗ਼ 'ਚ ?

ਆਜ਼ਾਦ : ਸਾਫ਼ ਸਾਫ਼ ਦੱਸ-।

ਭਗਤ : ਸਮਾਂ ਹੁਣ ਵਿਚਾਰਧਾਰਕ ਲੜਾਈ ਲੜਨ ਦਾ ਹੈ-।

ਆਜ਼ਾਦ : ਦਿਮਾਗ ਖ਼ਰਾਬ ਹੋ ਗਿਆ ਤੇਰਾ...। ਸਾਰੇ ਹਿੰਦੋਸਤਾਨ ਦੀ ਪੁਲੀਸ ਪੈੜ ਸੁੰਘਦੀ ਫਿਰਦੀ ਏ ਤੇਰੀ-। ਜਿੱਦਣ ਹੱਥੇ ਚੜ ਗਿਆ... *(ਜਾਣ ਬੁਝ ਕੇ ਅਧੂਰਾ ਛੱਡਦਾ)*

ਭਗਤ : ਮੈਨੂੰ ਪਤਾ..., ਕੁਝ ਸੁਫ਼ਨੇ ਪੂਰੇ ਹੋਣ ਲਈ ਨਹੀਂ ਹੁੰਦੇ...। ਮਜ਼ਦੂਰਾਂ-ਕਿਸਾਨਾਂ 'ਚ ਕੰਮ ਕਰਨ ਦਾ ਸੁਫ਼ਨਾ ਵੀ ਕੁਝ ਇੱਦਾ ਦਾ ਹੀ। ਪਰ ਅਸੀਂ ਲੋਕਾਂ ਦਾ ਧਿਆਨ ਖਿੱਚ ਸਕਦੇ ਹਾਂ ਇਸ ਵੱਲ। ਸਰਕਾਰਾਂ ਹੀ ਨਹੀਂ ਲੋਕ ਵੀ ਬੋਲੇ ਹੋ ਜਾਂਦੇ। *(ਜੋਸ਼ ਨਾਲ)* ਉਨ੍ਹਾਂ ਨੂੰ ਸਾਡੀ ਗੱਲ ਸੁਣਨੀ ਹੀ ਪਵੇਗੀ... ਹਰ ਹਾਲ 'ਚ ਸੁਣਨੀ ਪਵੇਗੀ। ਇੰਨੀ ਉੱਚੀ ਬੋਲਾਂਗੇ ਅਸੀਂ...। ਪਰ ਕਦੋਂ... ਕਿੱਥੇ... ਤੇ ਕਿਵੇਂ...। ਫੈਸਲਾ ਬਸ ਇਸੇ ਗੱਲ ਦਾ ਲੈਣਾ ਹੈ।

ਰਾਜ : ਸਵਾਲ ਤਾਂ ਫੇਰ ਉੱਥੇ ਦਾ ਉੱਥੇ ਹੈ।

ਭਗਤ ਸਿੰਘ : ਅਸੀਂ ਅਸੈਂਬਲੀ 'ਚ ਬੰਬ ਸੁੱਟਾਂਗੇ।

ਦੋਹੇਂ : *(ਹੈਰਾਨ)* ਬੰਬ-! *(ਇਕ ਦੂਜੇ ਵੱਲ ਦੇਖਦੇ ਹਨ।)* ...ਅਸੈਂਬਲੀ

ਭਗਤ ਸਿੰਘ : ਕਿਸੇ ਨੂੰ ਮਾਰਨ ਲਈ ਨਹੀਂ। ਅਸੈਂਬਲੀ ਮੈਂਬਰਾਂ ਦੀਆਂ ਅੱਖਾਂ ਖੋਲਣ ਲਈ। ਅਸਲੀ ਬੰਬ ਤਾ ਹੋਵੇਗਾ ਉਹ ਪੈਂਫਲੇਟ ਜਿਸ ਰਾਹੀਂ ਅਸੀਂ ਆਪਣਾ ਸੁਨੇਹਾ ਦੇਵਾਂਗੇ।

ਰਾਜ : ਪਰ...।

ਭਗਤ ਸਿੰਘ : ਇਸ ਲਈ ਮੈਂ ਆਪਣਾ ਨਾਂ ਤਜਵੀਜ਼ ਕਰਦਾਂ।

ਆਜ਼ਾਦ : ਹਰਗਿਜ਼ ਨਹੀਂ। ਮੈਂ ਤੇਰੀ ਜ਼ਿੰਦਗੀ ਦਾ ਰਿਸਕ ਨਹੀਂ ਲੈ ਸਕਦਾ-।

ਰਾਜ : ਪਰ ਬੰਬ ਸੁੱਟ ਕੇ... ਉੱਥੋਂ ਬਚ ਨਿਕਲਣਾ ਤਾਂ...।

ਭਗਤ ਸਿੰਘ : ਬਚ ਨਿਕਲਣਾ... ਉਹਦਾ ਤੇ ਸਵਾਲ ਹੀ ਨਹੀਂ, ਫੇਰ ਤੇ ਸਭ ਉੱਥੇ ਹੀ ਖ਼ਤਮ ਹੋ ਜਾਵੇਗਾ। ਅਸੀਂ ਗ੍ਰਿਫ਼ਤਾਰ ਹੋਵਾਂਗੇ..., ਉਹ ਪੈਂਫਲੇਟ ਸਾਡੇ ਕੋਲ ਹੋਣਗੇ, ਚਰਚਾ ਛਿੜੇਗੀ... ਕਿ ਅਸੀਂ ਇਹ ਰਿਸਕ ਕਿਉਂ ਲਿਆ। ਅਦਾਲਤ 'ਚ ਅਸੀਂ ਦਿਖ਼ਾ ਦਿਆਂਗੇ ਕਿ ਅੰਗਰੇਜ਼ੀ ਨਿਆਂ ਕਾਨੂੰਨ ਸਭ ਪਾਖੰਡ ਹੈ। ਹੋ ਸਕਦਾ ਹੈ ਕੁਝ ਅਖ਼ਬਾਰਾਂ ਸਾਡਾ ਉਹ ਪੈਂਫਲੇਟ ਛਾਪ ਦੇਣ। ਲੋਕਾਂ 'ਚ ਸਾਡੀ ਗੱਲ ਜਾਵੇਗੀ, ਸਾਡਾ ਪ੍ਰੋਗਰਾਮ, ਇਨਕਲਾਬ ਦੀ... ਨਵੇਂ ਰਾਜ ਦੀ ਉਸਾਰੀ ਦੀ ਗੱਲ- *(ਦੋਹੇਂ ਉਸ ਦਾ ਮੂੰਹ ਤੱਕਦੇ ਹਨ।)* ਇਹੋ ਤਾਂ ਹੈ, ਜਿਸ ਦੀ ਲੋੜ ਹੈ।

ਆਜ਼ਾਦ : ਪਰ ਜਾਵੇਗਾ ਉਹੀ।.., ਜਿਸ ਨੂੰ ਸੈਂਟਰਲ ਕਮੇਟੀ ਭੇਜੇਗੀ। *(ਰਾਜਗੁਰੂ ਨੂੰ)* ਅੱਜ ਹੀ ਸਭ ਨੂੰ ਸੁਨੇਹੇ ਭੇਜ ਦਿਉ।

*(ਭਗਤ ਸਿੰਘ ਨੂੰ ਬੋਲਣ ਦਾ ਮੌਕਾ ਦਿੱਤੇ ਬਿਨਾਂ ਹੀ ਆਜ਼ਾਦ ਚਲਾ ਜਾਂਦਾ ਹੈ। ਰਾਜਗੁਰੂ ਵੀ ਦੂਸਰੇ ਪਾਸੇ ਨਿਕਲ ਜਾਂਦਾ ਹੈ। ਭਗਤ ਸਿੰਘ ਤੜਫਦਾ ਖੜਾ ਰਹਿ ਜਾਂਦਾ ਹੈ।)*

ਭਗਤ : ਮੈਂ ਬੁਰੀ ਤਰ੍ਹਾਂ ਤੜਫ਼ ਰਿਹਾ ਸੀ। ਮੀਟਿੰਗ 'ਚ ਮੇਰਾ ਨਾਂ ਪਾਸ ਨਹੀਂ ਸੀ ਹੋਇਆ। ਹੋਰ ਤਾਂ ਹੋਰ ਸੁਖਦੇਵ ਨੇ ਵੀ ਮੇਰੇ 'ਤੇ ਸ਼ੱਕ ਕੀਤਾ, ਕਮਜ਼ੋਰੀ ਦਾ ਇਲਜ਼ਾਮ ਲਾਇਆ ਮੇਰੇ 'ਤੇ। *(ਚੁੱਪੀ)*

*(ਸੁਖਦੇਵ ਆਉਦਾ ਹੈ।)*

ਸੁਖਦੇਵ : ਤੈਨੂੰ ਨਹੀਂ ਲੱਗਦਾ..., ਤੂੰ ਭੱਜ ਰਿਹਾਂ।

ਭਗਤ ਸਿੰਘ : ਕੀ ਮਤਲਬ...?

ਸੁਖਦੇਵ : ਦੂਜਿਆਂ ਨੂੰ ਮੌਤ ਦੇ ਮੂੰਹ 'ਚ ਝੋਕ ਕੇ..., ਖ਼ੁਦ ਪੱਲਾ ਝਾੜ ਰਿਹਾਂ।

ਭਗਤ ਸਿੰਘ : ਸੁਖਦੇਵ..., ਇਹ ਤੂੰ...।

ਸੁਖਦੇਵ : ਇੱਕ ਔਰਤ ਦੇ ਮੋਹ ਨੇ ਨਿਕੰਮਾ ਕਰ ਦਿੱਤਾ ਤੈਨੂੰ..., ਨਕਾਰਾ।

ਭਗਤ ਸਿੰਘ : ਬਸ..., ਬਸ ਸੁਖਦੇਵ... ਬਸ..

ਸੁਖਦੇਵ : ਜਕੜ ਲਿਆ ਉਸ ਨੇ ਤੈਨੂੰ। ਕੋਈ ਫ਼ਾਇਦਾ ਨਹੀਂ ਹੁਣ ਤੇਰਾ ਇਨਕਲਾਬ ਨੂੰ। ਦਿਮਾਗ਼ੀ ਐਯਾਸ਼ੀ ਏ ਬਸ। *(ਚੁੱਪੀ)* ਸੱਚ ਦਸ ਇਹ ਖਿਆਲ ਤੇਰੇ ਦਿਮਾਗ਼ 'ਚ ਆਇਆ ਕਦੋਂ ਸੀ।

ਭਗਤ ਸਿੰਘ : ਵੇਲਾਂ ਦੇ ਉਹ ਸ਼ਬਦ ਅਸੀਂ ਇਕੱਠੇ ਹੀ ਪੜੇ ਸੀ।.., ਬੋਲ਼ਿਆਂ ਨੂੰ ਸਣਾਉਣ ਦਾ ਢੰਗ, *(ਤੈਸ਼ 'ਚ)* ਪਰ ਉਦੋਂ ਉਹ ਸਿਰਫ਼ ਸਨਸਨੀ ਸੀ ਇੱਕ, ਆਪਣੇ ਖ਼ੂਨ 'ਚ ਤਪਾ ਕੇ ਮੈਂ ਉਸ ਨੂੰ ਵਿਚਾਰ ਬਣਾਇਆ।

ਸੁਖਦੇਵ : ਤੇ ਹੁਣ ਜਦ ਅਮਲ ਦਾ ਵੇਲਾ ਆਇਆ, ਜ਼ਿਦੰਗੀ ਦੇਣ ਦਾ..., ਤਾਂ ਤੂੰ ਚਾਹੁੰਦਾ ਕਿ ਉਹ ਕੰਮ ਕੋਈ ਹੋਰ ਕਰੇ, ਜਿਸ ਦਾ ਇਹ ਵਿਚਾਰ ਹੈ ਹੀ ਨਹੀਂ, ਜਿਸ ਨੇ ਆਪਣੀ ਛਾਤੀ 'ਚ ਪਾਲਿਆ ਹੀ ਨਹੀਂ ਉਸ ਨੂੰ..., ਉਹ ਉਸ ਦੀ ਖ਼ਾਤਿਰ ਮੌਤ ਨਾਲ ਖੇਡਣ ਤੇ ਤੂੰ ਇਕ ਔਰਤ ਲਈ-।

ਭਗਤ ਸਿੰਘ : ਤੂੰ ਮੇਰੀ ਬੇਜ਼ਤੀ ਕਰ ਰਿਹਾਂ- ਸੁਖਦੇਵ। ਕੋਈ ਗਲਤਫ਼ਹਿਮੀ ਏ ਤੈਨੂੰ-।

ਸੁਖਦੇਵ : *(ਅਣਸੁਣੀ ਕਰਕੇ)* ਤੂੰ ਜਾਣਦਾਂ..., ਇਹ ਕੰਮ ਸਿਰਫ਼ ਤੇਰੇ ਲਈ ਏ..., ਸਿਰਫ਼ ਤੂੰ ਹੀ ਕਰ ਸਕਦਾਂ ਇਸਨੂੰ। *(ਚੁੱਪੀ)* ਮੈਂ ਆਪਣਾ ਫ਼ਰਜ਼ ਪੂਰਾ ਕੀਤਾ..., ਅੱਗੇ ਤੇਰੀ ਮਰਜ਼ੀ-।

*(ਭਗਤ ਸਿੰਘ ਉਸ ਨੂੰ ਜਾਂਦੇ ਦੇਖਦਾ ਹੈ ਤੇ ਫੇਰ ਝਟਕੇ ਨਾਲ ਅੱਗੇ ਵੱਧਦਾ ਹੈ। ਤੇ ਫੇਰ ਰੁਕ ਜਾਂਦਾ ਹੈ।)*

ਭਗਤ ਸਿੰਘ : ਮੈਂ ਕਮਜ਼ੋਰ ਨਹੀਂ ਸੀ, ਤਿਆਰ ਸੀ..., ਅੰਤਮ ਯਾਤਰਾ ਲਈ, ਖ਼ੁਦ ਆਪਣੇ ਪੈਰਾਂ 'ਤੇ ਤੁਰ ਕੇ ਜਾਣ ਲਈ, ਜਾ ਸਕਦਾ ਸੀ ਮੈਂ। ਦੂਜੀ ਮੀਟਿੰਗ 'ਚ ਮੇਰਾ ਨਾਂ, ਮੇਰੀ ਭੇਂਟ ਕਬੂਲ ਹੋਈ, ਬਹੁਤ ਖੁਸ਼ ਸੀ ਮੈਂ, ਬਹੁਤ ਖੁਸ਼। ਬਟੁਕੇਸ਼ਵਰ ਮੇਰੇ ਨਾਲ ਹੀ ਦਿੱਲੀ ਆਇਆ। ਅਸੀਂ ਅਸੈਂਬਲੀ ਦੇਖਣ ਗਏ, ਬਹੁਤ ਜ਼ਰੂਰੀ ਸੀ ਇਹ, ਉਹ ਥਾਂ ਚੁਣਨੀ, ਜਿੱਥੋਂ ਬੰਬ ਸੁੱਟੀਏ, ਤਾਂ ਕੋਈ ਜ਼ਖ਼ਮੀ ਨਾ ਹੋਏ। ਅਸੀਂ ਕੋਈ ਭਾੜੇ ਦੇ ਸਿਪਾਹੀ ਨਹੀਂ ਸੀ, ਜਿਨ੍ਹਾਂ

ਨੂੰ ਸਿਰਫ਼ ਕਤਲ ਕਰਨਾ ਹੀ ਸਿਖਾਇਆ ਜਾਂਦਾ। ਦਿਲਾਂ 'ਚ ਤੇ ਪਿਆਰ ਹੀ ਪਿਆਰ ਸੀ।

*(ਸੈੱਟ ਤੋਂ ਫੋਟੋ ਉਤਾਰਦਾ ਹੈ।)* ਇਹ ਫੋਟੋ ਅਸੀਂ ਕਸ਼ਮੀਰੀ ਗੇਟ 'ਤੋਂ ਖਿਚਾਈ ਸੀ..., ਦੋ ਦਿਨ ਪਹਿਲਾਂ। *(ਚੁੱਪੀ)*

*(ਇਸ਼ਤਿਹਾਰ ਕੱਢ ਕੇ ਉਨ੍ਹਾਂ ਨੂੰ ਮੇਜ਼ 'ਤੇ ਰੱਖ ਕੇ ਪੂਰਾ ਖੋਲ੍ਹਦਾ ਹੈ ਤੇ ਗ਼ੌਰ ਨਾਲ ਦੇਖਦਾ ਹੈ)*

ਸਭ ਤਿਆਰੀ ਸੀ, ਅਸੀਂ ਕਿਸੇ ਨੂੰ ਮਾਰਨਾ ਥੋੜ੍ਹੇ ਈ ਸੀ, ਫੇਰ ਵੀ ਦਿਲ ਕਿਸੇ ਅਣਹੋਣੀ ਬਾਰੇ ਸੋਚ ਕੇ ਡਰ ਜਾਂਦਾ। ਅਸੈਂਬਲੀ 'ਚ ਸੁੱਟਣ ਵਾਲਾ ਉਹ ਪਰਚਾ..., ਮੈਂ ਬਾਰ-ਬਾਰ ਲਿਖਿਆ, ਕਈ ਵਾਰ..., ਸੋਧ ਸੋਧ ਕੇ ਮੁੜ ਮੁੜ ਉਸ ਨੂੰ ਪੜ੍ਹਿਆ। ਸਾਰਾ ਦਾਰੋਮਦਾਰ ਉਸੇ 'ਤੇ ਸੀ। ਉਹ ਸਾਡੇ ਦਿਲਾਂ ਦਾ ਦਰਦ ਸੀ, ਜਿਸ ਨੂੰ ਅਸੀਂ ਲੋਕਾਂ ਤੱਕ ਪਹੁੰਚਾਉਣਾ ਚਾਹੁੰਦੇ ਸਾਂ, ਬੰਬ ਤਾਂ ਉਸ ਲਈ ਬਹਾਨਾ ਬਣ ਰਹੇ ਸੀ। ਜਿੰਨੀ ਵਾਰ ਲਿਖਦਾ..., ਕੁਝ ਅਧੂਰਾ ਰਹਿ ਜਾਂਦਾ, ਮੇਰਾ ਧਿਆਨ ਕਿਤੇ ਹੋਰ ਸੀ, ਸੁਖਦੇਵ ਦਾ ਚਿਹਰਾ..., ਵਾਰ-ਵਾਰ ਅੱਖਾਂ ਮੂਹਰੇ ਘੁੰਮ ਜਾਂਦਾ, ਜਿੰਨਾ ਹਟਾਉਣ ਦੀ ਕੋਸ਼ਿਸ਼ ਕਰਦਾ, ਉਨੀ ਈ ਉਹ ਜ਼ਿਦ ਕਰਦਾ। ਮੀਟਿੰਗ 'ਚ ਉਹ ਕੁਝ ਨਹੀਂ ਸੀ ਬੋਲਿਆ, ਪਰ ਉਸ ਦੀਆਂ ਲਾਲ ਸੂਹੀਆਂ ਅੱਖਾਂ ਦੱਸਦੀਆਂ ਕਿ ਉਹ ਰਾਤ ਭਰ ਰੋਂਦਾ ਰਿਹਾ ਸੀ।

ਆਖਰੀ ਰਾਤ ਸੀ ਉਹ, ਗਲਤਫ਼ਹਿਮੀ ਦੇ ਉਸ ਬੋਝ ਨੂੰ ਨਾਲ ਲੈ ਕੇ ਜਾਣਾ ਔਖਾ ਸੀ। ਉਸ ਪਰਚੇ ਨੂੰ ਛੱਡ ਕੇ ਮੈਂ ਸੁਖਦੇਵ ਨੂੰ ਖ਼ਤ ਲਿਖਣ ਬੈਠ ਗਿਆ। ਪਤਾ ਨਹੀਂ ਕਿਉਂ ਲਿਖ ਰਿਹਾ ਸੀ..., ਕੀ ਲਿਖ ਰਿਹਾ ਸੀ, ਪਰ ਮੈਂ ਦਿਲ ਖੋਲ ਕੇ ਰੱਖ ਦਿੱਤਾ ਸੀ ਆਪਣਾ...

ਪਿਆਰ ਕੋਈ ਅਣਮਨੁੱਖੀ ਜਜ਼ਬਾ ਨਹੀਂ..., ਫੇਰ ਮੈਂ ਤਾਂ ਸਭ ਛੱਡ ਕੇ ਜਾਣ ਲਈ ਤਿਆਰ ਸੀ, ਬਸ ਤਰਲਾ ਸੀ ਉਸ ਅੱਗੇ ਕਿ ਉਹ ਮੇਰੇ ਵਰਗੇ ਹੋਰਨਾਂ ਨਾਲ..., ਜੋ ਉਸ ਪਿਆਰ ਦੀ ਬੀਮਾਰੀ ਦਾ ਸ਼ਿਕਾਰ ਹੋਣ, ਥੋੜ੍ਹਾ ਨਰਮੀ ਨਾਲ ਪੇਸ਼ ਆਵੇ... ਥੋੜੀ ਹਮਦਰਦੀ...। ਮੈਨੂੰ ਪਤਾ ਸੀ ਕਿ ਖ਼ੁਦ ਸ਼ਿਕਾਰ ਹੋਏ ਬਿਨਾਂ ਉਸ ਨੂੰ ਇਹ ਸਮਝ ਨਹੀਂ ਸੀ ਆਉਣੀ..., ਬੇਰਹਿਮ ਜ਼ਿੰਦਗੀ ਨੇ ਇਹ ਮੌਕਾ ਉਸ ਨੂੰ ਦੇਣਾ ਹੀ ਨਹੀਂ ਸੀ।

ਬਹੁਤ ਬੁਲੰਦੀ 'ਤੇ ਸੀ ਉਹ, ਇੰਨੀ ਉੱਚਾਈ... ਕਿ ਕੋਈ ਵੀ ਉਸ ਨੂੰ

ਗ਼ਲਤ ਸਮਝ ਸਕਦਾ ਸੀ। ਪਰ ਮੈਂ ਦਿਲ ਖੋਲ੍ਹ ਦਿੱਤਾ ਸੀ। ਹੁਣ ਬਿਲਕੁਲ ਹਲਕਾ ਸੀ ਮੈਂ ਇਕਦਮ ਹੌਲਾ-।

ਸਵੇਰ ਹੋਣ ਵਾਲੀ ਸੀ। ਇੱਕ ਵਾਰ ਫੇਰ ਮੈਂ ਉਹ ਪਰਚਾ ਲਿਖਿਆ... ਤੇ ਆਖ਼ਰੀ ਬਾਰ ਉਸਨੂੰ ਪੜ੍ਹਿਆ, ਬੜੇ ਧਿਆਨ ਨਾਲ, ਹੁਣ ਸਭ ਕੁਝ ਬਿਲਕੁਲ ਸਾਫ਼ ਸੀ, ਤਹਿ ਕਰ ਕੇ ਮੈਂ ਉਸ ਨੂੰ ਅੰਦਰ ਰੱਖ ਲਿਆ ਜੇਬ 'ਚ *(ਮਚਾਨ ਵੱਲ ਜਾਂਦੇ ਹੋਏ)* ਅਸੈਂਬਲੀ ਸ਼ੁਰੂ ਹੋਣ ਦਾ ਸਮਾਂ ਗਿਆਰ੍ਹਾਂ ਵਜੇ ਸੀ। ਪਹਿਲਾਂ ਹੀ ਅਸੀਂ ਖਾਕੀ ਨਿੱਕਰਾਂ-ਕਮੀਜ਼ਾਂ ਪਾਈ ਗੈਲਰੀ 'ਚ ਜਾ ਪਹੁੰਚੇ। ਮੈਂ ਤੇ ਦੱਤ ਵੱਖ-ਵੱਖ ਚੱਲ ਰਹੇ ਸੀ-ਤਾਂ ਜੋ ਕਿਸੇ ਨੂੰ ਸ਼ੱਕ ਨਾ ਪਵੇ। ਗੈਲਰੀ ਖਚਾਖਚ ਭਰੀ ਸੀ। ਇਕ ਪਾਸੇ ਬੰਬ ਤੇ ਦੂਜੇ ਪਾਸੇ ਡੈਨਰਨੇਟਰ..., ਤੇ ਨਾਲ ਹੀ ਉਹ ਪਰਚਾ, ਮੈਂ ਹਿੱਕ ਨਾਲ ਘੁੱਟਿਆ ਸੀ..., ਬਹੁਤ ਹੌਲੀ ਹੌਲੀ ਤੁਰ ਰਹੇ ਸੀ ਅਸੀਂ-। ਅਚਾਨਕ ਧਮਾਕਾ ਬਹੁਤ ਨੁਕਸਾਨ ਕਰ ਸਕਦਾ ਸੀ, ਥੋੜੀ ਜਿਹੀ ਲਾਪਰਵਾਹੀ ਕ੍ਰਾਂਤੀ ਦੇ ਸੁੱਚੇ ਆਦਰਸ਼ ਨੂੰ ਦਾਗ਼ ਦਾਗ਼ ਕਰ ਦਿੰਦੀ। ਬਹੁਤ ਭਾਰੀ ਜ਼ਿੰਮੇਵਾਰੀ ਸੀ... ਥੋੜੀ ਜਿਹੀ ਭਾਵੁਕਤਾ ਸਭ ਖ਼ਤਮ ਕਰ ਦਿੰਦੀ-।

ਮਜ਼ਦੂਰਾਂ ਦੀ ਹੜਤਾਲ 'ਤੇ ਪਾਬੰਦੀ ਲਾਉਣ ਵਾਲਾ ਕਾਲਾ ਕਾਨੂੰਨ ਪਾਸ ਹੋਣ ਜਾ ਰਿਹਾ ਸੀ। ਸਾਡਾ ਦਿਲ ਉਨ੍ਹਾਂ ਲੋਕਾਂ ਲਈ ਰੋਂਦਾ... ਜਿਨ੍ਹਾਂ ਦੀ ਆਖਰੀ ਚੀਕ... ਅਖੀਰੀ ਹਿਚਕੀ ਨੂੰ... ਉਨ੍ਹਾਂ ਦੀ ਸੰਘੀ 'ਚ ਘੁੱਟਣ ਦੀ ਸਾਜਿਸ਼ ਸਾਡੇ ਸਾਹਮਣੇ ਈ ਹੋ ਰਹੀ ਸੀ। ਸਭ ਉੱਥੇ ਸਨ। ਮੋਤੀ ਲਾਲ..., ਜਿੰਨਾਹ ਸਭ..., ਲੱਖ ਕੋਸ਼ਿਸ਼ਾਂ ਦੇ ਬਾਵਜੂਦ... ਇਹ ਸਾਡੀ ਸਮਝ ਤੋਂ ਬਾਹਰ ਸੀ... ਕਿ ਉਹ ਉੱਥੇ ਕੀ ਕਰ ਰਹੇ ਸੀ..., ਉਸ ਸੰਸਥਾ 'ਚ ਜੋ ਪੈਰ ਪੈਰ 'ਤੇ ਸਾਡੀ ਲਾਚਾਰੀ... ਸਾਡੀ ਗੁਲਾਮੀ ਦਾ ਮਜ਼ਾਕ ਉਡਾਂਦੀ। *(ਇੱਕ ਟੱਕ ਇੱਕ ਪਾਸੇ ਵੱਲ ਦੇਖਦਾ ਹੈ।)*

ਮਿ. ਸਾਈਮਨ ਸਾਡੇ ਸਾਹਮਣੇ ਬੈਠਾ ਸੀ। ਚਾਹੁੰਦੇ ਤਾਂ ਬੜੀ ਆਸਾਨੀ ਨਾਲ ਖ਼ਤਮ ਕਰ ਦਿੰਦੇ। ਪਰ ਨਿੱਜੀ ਬਦਲੇ ਤੇ ਖ਼ੂਨ ਖ਼ਰਾਬੇ ਦਾ ਕੋਈ ਵਿਚਾਰ ਸਾਡੇ ਫਲਸਫ਼ੇ 'ਚ ਨਹੀਂ। ਜਜ਼ਬਾਤਾਂ 'ਤੇ ਕਾਬੂ ਰੱਖਣਾ ਔਖਾ, ਪਰ ਇਨਕਲਾਬੀਆਂ ਤੋਂ ਵੱਧ ਇਸ ਹੁਨਰ ਨੂੰ ਕੌਣ ਜਾਣ ਸਕਦਾ- ਜ਼ਬਤ ਕਰ ਜਾਣ ਦਾ ਹੁਨਰ।

ਅਸੀਂ ਤਾਂ ਹੰਕਾਰ ਦੇ ਨਸ਼ੇ 'ਚ ਸੁੱਤਿਆਂ ਨੂੰ ਜਗਾਉਣਾ ਸੀ, ਜੋ ਜਵਾਲਾਮੁਖੀ ਦੇ ਐਣ ਦਹਾਨੇ 'ਤੇ ਖੜੇ ਹੋ ਕੇ ਜਸ਼ਨ ਮਨਾ ਰਹੇ ਸੀ। ਜਿਉਂਦੀਆਂ ਰੂਹਾਂ

ਨੂੰ ਕੁਚਲ ਦੇਣਾ... ਜਿਨ੍ਹਾਂ ਦਾ ਸ਼ੁਗਲ ਸੀ। ਚੇਤਾਵਨੀ ਦੇਣੀ ਜ਼ਰੂਰੀ ਸੀ... ਤੇ ਉਹ ਵੀ ਇੰਨੀ ਉੱਚੀ... ਜਿਸ ਦੀ ਆਵਾਜ਼ ਬੋਲੇ ਕੰਨਾਂ ਤੱਕ ਵੀ ਪਹੁੰਚ ਸਕੇ-।

*(ਬਾਂਹ ਘੁਮਾਂ ਕੇ ਬੰਬ ਸੁੱਟਣ ਦਾ ਐਕਸ਼ਨ ਕਰਦਾ ਹੈ। ਧੂੰਆਂ ਫੈਲ ਜਾਂਦਾ ਹੈ। ਚੀਖਾਂ ਤੇ ਭਜਦੜ ਦੀਆਂ ਆਵਾਜਾਂ ਵਿਚ ਦੂਜਾ ਬੰਬ ਫੱਟਦਾ ਹੈ। ਇਨਕਲਾਬ ਜ਼ਿੰਦਾਬਾਦ ਅਤੇ ਪ੍ਰੋਲਤਾਰੀ ਜ਼ਿੰਦਾਬਾਦ ਦੇ ਨਾਹਰੇ ਧੂੰਏ ਵਿਚ ਗੂੰਜਦੇ ਹਨ-। ਧੂੰਆਂ ਛਟਣ ਦੇ ਨਾਲ ਨਾਲ ਕੁਝ ਪੁਲੀਸ ਵਾਲੇ ਡਰਦੇ-ਡਰਦੇ ਆਉਂਦੇ ਹਨ। ਨਾਹਰੇ ਗੂੰਜਦੇ ਰਹਿੰਦੇ ਹਨ। ਬੰਬ ਸੁੱਟਣ ਤੇ ਧੂੰਆਂ ਛਟਣ ਤੋਂ ਬਾਅਦ ਪੁਲਿਸ ਆਉਦੀ ਹੈ।*

ਭਗਤ ਸਿੰਘ : ਡਰੋ ਨਹੀਂ, ਸਾਡੇ ਕੋਲੋਂ ਡਰਣ ਦੀ ਕੋਈ ਲੋੜ ਨਹੀਂ-। *(ਹੱਥ ਖੜੇ ਕਰਦੇ ਹੋਏ)* ਅਸੀਂ ਡਰਾਉਣ ਨਹੀਂ, ਜਗਾਉਣ ਆਏ ਹਾਂ-। *(ਉਨ੍ਹਾਂ ਨੂੰ ਉੱਥੇ ਹੀ ਖੜੇ ਦੇਖ ਕੇ)* ਸਾਡੇ ਕੋਲ ਕੋਈ ਹਥਿਆਰ ਨਹੀਂ। ਅਸੀਂ ਆਪਣਾ ਕੰਮ ਕਰ ਦਿੱਤਾ, ਤੁਸੀਂ ਆਪਣਾ ਕੰਮ ਕਰੋ।

*(ਡਰਦੇ ਡਰਦੇ ਪੁਲਿਸ ਵਾਲੇ ਅੱਗੇ ਵੱਧਦੇ ਹਨ। ਉਨ੍ਹਾਂ ਦੀ ਤਲਾਸ਼ੀ ਲੈਂਦੇ ਹਨ ਤੇ ਘੇਰ ਕੇ ਲੈ ਕੇ ਜਾਂਦੇ ਹਨ। ਭਗਤ ਸਿੰਘ ਤੇ ਦੱਤ ਨਾਹਰੇ ਲਾਉਂਦੇ ਹੋਏ ਜਾਂਦੇ ਹਨ।)*

ਭਗਤ ਸਿੰਘ : *(ਰੁਕ ਕੇ)* ਸਾਨੂੰ ਖੁਸ਼ੀ ਹੈ ਕਿ ਬੰਬ ਖ਼ਾਲੀ ਥਾਂ 'ਤੇ ਡਿੱਗੇ। *(ਹੇਠਾਂ ਡਿੱਗੇ ਮੈਂਬਰਾਂ ਵੱਲ ਦੇਖ ਕੇ)* ਇਸ ਸੰਸਥਾ ਨੂੰ ਬਣੇ ਰਹਿਣ ਦਾ ਕੋਈ ਹੱਕ ਨਹੀਂ।

*(ਦੋਹੇਂ ਫੇਰ ਨਾਹਰੇ ਲਾਉਂਦੇ ਹੋਏ ਬਾਹਰ ਜਾਂਦੇ ਹਨ। ਜ਼ਮੀਨ ਉੱਤੇ ਡਿੱਗੇ ਮੈਂਬਰ ਹੌਲੀ-ਹੌਲੀ ਉੱਠਦੇ ਹਨ ਤੇ ਫਰਸ਼ 'ਤੇ ਪਏ ਇਸ਼ਤਿਹਾਰਾਂ ਨੂੰ ਚੁੱਕ ਕੇ ਪੜਨਾ ਸ਼ੁਰੂ ਕਰਦੇ ਹਨ।)*

1. : ਥੱਲੇ ਖੇਤਾਂ 'ਚ ਕੰਮ ਕਰਦੇ।

2. : ਮਜ਼ਦੂਰ ਨੇਤਾਵਾਂ ਦੀ ਅੰਧਾਧੁੰਦ ਗ੍ਰਿਫ਼ਤਾਰੀ।

3. : ਸੰਕੇਤ ਕਰਦੀ ਹੈ ਕਿ ਹਵਾ ਕਿਹੜੇ ਰੁਖ਼ ਚੱਲ ਰਹੀ ਹੈ।

1. : ਭਿਖਿਆ ਦੀ ਹੱਡੀ ਦੀ ਵੰਡ ਬਾਰੇ ਝਗੜ ਰਹੇ...

2. : ਸਾਈਮਨ ਕਮੀਸ਼ਨ ਵੱਲੋਂ ਬੁਰਕੀ ਦੀ ਆਸ ਕਰ ਰਹੇ...

3. : ਲੋਕਾਂ ਦੇ ਪ੍ਰਤੀਨਿਧਾਂ ਨੂੰ ਚਾਹੀਦਾ ਹੈ...

*(ਸਭ ਇਕ ਦੂਜੇ ਵੱਲ ਦੇਖਦੇ ਹਨ।)*

1. : ਕਿ ਉਹ ਆਪਣੇ ਹਲਕਿਆਂ 'ਚ ਵਾਪਿਸ ਜਾ ਕੇ

2-3. : ਲੋਕਾਂ ਨੂੰ ਕ੍ਰਾਂਤੀ ਲਈ ਤਿਆਰ ਕਰਨ। ਇਨਕਲਾਬ ਲਈ ਤਿਆਰ ਕਰਨ।

*(ਪੋਸਟਰ ਪੜ੍ਹਦੇ ਹੋਏ ਸਭ ਬਾਹਰ ਨਿਕਲ ਜਾਂਦੇ ਹਨ। ਰੋਸ਼ਨੀ ਦੂਜੇ ਪਾਸੇ ਭਗਤ ਸਿੰਘ ਅਤੇ ਅਜਨਬੀ ਉੱਤੇ ਪੈਂਦੀ ਹੈ।)*

ਭਗਤ ਸਿੰਘ : ਅਸੀਂ ਬੰਬ ਬੜੇ ਧਿਆਨ ਨਾਲ..., ਖ਼ਾਲੀ ਬੈਂਚਾਂ ਦੇ ਵਿਚਕਾਰ, ਖੁੱਲੀ ਥਾਂ ਦੇਖ ਕੇ ਸੁੱਟਿਆ ਸੀ। *(ਅਜਨਬੀ)* ਹਾਲੇ ਵੀ ਤੂੰ ਸਮਝਦਾਂ ਕਿ ਅਸੀਂ ਕੋਈ ਦਹਿਸ਼ਤਗਰਦ ਹਾਂ। *(ਚੁੱਪੀ)* ਸਰਕਾਰ ਲਈ ਉਹ ਬੰਬ ਸੱਚਮੁੱਚ ਖ਼ਤਰਨਾਕ ਸੀ, *(ਵਿਅੰਗ ਭਰੀ ਹਾਸੀ ਹੱਸਦਾ ਹੈ।)* ਪਰ... ਅਖ਼ਬਾਰਾਂ ਲਿਖਦੀਆਂ..., ਦੋ ਫੁੱਟ ਦੀ ਦੂਰੀ 'ਤੇ ਖੜੇ ਬੰਦਿਆਂ ਨੂੰ ਖਰੋਚ ਤਕ ਨਹੀਂ ਸੀ ਆਈ। ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ... ਕੁਝ ਲੋਕ ਜ਼ਖ਼ਮੀ ਹੋਏ..., ਸਾਨੂੰ ਅਫ਼ਸੋਸ ਹੈ। ਪਰ ਅਸਲ ਬੰਬ ਤੇ ਉਹ ਪਰਚਾ ਸੀ... ਜੋ ਕਿਤੇ ਰੁਲ ਗਿਆ।

*ਫੇਡ ਆਊਟ*

*(ਡਰਿਆ ਹੋਇਆ ਵਾਇਸਰਾਏ ਮੰਚ 'ਤੇ ਆਉਂਦਾ ਹੈ। ਹਰ ਕਦਮ 'ਤੇ ਉਸ ਨੂੰ ਕੋਈ ਖੜਾਕ ਸੁਣਾਈ ਪੈਂਦਾ ਹੈ, ਉਹ ਤਭਕ ਜਾਂਦਾ ਹੈ, ਜਿਵੇਂ ਸਾਹ ਰੁਕ ਗਿਆ ਹੋਵੇ। ਫੇਰ ਕ੍ਰਾਸ ਬਣਾਉਂਦਾ ਹੈ। ਆਲੇ ਦੁਆਲੇ ਡਰਿਆ ਹੋਇਆ ਦੇਖਦਾ ਹੈ। ਗਲੇ 'ਚ ਪਾਏ ਕ੍ਰਾਸ ਨੂੰ ਬਾਹਰ ਕੱਢ ਲੈਂਦਾ ਹੈ। ਅਜਨਬੀ ਭਗਤ ਸਿੰਘ ਨੂੰ ਚੁੱਪ ਚਾਪ ਸਾਰਾ ਨਜ਼ਾਰਾ ਦੇਖਣ ਦਾ ਇਸ਼ਾਰਾ ਕਰਦਾ ਹੈ। ਫੇਰ ਕੋਈ ਖੜਾਕ ਹੁੰਦਾ ਹੈ ਤੇ ਵਾਇਸਰਾਏ ਤ੍ਰਭਕ ਕੇ ਚੀਖਦਾ ਹੈ।)*

ਵਾਇਸ : ਕੋਈ ਹੈ, ਕੋਈ ਹੈ *(ਸਾਹੋ ਸਾਹੀ ਹੁੰਦਾ ਹੈ। ਵੱਡੀ ਸਲੀਬ ਦੇ ਪਿੱਛੇ ਲੁਕਦਾ ਹੈ। ਇੱਕ ਆਫ਼ੀਸਰ ਤੇ ਸਿਪਾਹੀ ਦੌੜੇ ਆਉਦੇ ਹਨ।)*

ਆਫ਼ੀਸਰ : ਹਿਜ਼ ਐਕਸੀਲੈਂਸੀ...।

*(ਵਾਇਸਰਾਏ ਨਾਰਮਲ ਹੋਣ ਦੀ ਕੋਸ਼ਿਸ਼ ਕਰਦਾ ਹੈ। ਚੋਰ ਨਜ਼ਰਾਂ ਨਾਲ ਆਲੇ-ਦੁਆਲੇ ਦੇਖਦਾ ਹੈ ਤੇ ਫ਼ੇਰ ਉਨ੍ਹਾਂ ਨੂੰ ਜਾਣ ਦਾ ਇਸ਼ਾਰਾ ਕਰਦਾ ਹੈ। ਉਨ੍ਹਾਂ ਨੂੰ ਕੁਝ ਸਮਝ ਨਹੀਂ ਆਉਂਦਾ। ਜੱਕੋ-ਤੱਕੀ ਵਿਚ ਬਾਹਰ ਜਾਂਦੇ ਹਨ। ਵਾਇਸਰਾਏ ਪਿੱਛੇ ਜਾ ਕੇ ਇਹ ਯਕੀਨ ਕਰਦਾ ਹੈ ਕਿ ਉਹ ਸੱਚਮੁੱਚ ਹੀ ਚਲੇ ਗਏ ਹਨ। ਫੇਰ ਇਕਦਮ ਵੱਡੀ ਸਲੀਬ ਸਾਹਮਣੇ ਜਾ ਕੇ ਗੋਡਿਆਂ ਭਾਰ ਡਿਗ ਪੈਂਦਾ ਹੈ। ਬੁੜਬੜਾਂਦਾ ਹੋਇਆ ਸਲੀਬ ਦਾ ਨਿਸ਼ਾਨ ਬਣਾਉਂਦਾ ਹੈ। ਅਜਨਬੀ ਉਸ ਦੇ ਮੋਢੇ 'ਤੇ ਪਿਆਰ ਨਾਲ ਹੱਥ ਧਰਦਾ ਹੈ।)*

ਵਾਇਸ : *(ਤ੍ਰਭਕਦਾ ਹੈ)* ਕੌਣ... ਕੌਣ ਹੋਂ ਤੁੰਮ...? *(ਡਰਦਾ ਪਿੱਛੇ ਹੱਟਦਾ ਹੈ।)* ਯਹਾਂ ਕੈਸੇ ਪਹੁੰਚਾ... ਕਿਧਰ ਗੇ...?

ਅਜਨਬੀ : *(ਮੁਸਕਰਾਉਂਦੇ ਹੈ)* ਦੁਸ਼ਮਣ ਨਹੀਂ... ਹਾਂ...। ਸੁਣ...।

ਵਾਇਸ : *(ਘਬਰਾਹਟ 'ਚ ਉਸ ਦੀ ਸੁਣਦਾ ਹੀ ਨਹੀਂ)* ਟੁਮ ਜਾਣਦਾ ਨਹੀਂ... ਕੌਣ ਹੂੰ ਮੈਂ-।

ਅਜਨਬੀ : *(ਚੇਹਰੇ 'ਤੇ ਅਫ਼ਸੋਸ ਭਰੀ ਮੁਸਕਰਹਾਟ)* ਹਾਕਮ। ਅੱਖਾਂ ਵਿਚਲਾ ਖੌਫ਼..., ਚੇਹਰੇ ਦੀ ਘਬਰਾਹਟ..., ਸਾਫ਼ ਏ ਕਿ ਤੂੰ ਹਾਕਮ ਏਂ...। *(ਵਾਇਸਰਾਏ ਆਵਾਜ਼ ਦੇਣ ਲੱਗਦਾ ਹੈ, ਉਸ ਨੂੰ ਰੋਕਦੇ ਹੋਏ)* ਡਰਿਆ ਹੋਇਆ ਬੰਦਾ ਬੜੀ ਛੇਤੀ ਭੜਕ ਜਾਂਦਾ, ਕੁੱਝ ਸੁਝਦਾ ਨਹੀਂ ਉਸਨੂੰ..., ਕੁਝ ਵੀ ਕਰ ਬੈਠਦਾ....। ਬਚ ਇਸ ਤੋਂ... ਬਚ...।

ਵਾਇਸ : *(ਲੁਕੋਂਦੇ ਹੋਏ)* ਡਰ..., ਕੈਸਾ ਡਰ...। ਮੇਰੇ ਪਾਸ ਸਭ ਹੈ..., ਹਥਿਆਰ... ਫੌਜ..., ਹਕੂਮਤ ਸਭ...। ਮੁਝੇ ਡਰਨੇ ਕੀ ਕਿਆ ਜ਼ਰੂਰਤ ਹੈ...। *(ਕ੍ਰਾਸ ਨੂੰ ਘੁੱਟ ਕੇ ਫੜਦਾ ਹੈ।)*

ਅਜਨਬੀ : *(ਕ੍ਰਾਸ ਵਲ ਇਸ਼ਾਰਾ ਕਰ ਕੇ)* ਇਹ ਮੈਨੂੰ ਦੇ ਦੇ...। ਤੇਰੇ ਕੋਲ ਸਭ ਹੈ... ਬੰਬ, ਬੰਦੂਕਾਂ, ਫੌਜਾਂ, ਤੈਨੂੰ ਇਹਦੀ ਲੋੜ ਨਹੀਂ... *(ਵਾਇਸਰਾਏ ਸੁੰਗੜਦਾ ਜਾਂਦਾ ਹੈ)* ਇਹ ਦੇ ਦੇ ਮੈਨੂੰ...। *(ਉਸ ਵੱਲ ਵਧਦਾ ਹੈ।)*

ਵਾਇਸ : ਪਕੜੋ ਇਸੇ..., ਗ੍ਰਿਫ਼ਤਾਰ ਕਰ ਲੋ...। ਕੋਈ ਹੈ...।

ਅਜਨਬੀ : ਕਿਸੇ ਦੇਸ਼ 'ਚ।... ਕੋਈ ਹਥਿਆਰ... ਏਨਾ ਖ਼ਤਰਨਾਕ ਨਹੀਂ, ਜਿੰਨਾ ਸ਼ਹੀਦ-। ਬੱਚ ਕੇ ਰਹੀਂ ਉਸ ਤੋਂ...। ਡਰ ਤੇ ਹਿੰਸਾ ਦਾ ਬੜਾ ਅਜੀਬ ਸਾਥ ਹੈ... ਕਾਬੂ ਰੱਖ, ਐਂ ਨਾ ਹੋਵੇ ਕਿ ਪੀੜੀਆਂ ਨੂੰ ਭਟਕਣਾ ਪਵੇ... ਭੁਗਤਣਾ ਪਵੇਂ, ਕਾਬੂ ਰੱਖ ਇਸ ਡਰ 'ਤੇ...। *(ਜਾਂਦਾ ਹੈ। ਭਗਤ ਸਿੰਘ ਵੀ ਉਸਦੇ ਪਿੱਛੇ ਹੀ ਨਿਕਲ ਜਾਂਦਾ ਹੈ।)* ਇਸ ਗੁੱਸੇ 'ਤੇ।

ਵਾਇਸ : ਰੋਕੋ ਉਸੇ..., ਪਕੜੋ..., ਗ੍ਰਿਫ਼ਤਾਰ ਕਰੋ। *(ਆਫ਼ੀਸਰ ਅਤੇ ਸਿਪਾਹੀ ਫੇਰ ਆਉਂਦੇ ਹਨ।)* ਮੇਰਾ ਮੂੰਹ ਕਿਆ ਦੇਖ ਰਹੇ ਹੋ...। ਉਸ ਤਰਫ਼ ਜਾਓ...। *(ਮਜ਼ਬੂਰੀ ਵਸ ਏਧਰ ਉਧਰ ਲੱਭਣ ਦਾ ਯਤਨ ਕਰਦੇ ਹਨ।)* ਚੱਪਾ ਚੱਪਾ ਛਾਣ ਡਾਲੋ...। *(ਸਿਪਾਹੀ ਤੇ ਆਫ਼ੀਸਰ ਇੱਕ ਦੂਜੇ ਦਾ ਮੂੰਹ ਤਕਦੇ ਹਨ। ਆਫ਼ੀਸਰ ਇਸ਼ਾਰੇ ਨਾਲ ਰੁਕਣ ਨੂੰ ਕਹਿੰਦਾ ਹੈ।)* ਗ੍ਰਿਫ਼ਤਾਰ ਕਰੋ ਉਨ੍ਹੇ-! *(ਆਫ਼ੀਸਰ ਸਿਪਾਹੀਆਂ ਨੂੰ ਜਾਣ ਦਾ ਇਸ਼ਾਰਾ ਕਰਦਾ ਹੈ।)*

ਆਫ਼ੀਸਰ : ਵੋਹ ਲੋਕ ਗ੍ਰਿਫ਼ਤਾਰ ਹੋ ਚੁਕੇ ਹੈਂ ਐਕਸੀਲੈਂਸੀ-। ਯਹਾਂ ਕੋਈ ਨਹੀਂ।

ਵਾਇਸ : ਕੋਈ ਨਹੀਂ! *(ਸਿਰ ਫ਼ਰੋਲਦੇ ਹੋਏ)* ਅਭੀ ਅਭੀ ਤੋਂ ਯਹੀਂ ਥੇ..., *(ਖ਼ੁਦ ਨਾਲ)* ਬਿਲਕੁਲ ਆਜ਼ਾਦ-। *(ਵਾਇਸਰਾਏ ਖ਼ੁਦ ਨੂੰ ਸੰਭਾਲਦੇ ਹੋਏ ਇੰਝ ਦਿਖਾਉਣ ਦਾ ਯਤਨ ਕਰਦਾ ਹੈ ਜਿਵੇਂ ਕੁਝ ਹੋਇਆ ਹੀ ਨਹੀਂ। ਇੱਕ ਸਿਪਾਹੀ ਪਾਣੀ ਲੈ ਕੇ ਆਉਦਾ ਹੈ। ਵਾਇਸਰਾਏ ਉਸ ਨੂੰ ਸਵਾਲੀਆਂ ਨਜ਼ਰਾਂ ਨਾਲ ਦੇਖਦਾ ਹੈ। ਸਿਪਾਹੀ ਘਬਰਾ ਦੇ ਅਫਸਰ ਵੱਲ ਦੇਖਦਾ ਹੈ। ਅਫ਼ਸਰ ਵੀ ਨਜ਼ਰਾਂ ਚੁਰਾ ਜਾਂਦਾ ਹੈ। ਵਾਇਸਰਾਏ ਚੁਪਚਾਪ ਪਾਣੀ ਚੁੱਕ ਲੈਂਦਾ ਹੈ। ਸਿਪਾਹੀ ਦੀ ਜਾਨ 'ਚ ਜਾਨ ਆਉਦੀ ਹੈ। ਬੜੀ ਮੁਸ਼ਕਿਲ ਨਾਲ ਵਾਇਸਰਾਏ ਦੋ ਘੁੱਟ ਪੀਂਦਾ ਹੈ। ਅਫ਼ਸਰ ਦੇ ਇਸ਼ਾਰੇ 'ਤੇ ਸਿਪਾਹੀ ਚਲਾ ਜਾਂਦਾ ਹੈ। ਵਾਇਸਰਾਏ ਗਿਲਾਸ ਉੱਥੇ ਹੀ ਰੱਖ ਦਿੰਦਾ ਹੈ।)*

ਆਫ਼ੀਸਰ : *(ਹਿੰਮਤ ਕਰਕੇ)* ਐਨੀ ਪ੍ਰਾਬਲਮ... ਹਿਜ਼ ਐਕਸੀਲੈਂਸੀ..., ਕੁਝ ਪ੍ਰੇਸ਼ਾਨੀ-।

ਵਾਇਰ : *(ਖਿੱਝਿਆ)* ਐਨੀ ਰੀਜ਼ਨ ਟੂ ਸੈਲੀਬ੍ਰੇਟ ਹਿਅਰ, ਜਸ਼ਨ ਕੀ ਕੋਈ ਵਜ਼ਾ...? ਲਾਅ ਆਰਡਰ... ਸਕਿਓਰਟੀ... ਪਾਲਟਿਕਸ..., ਇੰਗਲੈਂਡ ਕੀ ਪਾਰਲੀਮੈਂਟ ਕਾ ਚੁਣਾਵ ਸਿਰ ਪੇ ਹੈ; ਅਬ ਹਾਰੇਂਗੇ ਮੇਰੀ ਵਜ੍ਹਾ ਸੇ ਥੋੜ੍ਹੇ ਹੀ...। ਪਰ... ਹਰ ਬਾਤ ਕਾ ਜਵਾਬ ਚਾਹੀਏ..., ਹੈਂ...? ਦੇਨਾ ਤੋ ਹਮੇਂ ਪੜਤਾ..., ਕੈਸੇ, ਇਜ ਦੇਅਰ ਐਨੀ ਵੇਅ ਟੂ ਐਗਜ਼ਿਟ...! *(ਅਫ਼ਸਰ ਨੂੰ ਬੋਲਣ ਦਾ ਮੌਕਾ ਹੀ ਨਹੀਂ ਦਿੰਦਾ)* ਕੋਈ ਰਾਹ ਹੈ...? *(ਉਸ ਦੀ ਸੁਰ ਤਰਲੇ ਵਰਗੀ ਹੋ ਜਾਂਦੀ ਹੈ। ਆਫ਼ੀਸਰ ਜੇਬ ਚੋਂ ਇਕ ਇਸ਼ਤਿਹਾਰ*

*ਕੱਢਦਾ ਹੈ।)* ਇੱਟ ਵਾਜ਼ ਵੈਰੀ ਸਿੰਬੋਲਿਕ... ਖਾਸ ਮੈਸੇਜ ਹੈ ਇਸ ਐਕਸ਼ਨ ਮੇਂ...।

ਆਫ਼ੀਸਰ : *(ਪੈਂਫਲੇਟ ਅੱਗੇ ਕਰ ਕੇ)* ਇਸ ਮੇਂ ਭੀ ਯਹੀ ਲਿਖਾ ਸਰ-। ਯੇ ਅਸੈਂਬਲੀ ਮੇਂ ਫੇਂਕਾ ਥਾ ਉਨਹੋਂ ਨੇ-। *(ਵਾਇਸਰਾਏ ਚੁਪਚਾਪ ਪੈਂਫਲੇਟ ਫੜਦਾ ਹੈ।)* ਦਿਸ ਮੈਨ ਇਜ਼ ਵੈਰੀ ਡੇਂਜਰਸ ਸਰ-। ਔਰ ਭੀ ਧਮਾਕੇ ਹੋ ਸਕਦੇ ਹੈਂ-।

ਵਾਇਰ : ਹੋ ਸਕਦਾ ਹੈ..., ਬਟ ਆਈ ਡੋਂਟ ਥਿੰਕ ਸੋ...। ਵੋਹ ਯੇ ਸਾਬਤ ਕਰਨਾ ਚਾਹਤਾ ਹੈ ਕਿ ਹਮਾਰੀ ਹਕੂਮਤ ਕਾ ਯਹਾਂ ਕੋਈ ਕਨੂੰਨੀ-ਲੀਗਲ ਆਧਾਰ ਨਹੀਂ, ਨੋਅ ਲੀਗਲ ਬੇਸ--। ਡੇਂਜਰਸ ਆਈਡੀਆ..., ਅਟੈਕ ਆਨ ਦਾ ਵੈਰੀ ਬੇਸ ਆਫ਼ ਇੰਪਾਇਰ...। ਏਕ ਬਾਰ ਯੇ ਬਾਤ ਲੋਗੋ ਕੇ ਮਨ ਮੇਂ ਘੁਸ ਗਈ- ਕਿ ਯੇ ਅਸੈਂਬਲੀ... ਸੰਸਦ... ਸਭ ਦਿਖਾਵਾ ਹੈ... ਤੋ ਕੋਈ ਇੰਪਾਇਰ ਕਾਇਮ ਨਹੀਂ ਰਹਿ ਸਕਤਾ।

ਆਫ਼ੀ : ਯੇ ਭਗਤ ਸਿੰਘ ਬਹੁਤ ਖ਼ਤਰਨਾਕ ਆਦਮੀ ਹੈ ਸਰ। ਹਰ ਕ੍ਰਾਂਤੀਕਾਰੀ ਐਕਸ਼ਨ ਦੇ ਪੀਛੇ ਇਸੀ ਕਾ ਹਾਥ ਹੈ-।

ਵਾਇਸ : *(ਕਾਹਲੀ-ਕਾਹਲੀ ਪਰ ਪੂਰੇ ਯਕੀਨ ਨਾਲ)* ...ਬੋਥ ਆਰ ਸੇਮ..., ਗਾਂਧੀ ਭੀ ਤੋਂ ਯਹੀ ਕਰ ਰਹਾ ਹੈ? ਨੋਅ ਲੀਗਲ... ਔਰ ਮਾਰਲ ਬੇਸ ਆਫ਼ ਆਵਰ ਇੰਪਾਇਰ। ਹਮਾਰੀ ਹਕੂਮਤ ਕਾ ਕੋਈ ਨੈਤਿਕ ਆਧਾਰ ਹੀ ਨਹੀਂ ਯਹਾਂ। ਔਰ ਵਹਾਂ ਇੰਗਲੈਂਡ ਮੇਂ ਭੀ ਕੁਝ ਮੂਰਖ ਹੈਂ ਇਸੇ ਮਾਨਨੇ ਵਾਲੇ। *(ਚੁੱਪੀ)*

ਆਫ਼ੀਸਰ : ਯੈਸ ਸਰ... ਬਟ...

ਵਾਇਸ : *(ਪਰੇਸ਼ਾਨ, ਗੱਲ ਬਦਲਦੇ ਹੋਏ)* ਲੇਕਿਨ ਉਨ੍ਹੋਂ ਨੇ ਆਤਮ ਸਮਰਪਣ ਕਿਉਂ ਕੀਆ-ਜਬ ਕੇ ਵੋਹ ਭਾਗ ਸਕਦੇ ਥੇ।

ਆਫੀਸਰ : ਆਈ ਕਾਂਟ ਗੈੱਸ ਸਰ ਹੋ ਸਕਦਾ ਹੈ ਜੇਲ ਸੇ ਭਾਗ ਜਾਏਂ-। ਯੇਹ ਬਹੁਤ ਸ਼ਾਤਰ ਲੋਕ ਹੈਂ-। *(ਇਕ ਸਿਪਾਹੀ ਦੇ ਆਉਣ 'ਤੇ ਦੋਹੇਂ ਚੁੱਪ ਹੋ ਜਾਂਦੇ ਹਨ। ਸਿਪਾਹੀ ਆਫ਼ੀਸਰ ਵੱਲ ਦੇਖਦਾ ਹੈ।)* ਐਨੀ ਥਿੰਗ... ਯੂ ਵਾਂਟ ਸਰ...?

ਵਾਇਸ : *(ਖਿਝ ਕੇ, ਸਿਪਾਹੀ ਵੱਲ)* ਨੋ, ਥੈਂਕ ਯੂ- *(ਸਿਪਾਹੀ ਜਾਂਦਾ ਹੈ, ਵਾਇਸਰਾਏ*

*ਮੰਚ ਦੇ ਪਿੱਛੇ ਵੱਲ ਝਾਤ ਮਾਰ ਕੇ ਯਕੀਨ ਕਰਦਾ ਹੈ ਤੇ ਇਹ ਵੀ ਕੋਸ਼ਿਸ਼ ਕਰਦਾ ਹੈ ਕਿ ਅਫ਼ਸਰ ਨੂੰ ਇਸ ਗੱਲ ਦਾ ਪਤਾ ਨਾ ਲੱਗੇ।)* ਹਮ ਕੋਈ ਰਿਸਕ ਅਫੋਰਡ ਨਹੀਂ ਕਰ ਸਕਤੇ-। ਮੁਕੱਦਮਾ ਜੇਲ ਮੇਂ ਹੀ ਚਲੇਗਾ, ਸੰਮਨ ਵਹੀਂ ਭੇਜੋ, ਕੋਈ ਕੋਤਾਹੀ ਨਹੀਂ-। *(ਆਫ਼ੀਸਰ ਨੂੰ ਜਾਣ ਦਾ ਇਸ਼ਾਰਾ ਕਰਦਾ ਹੈ। ਉਹ ਝਿਜਕਦਾ ਜਿਹਾ ਖੜ੍ਹਾ ਰਹਿੰਦਾ ਹੈ।)* ਸਮਥਿੰਗ ਸਪੈਸ਼ਲ...?

ਆਫ਼ੀਸਰ : ਯੈਸ ਸਰ...!

ਵਾਇਸ : *(ਚਾਰੇ ਪਾਸੇ ਦੇਖਦਾ ਹੈ-।)* ਹਾਂ, ਅਬ ਬਤਾਓ-:

ਆਫ਼ੀਸਰ : ਸਰ ਯੇ ਵੋਹ ਪੋਸਟਰ... ਜੋ ਸਾਂਡਰਸ ਕੇ ਕਤਲ ਕੇ ਬਾਦ-ਲਗਾਏ ਗਏ, ਔਰ ਯੇ ਵੋ ਪੈਂਫਲੇਟ- ਜੋ ਅਸੈਂਬਲੀ ਮੇਂ ਫੇਂਕਾ ਗਿਆ। *(ਵਾਇਸਰਾਏ ਗੌਰ ਨਾਲ ਦੇਖਦਾ ਹੈ।)* ਦੋਨੋਂ ਬਿਲਕੁਲ ਏਕ ਸੇ ਹੈ, ਯੇ... ਆਖਿਰ ਮੇਂ, ਬਿਲਕੁਲ ਸੇਮ-।

ਵਾਇਸ : ਰਿਅਲੀ- ?

ਆਫ਼ੀਸਰ : ਯੇ ਦੇਖੇਂ ਸਰ... 'ਹਮ ਆਦਮੀ ਕੀ ਜ਼ਿੰਦਗੀ ਕੀ ਕਦਰ ਕਰਤੇ ਹੈ।'' ਯਹੀ ਦੂਸਰੇ ਮੇਂ..., ''ਦੁਖੀ ਹਿਰਦੇ ਸੇ ਮਾਨਤੇ ਹੈ ਕਿ ਲਹੂ ਬਹਾ..., ਅਫ਼ਸੋਸ ਹੈ..., ਲੇਕਿਨ ਜ਼ਰੂਰੀ ਥਾਂ..., ਮਹਾਨ ਕ੍ਰਾਂਤੀ-।'' ਸ਼ਬਦ ਤੱਕ ਵਹੀਂ ਹੈ-। ਕਾਗਜ਼ ਕਾ ਰੰਗ ਤਕ ਸੇਮ-। ਦੋਨੋਂ ਕਾ ਅੰਤ ਭੀ ਇਨਕਲਾਬ ਜ਼ਿੰਦਾਬਾਦ ਸੇ ਹੈ... ਔਰ ਯੇ ਦੇਖੀਏ-।

ਵਾਇਸ : ਬਿਲਕੁਲ ਸਾਫ਼-। ਦੋਨੋਂ ਏਕ ਹੀ ਪਾਰਟੀ ਨੇ ਜਾਰੀ ਕੀਏ। ਯੇ ਕਮਾਂਡਰ ਬਲਰਾਜ... *(ਸੋਚਣ ਲਈ ਰੁਕ ਜਾਂਦਾ ਹੈ।)*

ਆਫ਼ੀਸਰ : ਯੇਹ ਇਕ ਹੀ ਆਦਮੀ ਹੈ ਸਰ। ਖੁਫ਼ੀਆ ਏਜੰਸੀ ਕੀ ਰੀਪੋਰਟ ਹੈ ਕਿ ਯੇ ਦੋਨੋਂ ਭਗਤ ਸਿੰਘ ਨੇ ਲਿਖੇ ਹੈਂ। *(ਵਾਇਸਰਾਇ ਦੀਆਂ ਅੱਖਾਂ 'ਚ ਚਮਕ ਆਉਂਦੀ ਹੈ।)* ਵੋਹ ਸਾਂਡਰਸ ਕੇ ਕਾਤਲੋਂ ਮੇਂ ਸੇ ਏਕ ਹੋ ਸਕਦਾ ਹੈ।

ਵਾਇਸ : ਯੂ ਮੀਨ ਏ ਬਿਗ ਫਿਸ਼...। ਇਜ਼ ਇਟ

ਆਫ਼ੀਸਰ : ਯੈਸ ਸਰ। ਹਮਨੇ ਉਸ ਕੀ ਪੂਰੀ ਫੈਮਲੀ ਸ਼ੀਟ ਤਿਆਰ ਕੀ ਹੈ। ਪੂਰਾ ਪਰਿਵਾਰ ਵਿਦ੍ਰੋਹੀ ਹੈ। ਪਿਤਾ ਕਿਸ਼ਨ ਸਿੰਘ ਕਾਂਗਰਸ ਕਾ ਵਰਕਰ ਹੈ,

ਸਜਾ ਕਾਟ ਚੁਕਾ ਹੈ। ਏਕ ਅੰਕਲ ਕੀ ਮੌਤ ਜੇਲ ਮੇਂ ਹੂਈ-ਦੂਸਰਾ ਅਭੀ ਤਕ ਲਾਪਤਾ ਹੈ- ਦੇਸ਼ ਨਿਕਾਲਾ ਦਿਆ ਗਿਆ ਥਾ ਉਸੇ।

ਵਾਇਸ : ਤੋ ਕਿਆ ਐਕਸ਼ਨ ਹੁਆ ਅਬ ਤੱਕ-।

ਆਫ਼ੀਸਰ : ਸਰ ਪੁਲੀਸ ਕੀ ਏਕ ਖਾਸ ਟੀਮ ਕੋ ਲਾਹੌਰ ਭੇਜਾ ਗਿਆ ਹੈ। ਜਲਦੀ ਹੀ ਕੁਝ ਗ੍ਰਿਫਤਾਰੀਆਂ।

ਵਾਇਸ : ਬੀ ਕਵਿਕ...। ਹਮੇਂ ਰਿਜ਼ਲਟਸ ਚਾਹੀਏ। *(ਸਲੂਟ ਮਾਰ ਕੇ ਆਫ਼ੀਸਰ ਚਲਾ ਜਾਂਦਾ ਹੈ। ਵਾਇਸਰਾਏ ਪਾਣੀ ਦਾ ਗਿਲਾਸ ਚੁੱਕ ਕੇ ਪੀਣ ਲੱਗਦਾ ਹੈ। ਪਿੱਛੋਂ ਖੜਾਕ ਸੁਣ ਕੇ ਭੜਕਦਾ ਹੈ।)* ਹੁ ਜ਼ ਦੇਅਰ...।

*(ਦੂਸਰੇ ਪਾਸਿਓਂ ਖੜਕਾ ਹੁੰਦਾ ਹੈ। ਡਰ ਉਭਰਦਾ ਹੈ। ਚੁਕੰਨਾ ਹੋ ਕੇ ਚਾਰੇ ਪਾਸੇ ਦੇਖਦਾ ਹੈ। ਗਿਲਾਸ ਹੱਥ ਵਿਚ ਘੁੱਟਿਆ ਜਾਂਦਾ ਹੈ। ਕ੍ਰਾਸ ਵੱਲ ਡਰਦਾ-ਡਰਦਾ ਦੇਖਦਾ ਹੈ। ਰੌਸ਼ਨੀ ਹੌਲੀ-ਹੌਲੀ ਉਸ ਤੋਂ ਫੇਡ ਹੋ ਕੇ ਦੂਜੇ ਪਾਸੇ ਭਗਤ ਸਿੰਘ ਅਤੇ ਅਜਨਬੀ 'ਤੇ ਪੈਂਦੀ ਹੈ। ਭਗਤ ਸਿੰਘ ਹਲਕਾ ਹਲਕਾ ਹੱਸ ਰਿਹਾ ਹੈ।)*

ਅਜਨਬੀ : ਦੇਖਿਆ ਡਰਿਆ ਹੋਇਆ ਬੰਦਾ... ਵੱਡੀਆਂ ਵੱਡੀਆਂ ਤਾਕਤਾਂ ਪਿੱਛੇ ਲੁਕਿਆ... ਵੱਡਾ ਡਰ। ਸਭ ਜਗ ਵੈਰੀ ਹੋ ਜਾਂਦਾ... ਕੋਈ ਮਿੱਤ ਨਹੀਂ...। ਏਦਾਂ ਦਾ ਹੀ ਹੁੰਦਾ... ਹੈ ਡਰਿਆ ਬੰਦਾ..., ਆਪਣੇ ਈ ਡਰ ਓਹਲੇ ਲੁਕਿਆ..., ਬੜਕਾ ਮਾਰਦਾ... ਗਲ ਨੂੰ ਪੈਂਦਾ, ਹਥਿਆਰਾਂ ਦੇ ਅੰਬਾਰ ਵੀ ਡਰ ਤੋਂ ਖਹਿੜਾ ਨਹੀਂ ਛੁਡਾ ਸਕਦੇ।

ਭਗਤ ਸਿੰਘ : *(ਇੰਝ ਮਹਿਸੂਸ ਕਰਦਾ ਹੈ ਕਿ ਅਜਨਬੀ ਨੇ ਇਹ ਉਸੇ ਨੂੰ ਸੁਣਾ ਕੇ ਕਿਹਾ ਹੈ।)* ਇਹ ਤੂੰ ਮੈਨੂੰ ਕਿਉਂ ਸੁਣਾ ਰਿਹਾਂ?

*(ਅਜਨਬੀ ਇਨਕਾਰ 'ਚ ਸਿਰ ਮਾਰਦਾ ਮੁਸਕਰਾਉਂਦਾ ਖੜ੍ਹਾ ਰਹਿੰਦਾ ਹੈ।)*

ਭਗਤ ਸਿੰਘ : *(ਉਸ ਦੀਆਂ ਅੱਖਾਂ 'ਚ ਝਾਕਦਾ ਹੈ।)* ਕਦੇ ਕਦੇ ਤੂੰ ਬਿਲਕੁਲ ਮਹਾਤਮਾ ਵਾਲੀਆਂ ਗੱਲਾਂ ਕਰਦਾ...!

ਅਜਨਬੀ : ਪਰ ਉਸ ਦੀਆਂ ਨਜ਼ਰਾਂ 'ਚ ਤੁਸੀਂ ਇੱਕੋ ਹੋ...!

ਭਗਤ ਸਿੰਘ : *(ਕੁਝ ਸੋਚਦੇ ਹੋਏ ਸਿਰ ਝਟਕਦਾ ਹੈ।)* ਅਸੀਂ ਮਹਾਤਮਾ ਦੇ ਪੈਰੋਕਾਰ ਤਾਂ ਨਹੀਂ...। ਪਰ ਉਸ ਦੇ ਰੋਲ ਨੂੰ ਉੱਕਾ ਹੀ ਨਕਾਰ ਦਈਏ। ਇੰਨੇ ਨਾਸ਼ੁਕਰੇ ਵੀ ਨਹੀਂ। ਜੋ ਜਿੰਨ ਉਸ ਨੇ ਬੋਤਲ ਚੋਂ ਕੱਢ ਦਿੱਤਾ ਉਹ ਹੁਣ ਮੁੜ ਬੰਦ ਨਹੀਂ ਹੋ ਸਕਦਾ। ਲੋਕਾਂ ਦੇ ਮੁਰਦਾ ਹੋਏ ਦਿਮਾਗਾਂ ਨੂੰ ਹਿਲੂਣਾਂ ਦੇਣ ਲਈ ਅਸੀਂ ਸ਼ੁਕਰਗੁਜ਼ਾਰ ਹਾਂ ਉਸਦੇ। *(ਸੋਚਦੇ ਹੋਏ..., ਉਦਾਸ)* ਪਰ ਸਾਬਰਮਤੀ ਦੇ ਇਸ ਸੰਤ ਨੂੰ ਕੋਈ ਚੇਲੇ ਨਹੀਂ ਮਿਲਣੇ। *(ਅਜਨਬੀ ਨੂੰ)* ਸੱਚ ਪੁੱਛੋ ਤਾਂ..., ਨਾ ਤੇ ਮੈਨੂੰ ਉਸਦੀ ਸਿਆਸਤ ਸਮਝ ਆਉਂਦੀ ਏ... ਨਾ ਨੈਤਿਕਤਾ। ਸਾਈਮਨ ਕਮੀਸ਼ਨ ਦੇ ਵਿਰੋਧ 'ਚ ਜੋ ਏਕਾ ਹੋਇਆ... ਲੀਰੋ ਲੀਰ ਹੋ ਗਿਆ..., ਤੇ ਮਹਾਤਮਾ ਪਿਆਰ ਦੀ ਗੱਲ ਕਰਦੇ, ਇਰਵਨ ਦੀਆਂ ਮੀਸਣੀਆਂ ਚਾਲਾਂ ਨੇ ਕਾਂਗਰਸ ਅੰਦਰ ਵੀ ਪਾਟੋਧਾੜ ਮਚਾ ਰੱਖੀ ਹੈ। *(ਜ਼ੋਰ ਦੇ ਕੇ)* ਮੈਂ ਸਮਝੋਤਿਆਂ ਤੇ ਖਿਲਾਫ਼ ਨਹੀਂ, ਉਹ ਤੇ ਲੜਾਈ ਦਾ ਹਿੱਸਾ ਨੇ..., ਪਰ ਇਹ ਵੀ ਕੀ ਕਿ ਤੁਸੀਂ ਇੱਕੋ ਹੀ ਝਟਕੇ ਨਾਲ ਪੂਰੀ ਲਹਿਰ ਨੂੰ ਖੇਰੂੰ ਖੇਰੂੰ ਕਰ ਦਿਉਂ। ਅਹਿੰਸਾ ਦੇ ਆਪਣੇ ਅਜੀਬੋ ਗ਼ਰੀਬ ਤਜ਼ਰਬੇ ਲਈ ਲੋਕਾਂ ਦੇ ਦਿਲਾਂ ਨਾਲ ਖੇਡੋ..., ਕਿਸੇ ਨੂੰ ਹੱਕ ਨਹੀਂ ਕਿ ਉਹ ਆਪਣੀ ਸਣਕ ਖਾਤਰ ਕੌਮ ਦੀ ਆਜ਼ਾਦੀ ਨਾਲ ਖਿਲਵਾੜ ਕਰੇ..., ਆਜ਼ਾਦੀ ਦੀ ਜੋ ਚਿਣਗ ਉਸ ਲਾਈ ਹੈ, ਉਸ ਲਈ ਪ੍ਰਣਾਮ ਕਰਦੇ ਹਾਂ ਉਸਨੂੰ, ਪਰ ਅਸੀਂ ਭੁੱਲ ਨਹੀਂ ਸਕਦੇ- ਹੱਥ 'ਚ ਨੰਗੀ ਖੜਗ, ਤੇ ਨੈਣਾਂ 'ਚ ਵੰਗਾਰ ਲਈ 'ਕੋਈ ਇਕ ਸਿਰ ਹੋਰ ਵਈ ਓ ਦਾ ਹੋਕਾ ਦਿੰਦਾ ਕੋਈ ਪੁਕਾਰ ਰਿਹਾ- ਅਸੀਂ ਰੁਕ ਨਹੀਂ ਸਕਦੇ...।

*(ਅਜਨਬੀ ਹੌਲੀ-ਹੌਲੀ ਉਸ ਦੇ ਪਿੱਛੇ ਆਉਂਦਾ ਹੈ ਤੇ ਪਿਆਰ ਨਾਲ ਉਸ ਦੇ ਮੋਢਿਆਂ 'ਤੇ ਹੱਥ ਧਰਦਾ ਹੈ।.. ਤੇ ਉਸ ਨੂੰ ਰੋਸ਼ਨੀ ਦੀ ਦਿਸ਼ਾ 'ਚ ਦੇਖਣ ਦਾ ਇਸ਼ਾਰਾ ਕਰਦਾ ਹੈ। ਜਿੱਥੇ ਸੁਖਦੇਵ ਉਸ ਦਾ ਖ਼ਤ ਪੜ੍ਹ ਰਿਹਾ ਹੈ।)*

ਭਗਤ ਸਿੰਘ : *(ਪਛਾਣਦੇ ਹੋਏ, ਖੁਸ਼ੀ ਨਾਲ)* ਇਹ ਤੇ ਸੁਖਦੇਵ ਵੇ-।

ਅਜਨਬੀ : ਤੇਰਾ ਈ ਖ਼ਤ ਪੜ੍ਹ ਰਿਹਾ-

*(ਰੌਸ਼ਨੀ ਉਨ੍ਹਾਂ ਤੋ ਘੱਟਦੀ ਹੋਈ ਦੂਸਰੇ ਪਾਸੇ ਵੱਧਦੀ ਹੈ। ਸੁਖਦੇਵ ਖ਼ਤ ਪੜ੍ਹਦੇ ਪੜ੍ਹਦੇ ਲੰਮਾਂ ਹੌਂਕਾ ਭਰਦਾ ਹੈ ਤੇ ਸਿਰ ਨੂੰ ਇਵੇਂ ਝਟਕਦਾ ਹੈ ਜਿਵੇਂ ਕਿਸੇ ਖਿਆਲ ਨੂੰ ਝਟਕਣ ਦੀ ਕੋਸ਼ਿਸ ਕਰ ਰਿਹਾ ਹੋਵੇ, ਪਿਛੋਕੜ ਤੋਂ ਗੀਤ ਦੀ ਆਵਾਜ਼ ਗੂੰਜਦੀ ਹੈ :*

*''ਸਈ ਓ ਨੀ ਰਲ ਦੇਵੋ ਬਧਾਈ...'' ਸੁਖਦੇਵ ਦੀਆਂ ਅੱਖਾਂ ਭਰ ਆਉਂਦੀਆਂ ਹਨ। ਕਸ਼ਮੀਰੀ ਆਉਂਦਾ ਹੈ। ਸੁਖਦੇਵ ਝਟਪਟ ਅੱਖਾਂ ਪੂੰਝਦਾ ਹੈ।)*

ਸੁਖਦੇਵ : ਕੌਣ, ਕਸ਼ਮੀਰੀ... *(ਹੌਂਕਾ। ਦੂਜੇ ਪਾਸੇ ਦੇਖਦਾ ਹੈ।)*

ਕਸ਼ਮੀਰੀ : ਕੀ ਗੱਲ..., *(ਗੌਰ ਨਾਲ ਦੇਖ ਕੇ)* ਕੀ ਹੋਇਆ? ਤੂੰ...?

ਸੁਖਦੇਵ : *(ਸੰਭਲਦਾ)* ਕੁਝ ਨਹੀਂ..., ਬਸ ਐਵੇਂ..., ਭਗਤ ਦਾ ਖ਼ਤ ਸੀ...

ਕਸ਼ਮੀਰੀ : *(ਉਤਸ਼ਾਹ ਨਾਲ)* ਭਗਤ ਦਾ..., ਦਿਖਾ–।

ਸੁਖਦੇਵ : *(ਕਾਹਲੀ ਨਾਲ ਲੁਕੋ ਲੈਂਦਾ ਹੈ।)* ਇਹ ਸਿਰਫ਼ ਮੇਰੇ ਲਈ–। ਕੱਲ੍ਹ... ਹੋ ਸਕਦਾ, ਸਭ ਲਈ ਹੋ ਜਾਵੇ..., ਪਰ ਅੱਜ ਸਿਰਫ਼ ਮੇਰੇ ਲਈ। ਇਕ ਯਾਰ ਦਾ ਯਾਰ ਲਈ *(ਗਲਾ ਭਰ ਆਉਂਦਾ ਹੈ। ਆਪਣੇ ਆਪ ਵਿਚ ਹੀ ਬੋਲਣ ਲੱਗਦਾ ਹੈ।)* ਸਾਊਆਂ ਦੀ ਮੌਤ ਹੋ ਗਈ... ਅਣਜਾਣ... ਬੇਨਾਮ... ਹੱਥ ਲੈ ਤੁਰੇ।.. ਗੁੰਮਨਾਮ ਉਜਾੜਾਂ ਵੱਲ ਨੂੰ..., ਰਾਤ ਦੇ ਹਨੇਰੇ 'ਚ ਕਿਸੇ ਹੰਝੂ ਨਾ ਕੇਰੇ..., ਤਾਰਿਆਂ ਤੋਂ ਸਿਵਾ ਕੋਈ ਸਾਥੀ ਨਹੀਂ...। ਕੋਈ ਸਾਥੀ ਨਹੀਂ...।

ਕਸ਼ਮੀਰੀ : *(ਝੰਜੋੜਦਾ ਹੈ।)* ਸੁਖਦੇਵ।.. ਕੀ ਹੋ ਗਿਆ ਤੈਨੂੰ...।

ਸੁਖਦੇਵ : ਇੱਕ ਬੰਦੇ ਦੇ ਅੰਦਰ ਕਿੰਨਾ ਕੁਝ ਛੁਪਿਆ ਹੁੰਦਾ ਹੈ..., ਖ਼ੁਦ ਉਸ ਨੂੰ ਵੀ ਪਤਾ ਨਹੀਂ ਹੁੰਦਾ..., ਕਈ ਵਾਰ ਤੇ ਆਪਣਾ ਆਪ ਈ ਅਜਨਬੀ ਲੱਗਦਾ।।.. ਮੈਂ ਆਪ ਹੀ ਤਾਂ ਤੋਰਿਆ ਸੀ ਉਸਨੂੰ,.. ਤੇ ਹੁਣ ਅਲਵਿਦਾ ਕਹਿਣ ਦੀ ਵੀ ਹਿੰਮਤ ਨਹੀਂ। *(ਭਾਵੁਕ ਹੋਕੇ)* ਮੈਂ ਬਹੁਤ ਧੱਕਾ ਕੀਤਾ ਉਹਦੇ ਨਾਲ...।

ਕਸ਼ਮੀਰੀ : ਕ੍ਰਾਂਤੀਕਾਰੀ ਦੀ ਜ਼ਿੰਦਗੀ ਤੇ ਬਸ ਇਹੋ ਏ..., ਦੀਵਾਲੀ ਦੀ ਆਤਿਸ਼ਬਾਜੀ...।

ਸੁਖਦੇਵ : ਤੈਨੂੰ ਪਤਾ ਜਦੋਂ ਸਾਂਡਰਸ ਨੂੰ ਮਾਰਨ ਲਈ ਮੈਂ ਉਸ ਦਾ ਨਾਂ ਲਿਆ ਸੀ– ਕਿੰਨੇ ਸ਼ੱਕ ਉੱਠੇ ਸੀ ਮੇਰੇ 'ਤੇ।

ਕਸ਼ਮੀਰੀ : ਸ਼ੁਦਾ ਹੋ ਗਿਆ ਤੈਨੂੰ।

ਸੁਖਦੇਵ : ਉਹ ਖੁਸਰ ਫੁਸਰ ਮੈਂ ਆਪ ਸੁਣੀ ਸੀ...। ਪਰ ਮੈਂ... ਜ਼ਮੀਰ 'ਤੇ ਬੋਝ ਨਹੀਂ ਪੈਣ ਦਿੱਤਾ। ਉਨ੍ਹਾਂ ਨੂੰ ਲੱਗਦਾ– *(ਰੋਣਹਾਕਾ)* ਮੈਂ ਸੜਦਾ ਸੀ ਉਸ

ਤੋਂ, ਉਸ ਦੀ ਪ੍ਰਸਿੱਧੀ ਤੋਂ..., ਅੱਜ ਸੱਚਮੁਚ ਈ ਈਰਖਾ ਹੁੰਦੀ ਹੈ-ਉਹ ਅੱਗੇ ਲੰਘ ਗਿਆ... ਤੇ ਮੇਰੇ 'ਚ ਹੱਥ ਹਿਲਾਉਣ ਦੀ ਵੀ ਹਿੰਮਤ ਨਹੀਂ...।

ਕਸ਼ਮੀਰੀ : ਸਾਨੂੰ ਉਨ੍ਹਾਂ ਨੂੰ ਸ਼ਰਮਿੰਦਾ ਕਰਨ ਦਾ ਕੋਈ ਹੱਕ ਨਹੀਂ...। ...ਹਾਲੇ ਤਾਂ ਇੱਕ ਪੂਣੀ ਓ ਵੱਟੀ ਏ-। *(ਸੁਖਦੇਵ ਸੰਭਲਦਾ ਹੈ।)*

ਸੁਖਦੇਵ : ਜੈ ਗੋਪਾਲ... ਨਹੀਂ ਮੁੜਿਆ ਹਾਲੇ ਤਾਈਂ...। ਲੁਹਾਰ ਨੂੰ ਲੈਣ ਗਿਆ ਕਿ...।

ਕਸ਼ਮੀਰੀ : *(ਕਾਗਜ ਜ਼ਮੀਨ ਤੋਂ ਚੁੱਕਦਾ ਹੈ।)* ਇਹ ਕੀ ਏ..., ਕੋਈ ਨੋਟਸ-। *(ਸੁਖਦੇਵ ਨੂੰ ਫੜਾਂਦਾ)*।

ਸੁਖਦੇਵ : ਓ ਹਾਂ- ਰਾਤ ਦੀ ਮੀਟਿੰਗ ਦੇ ਨੋਟਸ ਨੇ। *(ਸੁਖਦੇਵ ਪੜਦਾ ਹੈ। ਦੂਜੇ, ਪਾਸੇ ਭਗਤ ਸਿੰਘ 'ਤੇ ਵੀ ਰੌਸ਼ਨੀ ਵੱਧਦੀ ਹੈ। ਉਹ ਪਰੇਸ਼ਾਨ ਹੈ। ਬਾਹਰੋਂ ਜੈ ਗੋਪਾਲ ਦੌੜਿਆ ਆਉਂਦਾ ਹੈ।)*

ਕਸ਼ਮੀਰੀ : ਕੀ ਹੋਇਆ ਤੈਨੂੰ-।

ਜੈ ਗੋਪਾਲ : ਛੇਤੀ ਨਿਕਲੋ ਏਥੋਂ..., ਪੁਲਿਸ ਨੇ ਬਿਲਡਿੰਗ ਨੂੰ ਘੇਰਾ ਪਾ ਲਿਆ। *(ਉਨ੍ਹਾਂ ਦੇ ਸੰਭਲਣ ਤੋਂ ਪਹਿਲਾਂ ਹੀ ਪੁਲਿਸ ਉਨ੍ਹਾਂ ਨੂੰ ਦਬੋਚਦੀ ਹੈ। ਸੁਖਦੇਵ ਫਟਾਫਟ ਹੱਥਲਾ ਕਾਗਜ਼ ਮੂੰਹ 'ਚ ਪਾ ਲੈਂਦਾ ਹੈ।)*

ਅਫ਼ਸਰ : ਦੇਖੋ- ਫੜੋ- ਉਹਨੂੰ...। ਜੀਉਂਦੇ ਫੜਨੇ ਨੇ ਸਾਰੇ। *(ਸੁਖਦੇਵ ਕਾਗਜ਼ ਨਿਗਲਣ ਦੀ ਕੋਸ਼ਿਸ਼ ਕਰਦਾ ਹੈ। ਉਸ ਦੀਆਂ ਅੱਖਾਂ ਬਾਹਰ ਆ ਜਾਂਦੀਆਂ। ਬਾਕੀਆਂ ਨੂੰ ਘਸੀੜਦੇ ਹੋਏ ਬਾਹਰ ਲੈ ਜਾਂਦੇ ਹਨ।)* ਧੌਣ 'ਤੇ ਮਾਰੋ ਇਹਦੀ...ਧੌਣ 'ਤੇ,.. ਬਾਹਰ ਕੱਢੋ ਕੀ ਹੈ। *(ਸਿਪਾਹੀ ਸੁਖਦੇਵ ਦੀ ਧੌਣ 'ਤੇ ਸਵਾਰ ਹੋ ਕੇ ਪਿੱਛੋਂ ਮਾਰਦੇ ਹਨ। ਉਹ ਕਾਗਜ਼ ਬਾਹਰ ਉਗਲ ਦਿੰਦਾ ਹੈ। ਆਫ਼ੀਸਰ ਖੋਲਣ ਦੀ ਨਕਾਮ ਕੋਸ਼ਿਸ ਕਰਦਾ ਹੈ। ਤੇ ਫੇਰ ਗਾਲ ਕੱਢ ਕੇ ਸੁੱਟ ਦਿੰਦਾ ਹੈ।)* ਸਾਰੀ ਬਿਲਡਿੰਗ ਸੀਲ ਕਰ ਦਿਓ-। ਜਬਤ ਕਰ ਲਓ- ਜੋ ਵੀ ਹੈ-। *(ਹੁਕਮ ਦੇ ਕੇ ਬਾਹਰ ਨੂੰ ਜਾਂਦਾ ਹੈ। ਸੁਖਦੇਵ ਨੂੰ ਸਿਪਾਹੀ ਧੱਕੇ ਦੇ ਕੇ ਲਿਜਾਂਦੇ ਹਨ। ਰੌਸ਼ਨੀ ਸਿਰਫ਼ ਭਗਤ 'ਤੇ ਰਹਿ ਜਾਂਦੀ ਹੈ।)*

ਭਗਤ : *(ਰੋਣ ਹਾਕਾ, ਖ਼ੁਦ 'ਤੇ ਕਾਬੂ ਰੱਖ਼ਦੇ ਹੋਏ)* ਬਸ- ਸਭ ਖਤਮ-ਅੱਖ ਝਪਕਦੇ ਈ..., ਇੱਕ ਇੱਕ ਤੀਲਾ ਕਰ ਕੇ ਜੋੜਿਆ... ਸਭ ਇਕੋ ਝਟਕੇ 'ਚ *(ਰੋ*

*ਪੈਂਦਾ ਹੈ। ਅਜਨਬੀ ਦਿਲਾਸਾ ਦਿੰਦਾ ਹੈ।)* ਕਿੰਨੀਆਂ ਆਸਾਂ ਸੀ..., ਦੇਸ਼ ਲਈ..., ਕ੍ਰਾਂਤੀ ਲਈ..., ਲਹਿਰ ਲਈ... ਸਭ ਇੱਕੋ ਝਟਕੇ 'ਚ *(ਮਚਾਨ ਵੱਲ ਨੂੰ ਜਾਂਦਾ ਹੈ।)*

ਅਜਨਬੀ : ਪਰ ਇਸ ਗੱਲ ਨੂੰ ਤੇ ਅਰਸਾ ਹੋ ਗਿਆ... ਇਕ ਯੁੱਗ... *(ਪਿੱਛੋਂ ਆਵਾਜ਼ਾਂ ਮਾਰਦਾ ਹੈ।)* ਭਗਤ... ਸੁਣ..। ਸਦੀ ਬੀਤ ਗਈ।

*(ਹੌਲੀ-ਹੌਲੀ ਰੌਸ਼ਨੀ ਉਸ ਤੋਂ ਫੇਡ ਹੁੰਦੀ ਹੈ। ਉਹ ਬਾਹਰ ਨਿਕਲ ਜਾਂਦਾ ਹੈ। ਭਗਤ ਸਿੰਘ ਮਚਾਨ 'ਤੇ ਜਾ ਚੜਦਾ ਹੈ ਤੇ ਪੂਰੇ ਮੰਚ ਉੱਤੇ ਨਿਗਾਹ ਮਾਰਦਾ ਹੈ।)*

ਭਗਤ : ਹਾਲੇ ਕੱਲ ਦੀ ਤਾਂ ਗੱਲ ਹੈ... ਜੋਸ਼ ਦਾ ਠਾਠਾਂ ਮਾਰਦਾ ਸਮੁੰਦਰ... ਹੋਸ਼ ਦਾ ਪੁੰਗਰਦਾ ਸੂਰਜ-। *(ਇਕ ਕਿਤਾਬ ਚੁੱਕ ਕੇ ਪੜਨ ਲੱਗਦਾ ਹੈ।)* ਹਾਲੇ ਤਾਂ ਪਹਿਲਾ ਈ ਵਰਕਾ ਪਲਟਿਆ ਸੀ। *(ਮਗਨ ਹੋ ਕੇ ਪੜਦਾ ਹੈ। ਕੁਝ ਨੋਟਸ ਲੈਂਦਾ ਹੈ। ਪਿੱਛੋਂ ਆਵਾਜ਼ ਆਉਂਦੀ ਹੈ।)*

ਆਵਾਜ਼ : ਭਗਤ ਸਿੰਘ ਮੁਲਾਕਾਤ ਏ ਵਈ ਓ। *(ਭਗਤ ਸਿੰਘ ਚਾਰੇ ਪਾਸੇ ਦੇਖਦਾ ਹੈ ਤੇ ਫੇਰ ਆਵਾਜ਼ ਦੀ ਦਿਸ਼ਾ ਦਾ ਅੰਦਾਜ਼ਾ ਲਾਉਦੇ ਹੋਏ ਅੱਗੇ ਵੱਧਦਾ ਹੈ।)*

ਕਿਸ਼ਨ ਸਿੰਘ : *(ਹੌਲੀ ਹੌਲੀ ਪ੍ਰਵੇਸ਼ ਕਰਦਾ ਹੈ।)* ਕਿਵੇਂ ਐਂ ਪੁੱਤਰਾ...

ਭਗਤ : *(ਆਵਾਜ਼ ਦੀ ਦਿਸ਼ਾ ਵੱਲ ਪਲਟਦਾ)* ਜਤਿਨ ਦੀ ਹਾਲਤ ਠੀਕ ਨਹੀਂ... ਪਰ ਹੜਤਾਲ ਜਾਰੀ ਏ..., ਭੁੱਖ ਹੜਤਾਲ..., ਸਰਕਾਰ ਵੀ ਜਿਦ ਫੜ ਗਈ..., ਵਕਾਰ ਦਾ ਸਵਾਲ ਬਣਾ ਲਿਆ...।

ਕਿਸ਼ਨ : *(ਮੋਢੇ 'ਤੇ ਹੱਥ ਰੱਖਦਾ ਹੈ)* ਉਹ ਡਰ ਗਏ ਨੇ।

ਭਗਤ : *(ਪਹਿਲੀ ਮਨੋ ਅਵਸਥਾ 'ਚ)* ਪਰ ਜ਼ਮਾਨਤ 'ਤੇ ਜਾਣ ਨੂੰ ਉਹ ਵੀ ਤਿਆਰ ਨਹੀਂ..., ਅਜੀਬ ਜਿਦ ਏ,... ਫੌਲਾਦ ਦੀ...।

ਕਿਸ਼ਨ : ਭੁੱਖ ਹੜਤਾਲ ਦੀ ਗੱਲ।.. ਫੈਲ ਗਈ ਏ... ਹਰ ਪਾਸੇ ਜ਼ਿਕਰ ਹੈ।

ਭਗਤ : *(ਥੋੜਾ ਸੰਭਲ ਕੇ)* ਕੁਲਤਾਰ ਨਹੀਂ ਆਇਆ। *(ਉਹ ਦੂਜੇ ਪਾਸਿਓਂ ਬੋਲਦਾ ਹੈ, ਜੋ ਹੁਣ ਤੱਕ ਮੰਚ 'ਤੇ ਆ ਚੁੱਕਾ ਹੈ, ਰੌਸ਼ਨੀ 'ਚ ਆਉਦਾ ਹੈ।)*

ਕੁਲਤਾਰ : ਮੈਂ ਏਧਰ ਆਂ ਵੀਰ ਜੀ... ਏਥੇ...। *(ਅੱਗੇ ਵੱਧ ਕੇ ਉਸ ਦੇ ਗਲ ਨਾਲ*

*ਚਿੰਬੜ ਕੇ ਜ਼ਾਰੋ-ਜ਼ਾਰ ਹੋ ਪੈਂਦਾ ਹੈ। ਭਗਤ ਹੌਂਸਲਾ ਦਿੰਦਾ ਹੈ।)*

ਭਗਤ : ਤੈਨੂੰ ਪਤਾ ਰਾਜਗੁਰੂ... ਕੋਈ ਹੈ ਨਹੀਂ ਉਸਦਾ..., ਰਿਸ਼ਤੇਦਾਰ.. ਕੋਈ ਨਹੀਂ, ਕਿਸੇ ਦੀ ਉਡੀਕ ਵੀ ਨਹੀਂ..., ਸੁਖਦੇਵ ਨੂੰ ਮਿਲਣ ਵੀ ਕੋਈ ਨਹੀਂ ਆਉਂਦਾ...। *(ਕੁਲਤਾਰ ਹੋਰ ਜ਼ੋਰ ਦੀ ਰੋਂਦਾ ਹੈ।)*

ਕਿਸ਼ਨ : ਤੂੰ ਕਿਵੇਂ ਆਂ ਭਾਗਾਂ ਵਾਲਿਆ... *(ਖ਼ੁਦ 'ਤੇ ਕਾਬੂ ਰੱਖਦੇ ਹੋਏ)* ਕੁਝ ਆਪਣੀ ਵੀ ਕਹਿ–।

ਭਗਤ : ਇਕੱਲਾ ਰਹਿਣਾ ਸਿੱਖ ਲਿਆ..., ਫੇਰ ਵੀ ਕਦੀ ਕਦੀ... ਕਾਹਲੀ ਪੈ ਜਾਂਦੀ ਕਿ ਸਭ ਕੁਝ ਮੁਕ-ਮੁਕਾ ਜਾਏ... ਤੁਰੰਤ...।

ਕੁਲਤਾਰ : *(ਸੰਭਲਦੇ ਹੋਏ)* ਤੁਹਾਨੂੰ ਕੁਝ ਨਹੀਂ ਹੋਵੇਗਾ... ਵੀਰ ਜੀ...ਕੁਝ ਨਹੀਂ।

ਭਗਤ : *(ਹੱਥ ਨਾਲ ਰੋਕਦੇ ਹੋਏ)* ਨਾ..., ਜੇ ਮੈਂ ਬਚ ਗਿਆ... ਤਾਂ ਸਭ ਖ਼ਤਮ ਹੋ ਜਾਵੇਗਾ।

ਕਿਸ਼ਨ : *(ਜ਼ੋਰ ਦੇ ਕੇ)* ਪਰ ਹੁਣ ਸਰਕਾਰ ਝੁਕ ਗਈ ਏ... ਪੜਤਾਲ ਕਮੇਟੀ ਬਣ ਗਈ, ਉਸਨੇ ਰੀਪੋਰਟ ਵੀ ਦੇ ਦਿੱਤੀ–। ਹੁਣ ਇਸ ਭੁੱਖ ਹੜਤਾਲ ਦਾ...,

ਭਗਤ : ਸਾਨੂੰ ਕੋਈ ਸ਼ੌਂਕ ਨਹੀਂ... *(ਥੋੜੀ ਤਲਖੀ)*, ਪਰ ਇਤਿਹਾਸ ਤੋਂ ਅੱਖਾਂ ਮੀਚ ਨਹੀਂ ਸਕਦੇ ਅਸੀਂ..., ਗਦਰੀਆਂ ਨਾਲ਼ ਕੀ ਹੋਇਆ ਸੀ..., ਇਹ ਸਭ ਟਪਲੇਬਾਜੀ ਏ..., ਸਾਨੂੰ ਲਿਖਤ ਭਰੋਸਾ ਚਾਹੀਦਾ ਹੈ–। ਅਸੀਂ ਸਿਰਫ਼ ਰਾਸ਼ਨ ਕੱਪੜਾ ਨਹੀਂ ਮੰਗਦੇ, ਉਹ ਮਿਆਰ ਚਾਹੀਦਾ ਜੋ ਸਾਰੀਆਂ ਆਜ਼ਾਦ ਕੌਮਾਂ ਦਾ ਹੱਕ ਹੈ–। ਖੁਰਾਕ ਦੀ ਗੱਲ ਨਹੀਂ... ਗੱਲ ਵਿਚਾਰ ਦੀ ਏ...।

ਕਿਸ਼ਨ : ਪਰ ਤੁਹਾਡੀ ਇਸ ਜਿਦ ਦਾ ਅਸਰ ਮੁਕੱਦਮੇ 'ਤੇ ਵੀ ਪੈ ਸਕਦਾ। ਹਾਲ ਦੀ ਘੜੀ ਤਾਂ ਸਭ ਨਾਲ ਨੇ, ਅਸੈਂਬਲੀ 'ਚ ਵੀ ਮਾਮਲਾ ਤੂਲ ਫੜ ਗਿਆ–।

ਭਗਤ : ਮੰਨਣਾ ਪਵੇਗਾ... ਉਨ੍ਹਾਂ ਨੂੰ, ਕਿ ਅਸੀਂ ਮੁਜ਼ਰਿਮ ਨਹੀਂ, ਆਜ਼ਾਦੀ ਘੁਲਾਟੀਏ ਆਂ, ਸਾਡੇ ਨਾਲ ਮੁਜ਼ਰਿਮਾਂ ਵਾਲਾ ਵਰਤਾਓ ਸਾਡੇ ਆਦਰਸ਼ਾਂ ਦੀ ਤੌਹੀਨ ਹੈ, ਜੋ ਅਸੀਂ ਬਰਦਾਸ਼ਤ ਨਹੀਂ ਕਰਾਂਗੇ–। *(ਚੁੱਪੀ। ਕੁਲਤਾਰ ਧਿਆਨ ਨਾਲ ਸੁਣ ਰਿਹਾ ਹੈ।)*

ਕਿਸ਼ਨ : ਸਰਕਾਰ ਇਹ ਪ੍ਰਚਾਰ ਕਰ ਰਹੀ ਏ ਕਿ ਇਹ ਸਭ ਬਹਾਨੇਬਾਜ਼ੀ ਏ..., ਮੁਕੱਦਮੇਂ ਤੋਂ ਬਚਣ ਦੀ.,.., ਕਨੂੰਨ ਤੋਂ ਬਚਣ ਲਈਓ ਤੁਸੀਂ ਇਹ... *(ਰੁਕ ਜਾਂਦਾ ਹੈ।)*

ਭਗਤ : ਇਸਦਾ ਜਵਾਬ ਅਸੀਂ ਅਦਾਲਤ 'ਚ ਦੇਵਾਂਗੇ- ਜਦੋਂ ਤੱਕ ਲੋਕ ਆਉਂਦੇ ਨੇ, ਅਦਾਲਤ ਸਾਡੇ ਲਈ ਪਵਿੱਤਰ ਹੈ, ਆਪਣੀ ਗੱਲ ਕਹਿਣ ਦਾ ਮੁਕਾਮ-। ਅਸੀਂ ਭੱਜਾਂਗੇ ਨਹੀਂ ਜਦੋਂ ਤਕ ਉਹ ਆਪ ਹੀ ਏਸ ਡਰਾਮੇ ਦਾ ਭੋਗ ਨਹੀਂ ਪਾ ਦਿੰਦੇ। *(ਭਗਤ ਸਿੰਘ ਤੁਰਨ ਲੱਗਦਾ ਲੜਖੜਾ ਜਾਂਦਾ ਹੈ। ਕੁਲਤਾਰ ਉਸ ਨੂੰ ਸੰਭਾਲਦਾ ਹੈ।)*

ਕੁਲਤਾਰ : ਦੇਸ਼ ਦਾ ਹਰ ਨੌਜਵਾਨ ਤੇਰੇ ਨਾਲ ਹੈ... ਵੀਰ...। *(ਭਗਤ ਸਿੰਘ ਮੁਸਕਰਾਉਦਾ ਹੈ।)* ਤੇਰੀ ਰਾਹ ਤੇ ਤੁਰਨਾ ਚਾਹੁੰਦਾ ਹੈ। ਜਾਨ ਹਥੇਲੀ 'ਤੇ ਧਰ ਕੇ।.. *(ਜੱਫੀ ਪਾ ਲੈਂਦਾ ਹੈ)*

ਭਗਤ : *(ਥਾਪੀ ਦਿੰਦੇ ਹੋਏ)* ਤੇਰੇ ਜਹੇ ਨੌਜਵਾਨਾਂ ਦੇ ਕਰਨ ਲਈ ਹੋਰ ਬਹੁਤ ਵੱਡੇ ਕੰਮ ਨੇ,.. ਬਹੁਤ ਵੱਡੇ ਵੱਡੇ ਕੰਮ... *(ਕੁਲਤਾਰ ਧਿਆਨ ਨਾਲ ਸੁਣਦਾ ਹੈ।)*

ਸਿਪਾਹੀ : *(ਆਉਂਦਾ ਹੈ।)* ਮੁਲਾਕਾਤ ਦਾ ਸਮਾਂ ਖ਼ਤਮ ਹੁੰਦਾ ਹੈ। *(ਕਿਸ਼ਨ ਸਿੰਘ ਤੇ ਕੁਲਤਾਰ ਹੌਲੀ-ਹੌਲੀ ਸਿਪਾਹੀ ਦੇ ਪਿੱਛੇ ਪਿੱਛੇ ਜਾਂਦੇ ਹਨ।)*

ਭਗਤ : *(ਆਪਣੇ ਆਪ 'ਚ ਚਾਰੇ ਪਾਸੇ ਦੇਖਦਾ ਹੋਇਆ)* ਇਨਕਲਾਬ ਕੋਈ ਮੌਤ ਨਾਲ ਪਿਆਰ ਨਹੀਂ-ਨਾ ਹੀ ਬੰਬ ਬੰਦੂਕਾਂ ਦਾ ਰਾਹ ਜੋ ਫਾਂਸੀ ਦੇ ਫੰਦੇ 'ਤੇ ਜਾ ਕੇ ਮੁਕਦਾ ਹੈ। *(ਸਭ ਬਾਹਰ ਨਿਕਲ ਚੁੱਕੇ ਹਨ।)* ਇਹ ਲੋਕਾਂ ਲਈ ਲੋਕਾਂ ਦੇ ਵਿਚ ਰਹਿ ਕੇ ਜੀਉਣ ਦਾ ਨਾਂ ਹੈ। ਇਸ ਤੋਂ ਬਿਨਾਂ ਹਰ ਦਲੇਰੀ ਫਜ਼ੂਲ ਹੈ... ਛਲਾਵਾ ਹੈ...।

*(ਰੋਸ਼ਨੀ ਵੱਧਦੀ ਹੈ। ਭਗਤ ਸਿੰਘ ਖ਼ੁਦ ਨੂੰ ਇੱਕਲਾ ਮਹਿਸੂਸ ਕਰਦਾ ਹੈ। ਜਤਿਨ ਤੇ ਸੁਖਦੇਵ ਆਉਂਦੇ ਹਨ। ਭਗਤ ਸਿੰਘ ਸੰਭਲਦਾ ਹੈ।)* ਜਤਿਨ ਮੇਰੇ ਵੀਰ-ਆ-ਏਥੇ ਬੈਠ -ਮੇਰੇ ਕੋਲ... *(ਸੁਖਦੇਵ ਉਸ ਦੇ ਮੋਢੇ 'ਤੇ ਹੱਥ ਰੱਖਦਾ ਹੈ।)* ਕੁਲਤਾਰ ਆਇਆ ਸੀ ਸੁਖਦੇਵ... ਕੁਲਤਾਰ, ਦੇਖ ਉਸ ਨੇ ਮੇਰਾ ਸਾਰਾ ਮੋਢਾ ਗਿੱਲਾ ਕਰ ਦਿੱਤਾ- ਪਾਗਲਾਂ ਵਾਂਗ ਰੋਂਦਾ ਰਿਹਾ- ਜਿਵੇਂ ਬਸ ਅਖੀਰੀ ਵਾਰ ਹੋਵੇ-। *(ਕੁਝ ਅੰਗਰੇਜ਼ ਆਫ਼ੀਸਰ ਖਾਣ ਪੀਣ ਦੀਆਂ ਚੀਜ਼ਾਂ ਲਈ ਉਨ੍ਹਾਂ ਦੇ ਆਸੇ ਪਾਸੇ ਘੁੰਮਦੇ ਹਨ। ਬਰਤਨਾਂ ਚੋਂ ਗਰਮ*

*ਗਰਮ ਭਾਫ਼ ਉਠ ਰਹੀ ਹੈ। ਸਭ ਉਪਰਾਮ ਭਾਵ 'ਚ ਖੜੇ ਰਹਿੰਦੇ ਹਨ। ਜਤਿਨ ਘੜੇ ਚੋਂ ਪਾਣੀ ਕੱਢ ਕੇ ਪੀਂਦਾ ਹੈ- ਤੇ ਫੇਰ ਚੂਲੀ ਕਰ ਦਿੰਦਾ ਹੈ। ਇਹ ਦੇਖ ਕੇ ਘੜੇ 'ਚ ਦੁੱਧ ਹੈ, ਗੁੱਸੇ ਵਿੱਚ ਆ ਕੇ, ਉਸ ਨੂੰ ਮਚਾਨ 'ਤੇ ਜਾ ਕੇ ਪਿਛਲੇ ਪਾਸੇ ਸੁੱਟ ਦਿੰਦਾ ਹੈ ਤੇ ਡਿੱਗਦਾ ਢਹਿੰਦਾ ਮੁੜ ਆ ਬੈਠਦਾ ਹੈ।)*

ਸੁਖਦੇਵ : ਮੈਂ ਤੇ ਪਹਿਲਾਂ ਈ ਕਿਹਾ ਸੀ..., ਇਹ ਗਾਂਧੀਵਾਦੀ ਟੋਟਕੇ ਸਾਡੇ ਕਿਸੇ ਕੰਮ ਨਹੀਂ, ਅਸੀਂ ਇੱਥੇ ਜੇਲ ਸੁਧਾਰ ਕਰਨ ਨਹੀਂ ਆਏ..., ਇੰਝ ਅਣਆਈ ਮੌਤ ਮਰਨਾ।

ਭਗਤ : *(ਦੁਖੀ)* ਤੇਰੇ ਮੂੰਹੋਂ ਇਹ ਸਭ ਚੰਗਾ ਨਹੀਂ ਲੱਗਦਾ।

ਸੁਖਦੇਵ : ਸਿਰਫ਼ ਕਿਸੇ ਨੂੰ ਖੁਸ਼ ਕਰਨ ਲਈ- ਮੈਂ ਕੁਝ ਨਹੀਂ ਕਰ ਸਕਦਾ।

ਜਤਿਨ : ਪਿੱਛੇ ਮੁੜਨ ਦਾ ਕੋਈ ਰਾਹ ਨਹੀਂ..., ਸਭ ਸਾਡੇ ਵੱਲ ਦੇਖ ਰਹੇ ਨੇ- ਆਸਾਂ ਲਾਈ...। ਗੋਲੀ ਖਾਣਾ..., ਫਾਂਸੀ ਤੇ ਝੂਲ ਜਾਣਾ... ਬਹੁਤ ਸੌਖਾ..., ਸਭ ਖਤਮ ਹੋ ਜਾਂਦਾ... ਪਲਕ ਝਪਕਦੇ ਹੀ..., ਪਰ ਮੌਤ ਜਦ ਹੌਲੀ-ਹੌਲੀ ਮੂੰਹ ਖੋਹਲਦੀ ਏ ਤੇ ਤੁਸੀਂ ਉਸ ਦੇ ਅੰਦਰ ਸਰਕਦੇ ਜਾਂਦੇ ਹੋ- ਸਰਕਦੇ ਜਾਂਦੇ ਹੋ-।

ਸੁਖਦੇਵ : ਆਪਣੇ ਆਪ ਨੂੰ ਇੰਝ ਤਸੀਹੇ ਦੇਣਾ... ਕਿੱਥੋਂ ਦੀ ਦੇਸ਼ ਭਗਤੀ ਏ...।

ਭਗਤ : ਪਰ ਕਦੇ ਤੂੰ ਖ਼ੁਦ... ਇਸ ਸਭ ਕੁਝ ਦਾ ਮੁਦਈ ਰਿਹਾ ਏਂ। ਜੇ ਕਿੱਸੇ-ਕਹਾਣੀਆਂ 'ਚ ਦੂਜਿਆਂ ਨੂੰ ਤਿਲ-ਤਿਲ ਕਰ ਮਰਦੇ ਦੇਖਣਾ-ਸਾਨੂੰ ਇੰਨੀ ਤਾਕਤ ਦੇ ਸਕਦਾ.., ਤੇ ਅਸੀਂ ਤਾਂ ਫੇਰ ਜੀਉਂਦੇ ਜਾਗਦੇ ਲੋਕ ਹਾਂ, ਹੱਡ-ਮਾਸ ਦੇ। ਇਹ ਤਕਲੀਫ਼ਾਂ ਅਜਾਈਂ ਨਹੀਂ ਜਾਣ ਲਗੀਆਂ।

*(ਪਿੱਛੋਂ ਇਨਕਲਾਬ ਦੇ ਨਾਹਰੇ ਉਭਰਦੇ ਹਨ।)* ਕੀ ਸਭ ਭੁਲੇਖਾ ਸੀ....ਊਂ ਈ... *(ਸੋਚਦੇ ਹੋਏ......ਜਿਵੇਂ ਆਪਣੇ 'ਤੇ ਹੱਸ ਰਿਹਾ ਹੋਵੇ।)*

*(ਰੋਸ਼ਨੀ ਉਨ੍ਹਾਂ ਤੋਂ ਦੂਜੇ ਪਾਸੇ ਪੈਂਦੀ ਹੈ। ਡਰਿਆ ਹੋਇਆ ਵਾਇਸਰਾਏ ਪਸੀਨਾ ਪੂੰਝਦਾ ਹੋਇਆ ਆਉਂਦਾ ਹੈ। ਪਿੱਛੋਂ ਇਨਕਲਾਬ ਦੇ ਨਾਹਰੇ ਗੂੰਜ ਰਹੇ ਹਨ। ਵਾਇਸਰਾਏ ਗਲੇ ਵਿਚਲੇ ਕ੍ਰਾਸ ਨੂੰ ਚੁੰਮਣ ਲੱਗਦਾ ਹੈ। ਬਾਹਰੋਂ ਇਕ ਸਿਪਾਹੀ ਦੌੜਿਆ ਆਉਂਦਾ ਹੈ।)*

ਸਿਪਾਹੀ : ਹਿਜ਼ ਹਾਈਨਸ...।

ਵਾਇਸ : *(ਤਭਕ ਕੇ)...* ਕਿਆ ਹੈ...?

ਸਿਪਾਹੀ : ਜ਼ਨਾਬ ਹਾਲਾਤ ਬਹੁਤ ਖ਼ਤਰਨਾਕ ਹੋ ਗਏ ਨੇ...?

ਵਾਇਸ : *(ਖਿੱਝ ਕੇ)* ਤੁਮ੍ਹੇ ਜਿਸ ਕਾਮ ਕੋ ਭੇਜਾ ਥਾ ਵੋ...?

ਸਿਪਾਹੀ : ਉਹ ਸਭ ਤਿਆਰ ਹੈ ਸਰਕਾਰ...।

ਵਾਇਸ : ਤੋ ਜਲਦੀ ਸੇ ਲੇ ਕਰ ਆਓ। ਹਮ ਖ਼ੁਦ ਚੈਕ ਕਰੇਂਗੇ। *(ਸਿਪਾਹੀ ਕੁਝ ਕਹਿਣਾ ਚਾਹੁੰਦਾ ਹੈ, ਪਰ ਵਾਇਸਰਾਏ ਦੇ ਘੂਰਨ ਤੇ ਚਲਾ ਜਾਂਦਾ ਹੈ। ਨਾਅਰੇ ਇਕ ਵਾਰ ਫੇਰ ਗੂੰਜਦੇ ਹਨ। ਵਾਇਸਰਾਏ ਉਸੇ ਦਿਸ਼ਾ ਵੱਲ ਜਾਂਦਾ ਹੈ। ਅਜਨਬੀ ਨੂੰ ਦੇਖ ਕੇ ਰੁਕ ਜਾਂਦਾ ਹੈ।)* ਤੂੰ... ਫੇਰ...!

ਅਜਨਬੀ : ਸਾਰੇ ਦੇਸ਼ 'ਚ ਇਨਕਲਾਬ ਦੀ ਹਨੇਰੀ ਝੁੱਲ ਰਹੀ ਏ–। *(ਨਾਹਰੇ)* ਉਹ ਵੇਖ ਕੈਲੰਡਰ.. ਭਗਤ ਸਿੰਘ ਤੇ ਦੱਤ ਦੇ.., ਧੜਾਧੜ ਵਿਕ ਰਹੇ ਨੇ, ਦੁਕਾਨਾਂ 'ਤੇ... ਘਰਾਂ 'ਚ ਹਰ ਜਗ੍ਹਾ ਉਹੀ ਹੈ। *(ਵਾਇਸਰਾਏ ਚੁਫੇਰੇ ਦੇਖਦਾ ਹੈ।)* ਫੈਕਟਰੀਆਂ ਤੋਂ ਲੈ ਕੇ ਸਾਧਾਂ ਦੇ ਡੇਰਿਆਂ ਤੱਕ ਲੋਕ ਮਰਨ ਵਰਤ 'ਤੇ ਬੈਠੇ..., ਬੱਚੇ..., ਬੁੜੀਆਂ ਸਭ...। ਘਰਾਂ 'ਚ ਚੁੱਲੇ ਠੰਡੇ ਪਏ..., ਮੁਲਕ ਭਰ 'ਚ ਦਿਨ ਮਨਾਇਆ ਜਾ ਰਿਹਾ ਉਸ ਦਾ... ਭਗਤ ਸਿੰਘ ਦਾ ਦਿਨ–।

ਵਾਇਸ : *(ਬੁੱਲ੍ਹਾਂ 'ਤੇ ਜੀਭ ਫੇਰਦੇ ਹੋਏ)* ਕੋਈ ਫ਼ਰਕ ਨਹੀਂ ਪੈਂਦਾ..., ਕਨੂੰਨ ਆਪਣਾ ਕੰਮ ਕਰ ਰਿਹਾ... *(ਮੂੰਹ ਮੋੜ ਲੈਂਦਾ ਹੈ।)* ਤੇ ਕਰੇਗਾ... ਹਰ ਹਾਲ 'ਚ...।

ਅਜਨਬੀ : *(ਉਸ ਦੇ ਅੱਗੇ ਹੋ ਕੇ)* ਓਧਰ ਦੇਖ.. ਓਹ.. ਅਦਾਲਤ ਚਲ ਰਹੀ ਏ..., ਜੱਜਾਂ ਦੇ ਸਾਹਮਣੇ... ਪੁਲਿਸ ਹੱਡ ਭੰਨ ਰਹੀ ਏ ਉਨ੍ਹਾਂ ਦੇ...। ਦੇਖ ਦੇਖ ਉਹ ਤੇ ਹਸ ਰਹੇ ਨੇ। ਕਹੀ ਅਜਬ ਅਦਾਲਤ ਏ..., ਲੋਕ ਤਾਂ ਦੂਰ... ਮੁਜ਼ਰਮਾਂ ਦੇ ਵਕੀਲਾਂ ਤੱਕ ਨੂੰ ਜਾਣ ਦੀ ਇਜਾਜ਼ਤ ਨਹੀਂ। ਜੱਜ ਸਾਹਮਣੇ ਸ਼ਨਾਖਤੀ ਪ੍ਰੇਡ ਤੱਕ ਦੀ ਲੋੜ ਨਹੀਂ ਸਮਝਦੇ..., ਦੇਖ-ਦੇਖ... ਦੇਖ ਤਾਂ ਸਹੀ...। *(ਵਾਇਸਰਾਏ ਪਸੀਨਾ ਪੂੰਝਦਾ ਹੈ।)* ਬਹੁਤ ਗਰਮੀ ਏ..., ਅਦਾਲਤ ਦੇ ਬਾਹਰ ਖੜੀ ਭੀੜ– ਮੁੜਕੋ-ਮੁੜਕੀ ਹੋਈ ਪੱਖੇ ਝੱਲ ਰਹੀ ਏ..., ਗੌਰ ਨਾਲ ਦੇਖ... ਪੱਖੇ ਨਹੀਂ... ਤਸਵੀਰਾਂ ਨੇ ਭਗਤ ਸਿੰਘ ਦੀਆਂ –। ਤੇ ਉਹ ਆ ਰਹੇ ਨੇ ਤੇਰੇ ਵਾਦਾ ਮੁਆਫ਼ ਗੁਆਹ... *(ਪਿੱਛੋਂ ਸ਼ੇਮ ਸ਼ੇਮ*

*ਦੀਆਂ ਆਵਾਜ਼ਾਂ)* ਦੇਖ-ਦੇਖ ਚਿਹਰੇ ਦੀ ਪਿਲੱਤਣ ਦੇਖ... ਜਿਵੇਂ ਕਬਰਾਂ 'ਚੋਂ ਉੱਠ ਕੇ ਆਏ-। ਇਨ੍ਹਾਂ ਦੇ ਸਿਰ 'ਤੇ ਕਰੇਂਗਾ ਫੈਸਲਾ..., ਵੇਖ... ਮੂੰਹ ਨਾ ਫੇਰ-।

ਆਫ਼ੀਸਰ : *(ਕਾਹਲੀ ਨਾਲ ਆਉਂਦਾ ਹੈ।)* ਹਿਜ਼ ਐਕਸੀਲੈਂਸੀ...।

ਵਾਇਸ : *(ਖਿਝ ਕੇ)* ਅਬ ਕਿਆ ਮੁਸੀਬਤ ਹੈ।

ਆਫ਼ੀਸਰ : ਬੁਰੀ ਖ਼ਬਰ ਹੈ ਹਿਜ਼ ਐਕਸੀਲੈਂਸੀ... ਮਹਾਤਮਾ ਗਾਂਧੀ ਨੇ ਨਮਕ ਕਾਨੂੰਨ ਤੋੜਨੇ ਕਾ ਐਲਾਨ ਕਿਆ ਹੈ। ਕੈਦੀਓਂ ਕੀ ਭੁਖ ਹੜਤਾਲ ਔਰ ਉਨ ਕੇ ਮੁਕੱਦਮੇ ਨੇ ਪੂਰਾ ਮਾਹੌਲ ਗਰਮਾ ਦਿਆ ਹੈ।

ਵਾਇਸ : ਔਰ ਮਹਾਤਮਾ ਉਸ ਦਾ ਫਾਇਦਾ ਲੈਨਾ ਚਾਹਤਾ...। *(ਕੁਝ ਨਕਾਬਪੋਸ਼ ਫਾਂਸੀ ਦੇ ਫੰਦੇ ਲੈ ਕੇ ਮੰਚ 'ਤੇ ਆਉਂਦੇ ਹਨ। ਵਾਇਸਰਾਏ ਬੌਂਦਲ ਕੇ ਉਨ੍ਹਾਂ ਵੱਲ ਦੇਖਦਾ ਹੈ।)*... ਉਧਰ ਸੇ..., ਪੀਛੇ ਸੇ ਜਾਓ... *(ਵਾਇਸਰਾਇ ਅਫ਼ਸਰ ਨੂੰ ਬਾਹਰ ਜਾਣ ਦਾ ਇਸ਼ਾਰਾ ਕਰਦਾ ਹੈ। ਉਹ ਮੁੜ-ਮੁੜ ਦੇਖਦਾ ਜਾਂਦਾ ਹੈ।)*

*(ਵਾਰੀ-ਵਾਰੀ ਉਹ ਲੋਕ ਫਾਂਸੀ ਦੇ ਫੰਦੇ ਮਚਾਨ ਦੇ ਉੱਤੋਂ ਦੀ ਪਿੱਛੇ ਲੈ ਕੇ ਜਾਂਦੇ ਹਨ। ਅਜਨਬੀ ਉਨ੍ਹਾਂ ਦੇ ਪਿੱਛੇ ਜਾ ਕੇ ਰੋਕਣ ਦੀ ਕੋਸ਼ਿਸ਼ ਕਰਦਾ ਹੈ।)*

ਅਜਨਬੀ : ਸੁਣੋ, ਇਹ ਕੀ ਕਰ ਰਹੇ ਹੋ ਤੁਸੀਂ..., ਰੁਕੋ... *(ਵਾਇਸਰਾਏ ਨੂੰ)* ਇਹ ਸਭ ਕੀ ਹੈ?

ਵਾਇਸ : *(ਕ੍ਰਾਸ ਨਾਲ ਖੇਡ ਰਿਹਾ)* ਕਲਾਈਮੈਕਸ! ਆਖਰੀ ਸੀਨ...।

ਅਜਨਬੀ : ਇਹ ਕਿਵੇਂ ਹੋ ਸਕਦਾ..., ਮੁਕੱਦਮਾ ਤੇ ਹਾਲੇ ਚਲ ਰਿਹਾ...।

ਵਾਇਸ : *(ਕੱਟ ਕੇ)* ਇਹ ਕੋਈ ਪਹਿਲੀ ਵਾਰ ਤੋਂ ਨਹੀਂ ਹੋ ਰਿਹਾ... ਨਾ ਹੀ ਆਖ਼ਰੀ ਵਾਰ। *(ਚੁੱਪੀ)* ਤੁਝੇ ਸਭ ਪਤਾ, ਫੇਰ ਮੁਝੈ ਕਿਉ ਪਰੇਸ਼ਾਨ ਕਰ ਰਹਾ... ਹੈ।

*(ਨਕਾਬਪੋਸ਼ ਵਾਪਿਸ ਆ ਕੇ ਸਿਰ ਝੁਕਾ ਕੇ ਖੜੇ ਹੁੰਦੇ ਹਨ। ਵਾਇਸਰਾਏ ਜਾਣ ਦਾ ਇਸ਼ਾਰਾ ਕਰਦਾ ਹੈ। ਗਲੇ ਦਾ ਕ੍ਰਾਸ ਅੰਦਰ ਕਰ ਲੈਂਦਾ ਹੈ।)*

ਅਜਨਬੀ : ਇਹ ਤੇ ਨੰਗਾ ਚਿੱਟਾ ਕਤਲ ਏ-।

ਵਾਇਸ : ਲੋਗੋਂ ਕੀ ਜਾਨ ਮਾਲ... ਖਤਰੇ ਮੇਂ ਨਹੀਂ ਡਾਲ ਸਕਤੇ। *(ਮੂੰਹ ਫੇਰ ਲੈਂਦਾ)*

ਅਜਨਬੀ : *(ਚੀਖ ਕੇ)* ਤੁਸੀਂ ਪਾ ਰਹੇ ਹੋ। ਅੱਗ ਨਾਲ ਖੇਡ ਰਹੇ ਹੋ ਤੁਸੀਂ।

ਵਾਇਸ : ਮਰਤਾ ਆਦਮੀ ਸਭ ਕਰਤਾ-। ਹਰ ਤਰੀਕਾ... ਕੁਝ ਭੀ-।

ਅਜਨਬੀ : ਇਹ ਖ਼ੁਦਕਸ਼ੀ ਏ... ਸਰਾਸਰ ਖ਼ੁਦਕੁਸ਼ੀ...।

ਵਾਇਸ : ਦਿਸ ਇਜ਼ ਏ ਸਿੰਪਲ ਡਿਪਲੋਮੇਸੀ- ਕੂਟਨੀਤੀ-।

ਅਜਨਬੀ : ਕਿੰਨੇ ਵਾਰ ਆਜ਼ਮਾਈ-, ਏ ਸਿੰਪਲ ਡਿਪਲੋਮੇਸੀ., ਹਜ਼ਾਰਾ ਸਾਲਾਂ ਤੋਂ, ਕਦੇ ਕਾਮਯਾਬ ਹੋਈ...? ਸ਼ਹੀਦ ਕਿਸੇ ਵੀ ਕੌਮ ਦਾ ਰਿਸਦਾ ਜ਼ਖਮ ਹੁੰਦੇ ਨੇ..., *(ਵਾਇਸਰਾਏ ਮੂੰਹ ਮੋੜ ਲੈਂਦਾ ਹੈ, ਹੱਥ ਫੇਰ ਕ੍ਰਾਸ 'ਤੇ ਚਲਾ ਜਾਂਦਾ ਹੈ।)* ਜੋ ਕਦੇ ਭਰਦੇ ਨਹੀਂ, ਹਰ ਨਵੀਂ ਪੀੜ੍ਹੀ ਆਪਣੀਆਂ ਪੀੜਾਂ ਨਾਲ..., ਸੱਜਰਾ ਕਰਦੀ ਉਨ੍ਹਾਂ ਨੂੰ... ਨਿੱਤ ਨਵਾਂ। ਹਰ ਹਥਿਆਰ ਦਾ ਪਾਇਆ ਫੱਟ ਮਿੱਟ ਜਾਂਦਾ, ਪਰ ਸ਼ਹੀਦਾਂ ਦੇ ਪਾਏ ਫੱਟ ਕਦੇ ਮਿਟਦੇ ਨਹੀਂ, ਦੇਖ... ਸਾਰੀ ਦੁਨੀਆਂ ਤੇਰੇ ਸਾਹਮਣੇ ਹੈ.. ਹਸ਼ਰ ਦੇਖ ਇਸ ਦਾ, ਹਰ ਕਦਮ 'ਤੇ ਸਲੀਬ, ਕਿਸੇ ਨਾ ਕਿਸੇ ਦੀ ਕਬਰ... ਜੋ ਕੁੱਖ ਬਣ ਜਾਂਦੀ ਹੈ...। ਕੁੱਖ। ਜਿਥੇ ਸ਼ਹੀਦ ਜੰਮਦੇ ਨੇ। *(ਹੌਂਕਾ ਭਰ ਕੇ)* ਇਹੋ ਰਿਜ਼ਲਟ ਹੈ ਸਦੀਆਂ ਦੀ ਡਿਪਲੋਮੇਸੀ ਦਾ।

*(ਵਾਇਸਰਾਏ ਦੀਆਂ ਅੱਖਾਂ 'ਚ ਦੇਖਦਾ ਹੈ। ਉਹ ਨੀਂਵੀ ਪਾ ਲੈਂਦਾ ਹੈ।)*

ਵਾਇਸ : *(ਤੜਫ ਕੇ)* ਔਰ ਕੋਈ ਰਾਹ ਹੈ...। ਇਜ਼ ਦੇਅਰ ਐਨੀ ਐਗਜ਼ਿਟ...। *(ਚੁੱਪੀ)* ਅਜਨਬੀ ਉਸ ਵੱਲ ਤਰਸ ਭਰੀਆਂ ਨਜ਼ਰਾਂ ਨਾਲ ਦੇਖਦਾ ਰਹਿੰਦਾ ਹੈ। ਵਾਇਸਰਾਏ ਨੀਵੀਂ ਪਾ ਕੇ ਨਿਕਲ ਜਾਂਦਾ ਹੈ। ਅਜਨਬੀ ਮਿਊਜ਼ੀਅਮ 'ਚ ਪਈਆਂ ਚੀਜ਼ਾਂ ਨੂੰ ਧਿਆਨ ਨਾਲ ਦੇਖਦਾ ਹੈ। *(ਹੌਲੀ-ਹੌਲੀ ਰੋਸ਼ਨੀ ਮੱਧਮ ਹੁੰਦੀ ਹੈ।)*

*ਫੇਡ ਆਊਟ*

*(ਰੋਸ਼ਨੀ ਭਗਤ ਸਿੰਘ ਤੇ ਪੈਂਦੀ ਹੈ, ਜੋ ਕਿਤਾਬ ਪੜ੍ਹ ਰਿਹਾ ਹੈ। ਆਲੇ ਦੁਆਲੇ ਕਿਤਾਬਾਂ ਦਾ ਢੇਰ ਹੈ। ਕਿਤਾਬ ਬੰਦ ਕਰ ਕੇ ਉਹ*

*ਗੁਣਗੁਣਾਉਣ ਲੱਗਦਾ ਹੈ।)*

ਭਗਤ : ਕੋਈ ਦਿਨ ਕਾ ਮੇਹਮਾਂ ਹੂੰ ਐ ਅਹਿਲੇ ਮਹਫਿਲ..., ਚਿਰਾਗ਼ੇ ਸਹਿਰ ਹੂੰ ਬੁਝਾ ਚਾਹਤਾ ਹੂੰ...। *(ਰੋਸ਼ਨੀ ਫੈਲਦੀ ਹੈ। ਸੁਖਦੇਵ ਤੇ ਰਾਜਗੁਰੂ ਜਤਿਨ ਨੂੰ ਲੈ ਕੇ ਆਉਂਦੇ ਹਨ। ਉਸ ਦੀ ਸਾਹ ਉਖੜੀ ਹੋਈ ਹੈ। ਭਗਤ ਸਿੰਘ ਦੌੜ ਕੇ ਕੋਲ ਆਉਂਦਾ ਹੈ।)* ਜਤਿਨ..., ਇਹ ਤੇ ਛੱਡ ਕੇ ਜਾਣ ਦਾ ਵੇਲਾ ਨਹੀਂ।

ਰਾਜਗੁਰੂ : ਹੁਣ ਕੁਝ ਨਹੀਂ ਹੋ ਸਕਦਾ...। ਦਿਲ ਡੁਬ ਰਿਹਾ... ਨਬਜ਼ ਵੀ...।

ਜਤਿਨ : ਕੁਝ ਨਹੀਂ, ਇਹ ਤੇ ਸਫ਼ਲਤਾ ਦੀ ਪਹਿਲੀ ਪੌੜੀ ਏ... ਭਗਤ। ਅਹਿੰਸਾ ਦੇ ਪੁਜਾਰੀਆਂ ਨੂੰ ਦੇਖਣ ਦਿਓ..., ਸਾਡੇ ਅੰਦਰ ਵੀ ਤਾਕਤ ਏ।.., ਜਿਸਮ ਦੀ ਹੀ ਨਹੀਂ ਰੂਹ ਦੀ ਤਾਕਤ...। ਅਸੀਂ ਵੀ ਨਿਰੇ ਪੂਰੇ... ਸਰੀਰ ਨਹੀਂ..., ਰੂਹ ਵੀ ਹੈ, ਸਾਡੇ ਅੰਦਰ। ਅਸੀਂ ਵੀ ਸੱਚ ਨਾਲ ਤਜ਼ਰਬੇ ਕਰ ਸਕਦੇ ਹਾਂ, ਤਕਲੀਫ਼ਾਂ ਝੱਲ ਸਕਦੇ ਹਾਂ, ਉਸ ਦੀ ਖ਼ਾਤਿਰ, ਬਿਨਾਂ ਕਿਸੇ 'ਤੇ ਉਂਗਲ ਚੁੱਕੇ ਕਤਰਾ ਕਤਰਾ ਪਿਘਲ ਸਕਦੇ ਹਾਂ, ਕਿਣਕਾ ਕਿਣਕਾ ਮਰ ਸਕਦੇ ਹਾਂ।

*(ਭਗਤ ਰੋ ਪੈਂਦਾ ਹੈ।)* ਇਹ ਰੋਣ ਦੀ ਨਹੀਂ-ਜਸ਼ਨ ਦੀ... ਬੇਲਾ, ਤੂੰ ਜਾਣਦੈਂ..., ਉਹ ਨਚੀਕੇਤਾ... ਜਿਸ ਨੂੰ ਉਸ ਦੇ ਪਿਤਾ... ਨੇ ਹਵਾਲੇ ਕਰ ਦਿੱਤਾ ਸੀ... ਮੌਤ ਦੇ... ਆਪਣੇ ਹੱਥੀਂ... ਤੇ ਉਹ ਤੁਰਦਾ... ਤੁਰਦਾ... ਕਿੰਨੇ ਈ ਦਿਨ..., ਅਣਜਾਣੇ ਜੰਗਲਾਂ ਪਹਾੜਾਂ ਨਾਲ ਟੱਕਰਾਂ ਮਾਰਦਾ, ਸਜੇ ਬਾਜ਼ਾਰਾਂ ਤੇ ਮੇਲਿਆਂ ਦੀ ਰੌਣਕ ਤੋਂ ਬੇਲਾਗ, ਸੱਚ ਦਾ ਰਾਹ ਲੱਭਦਾ, ਦੁੱਧ ਦੀ ਉਮਰੇ..., ਮੌਤ ਦੇ ਬੂਹੇ ਜਾ ਪੁੱਜਾ ਉਸ ਦੀਆਂ ਸਰਦਲਾਂ 'ਤੇ *(ਹੰਭਲਾ ਮਾਰ ਕੇ ਉਠਦਾ ਹੈ। ਸਭ ਉਸ ਨੂੰ ਸੰਭਾਲਦੇ ਹਨ।)* ਮੌਤ ਅੰਦਰ ਜਾ ਵੜੀ, ਕੁੰਡੇ ਜਿੰਦੇ ਮਾਰ, ਬਾਹਰ ਆਉਣ ਦਾ ਹੀਆ ਨਹੀਂ ਕਰਦੀ..., ਨਾਂ ਨਹੀਂ ਲੈਂਦੀ, ਮਹਿਮਾਨ ਬਰੂਹਾਂ 'ਤੇ ਖੜਾ..., ਕਿੰਨੇ ਦਿਨਾਂ ਦਾ ਭੁੱਖਾ ਤਿਰਹਾਇਆ, ਵਾਪਸੀ ਦੀ ਕੋਈ ਚਾਹ ਨਹੀਂ, ਤਿਆਰ ਹੈ ਯੱਗ ਦੀ ਜਵਾਲਾ 'ਚ ਹੋਮ ਹੋਣ ਲਈ, ਜਾ... ਕੇ ਕਹੋ-ਕੌਮ ਦੇ ਪਿਤਾ ਨੂੰ.. ਨਚੀਕੇਤਾ... ਭੁੱਲਿਆ ਨਹੀਂ, ਭਟਕਿਆ ਨਹੀਂ, ਖੜਾ ਹੈ... ਮੌਤ ਦੀਆਂ ਬਰੂਹਾਂ 'ਤੇ, ਖੜਾ...ਹੈ ਨਿਡਰ,.. ਅਡੋਲ, ਮੌਤ ਬਹਾਨੇ ਬਣਾ ਰਹੀ ਏ– *(ਸਾਹ ਟੁੱਟ ਜਾਂਦਾ ਹੈ। ਭਗਤ ਸਿੰਘ ਫੁੱਟ ਫੁੱਟ ਕੇ ਰੋਂਦਾ ਹੈ। ਰੌਸ਼ਨੀ ਫੇਡ ਆਊਟ ਹੁੰਦੀ ਹੈ।)*

*(ਦੂਜੇ ਪਾਸੇ ਹੌਲੀ-ਹੌਲੀ ਰੌਸ਼ਨੀ ਹੁੰਦੀ ਹੈ। ਸਾਰੰਗੀ ਦੀ ਧੁਨ 'ਤੇ ਭਜਨ ਦੇ ਬੋਲ ਉਭਰਦੇ ਹਨ..ਗਾਂਧੀ ਹੌਲੀ-ਹੌਲੀ ਤੁਰਦੇ ਮੰਚ ਤੇ ਆਉਂਦੇ ਹਨ। ਦੂਜੇ ਪਾਸੇ ਜਤਿਨ ਦੀ ਲਾਸ਼ ਨੂੰ ਬਾਹਰ ਲੈ ਕੇ ਜਾ ਰਹੇ ਹਨ। ਗਾਂਧੀ ਬੈਠਦਾ ਹੈ। ਪਿਛੋਕੜ 'ਚੋਂ ਆਵਾਜ਼ ਉਭਰਦੀ ਹੈ 'ਜਾ ਕੇ ਕਹੋ ਕੌਮ ਦੇ ਪਿਤਾ ਨੂੰ... ਨਚੀਕੇਤਾ... ਭੁੱਲਿਆ ਨਹੀਂ, ਭਟਕਿਆ ਨਹੀਂ, ਖੜਾ ਹੈ..., ਮੌਤ ਦੀਆਂ ਬਰੂਹਾਂ 'ਤੇ।' ਗਾਂਧੀ ਅੱਖਾਂ ਬੰਦ ਕਰ ਲੈਂਦਾ ਹੈ। ਅਜਨਬੀ ਆਉਂਦਾ ਹੈ। ਪਿਛੋਕੜ 'ਚੋ ਗੀਤ ਉਭਰਦਾ ਹੈ। 'ਵੈਸ਼ਣੋ ਜਨ ਤੋ ਤੇਹੇ ਕਹੀਏ, ਜੋ ਪੀਰ ਪਰਾਈ ਜਾਨੇ ਰੇ... ਵੈਸ਼ਣੋ ਜਨ ਤੋ...।')*

ਅਜਨਬੀ : ਕਿਉਂ ਮਹਾਤਮਾ..., ਪਰਾਈ ਹੀ ਕਿਉਂ, ਆਪਣਿਆਂ ਦੀ ਪੀੜ ਕੀ ਪੀੜ ਨਹੀਂ ਹੁੰਦੀ। *(ਚੌਂਕ ਕੇ ਗਾਂਧੀ ਅੱਖਾਂ ਖੋਲਦਾ ਹੈ। ਪਰ ਉਸ ਵੱਲ ਦੇਖਦਾ ਨਹੀਂ।)* ਸਿਰਫ਼ ਇਸ ਲਈ ਕਿ ਉਹ ਆਪਣੇ ਨੇ...। ਹੰਅ, ਦੋ ਪੁਲਿਸ ਵਾਲਿਆਂ ਦੀ ਮੌਤ ਲਈ, ਤੁਸੀਂ ਪੂਰਾ ਅੰਦੋਲਨ ਵਾਪਿਸ ਲੈ ਲਿਆ..., ਬਹੁਤ ਬੋਝ ਸੀ, ਜਮੀਰ ਉੱਤੇ, ਰਹਿੰਦਾ ਹੈ..., ਉਨ੍ਹਾਂ ਮਾਵਾਂ ਦਾ ਕੀ... ਜਿਨ੍ਹਾਂ ਦੇ ਪੁੱਤਰ... ਹਾਕਮਾਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ ਗਏ..., ਕਾਲ ਕੋਠੜੀਆਂ 'ਚ ਉਡੀਕ ਰਹੇ ਮੌਤ ਨੂੰ, ਉਹ ਔਰਤਾਂ ਜਿਨ੍ਹਾਂ ਦੇ ਪਤੀ ਭਰੀ ਜਵਾਨੀ 'ਚ ਛੱਡ ਕੇ ਤੁਰ ਗਏ, ਅਨਾਥ ਬੱਚੇ..., ਉਨ੍ਹਾਂ ਲਈ ਇਹ ਪੀੜ ਖ਼ਾਮੋਸ਼ ਕਿਉਂ ਏ-। *(ਗਾਂਧੀ ਉਠਦਾ ਹੈ ਤੇ ਅਜਨਬੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਦਾ ਹੈ।)* ਸਵਾਲ ਕਿਸੇ ਫ਼ਲਸਫ਼ੇ ਦਾ ਨਹੀਂ, ਤਿੰਨ ਬੇਸ਼ਕੀਮਤੀ ਜਾਨਾਂ ਦਾ ਹੈ। *(ਗਾਂਧੀ ਉਸ ਦਾ ਮੋਢਾ ਥਪਥਪਾਂਦਾ ਹੈ ਤੇ ਚੁੱਪਚਾਪ ਮਚਾਨ ਵੱਲ ਨੂੰ ਤੁਰ ਪੈਂਦਾ ਹੈ। ਅਜਨਬੀ ਤੜਫ ਉਠਦਾ ਹੈ।)* ਇਹ ਗੱਲ ਹੈ... ਤਾਂ ਤੁਹਾਨੂੰ ਉਨ੍ਹਾਂ ਨੂੰ ਹੀ ਨਹੀਂ..., ਗੀਤਾ ਨੂੰ ਵੀ ਛੱਡਣਾ ਪਵੇਗਾ, ਤਿਆਗਣਾ ਪਵੇਗਾ..., *(ਗਾਂਧੀ ਰੁਕ ਜਾਂਦਾ ਹੈ।)* ਸ਼੍ਰੀਮਦ ਭਗਵਤ ਗੀਤਾ..., ਉਹ ਵੀ ਤੇ ਹਿੰਸਾ ਦੀ ਹਿਮਾਇਤ ਕਰਦੀ ਏ, ਕਾਇਰਤਾ ਦੀ ਨਹੀਂ।

ਗਾਂਧੀ : *(ਆਰਾਮ ਨਾਲ ਉਸ ਵੱਲ ਮੁੜਦਾ ਹੈ।)* ਜੇ ਕੋਈ ਧਾਰਮਿਕ ਗ੍ਰੰਥ ਹਿੰਸਾ ਦੀ ਹਿਮਾਇਤ ਕਰਦਾ, ਚਾਹੇ ਉਹ ਕਿੰਨਾ ਹੀ ਪਵਿੱਤਰ ਕਿਉਂ ਨਾ ਹੋਵੇ, ਮੈਂ ਉਸਨੂੰ ਰੱਦ ਕਰਦਾਂ। *(ਚੁੱਪੀ)* ਮੇਰੀ ਜ਼ਿੰਦਗੀ 'ਚ ਉਸ ਦੀ ਕੋਈ ਥਾਂ ਨਹੀਂ। ਪਰ ਮੈਂ ਕਾਇਰਤਾ ਨਾਲੋਂ..., ਹਮੇਸ਼ਾਂ ਹੀ ਹਿੰਸਾ ਨੂੰ ਪਹਿਲ ਦਿੱਤੀ ਹੈ..., ਹਮੇਸ਼ਾਂ।

*(ਇੰਨਾ ਕਹਿ ਕੇ ਉਹ ਮੁੜਦਾ ਹੈ ਤੇ ਹੌਲੀ ਹੌਲੀ ਮਚਾਨ ਵੱਲ ਨੂੰ ਜਾਂਦਾ ਹੈ। ਅਜਨਬੀ ਖੜਾ ਦੇਖਦਾ ਰਹਿੰਦਾ ਹੈ। ਰੋਸ਼ਨੀ ਹੌਲੀ-ਹੌਲੀ ਮੱਧਮ ਪੈਂਦੀ ਹੈ।)*

*(ਢੋਲ-ਨਗਾੜਿਆਂ ਤੇ ਦੂਜੀਆਂ ਜੰਗੀ ਆਵਾਜ਼ਾਂ ਵਿਚ ਵਾਇਸਰਾਏ ਆਉਂਦਾ ਹੈ। ਵੱਡੀ ਸਲੀਬ ਦੇ ਸਾਹਮਣੇ ਗੋਢੇ ਟੇਕ ਕੇ ਬੈਠਦਾ ਹੈ ਫੇਰ ਹੌਲੀ-ਹੌਲੀ ਅੱਖਾਂ ਬੰਦ ਕਰ ਲੈਂਦਾ ਹੈ। ਆਵਾਜ਼ਾਂ ਮੱਧਮ ਪੈਂਦੀਆਂ ਹਨ। ਜਿਵੇਂ ਨੀਂਦ ਆ ਰਹੀ ਹੈ। ਹੱਥ ਗਲੇ ਵਿਚ ਲਟਕੀ ਸਲੀਬ 'ਤੇ ਹੈ। ਅਜਨਬੀ ਆਉਂਦਾ ਹੈ ਤੇ ਗਲੇ 'ਚੋਂ ਸਲੀਬ ਉਤਾਰਨ ਲੱਗਦਾ ਹੈ। ਅਭੜਵਾਹਾ ਉੱਠ ਕੇ ਉਸ ਨਾਲ ਉਲਝ ਜਾਂਦਾ ਹੈ।)*

ਵਾਇਸ : *(ਕੰਬ ਰਿਹਾ)* ਛੋੜ ਦੇ... ਛੋੜ ਦੇ ਇਸੇ... ਛੋੜ।

ਅਜਨਬੀ : ਤੇਰੇ ਕੋਲ ਸਭ ਹੈ। ਫੌਜ... ਹਕੂਮਤ... ਸਭ.., ਇਸ ਦੀ ਲੋੜ ਨਹੀਂ ਤੈਨੂੰ-

ਵਾਇਸ : *(ਥਰ ਥਰ ਕੰਬਦਾ)* ਛੋੜ..., ਫਾਰ ਗੋਡ ਸੇਕ...।

ਅਜਨਬੀ : ਕੋਈ ਲੈਣਾ ਦੇਣਾ ਨਹੀਂ ਤੇਰਾ ਇਸ ਨਾਲ... ਕੋਈ ਸੰਬੰਧ ਨਹੀਂ। *(ਸਲੀਬ ਉਤਾਰ ਕੇ ਦੌੜ ਜਾਂਦਾ ਹੈ। ਵਾਸਿਰਾਏ ਆਪਣਾ ਗਲ ਟੋਹਦਾ ਹੈ। ਉਸ ਨੂੰ ਫੜਨ ਦੀ ਨਕਾਮ ਕੋਸ਼ਿਸ਼ ਕਰਦਾ ਹੈ। ਰੌਲਾ ਪਾਉਂਦਾ ਹੈ।)* ਪਕੜੋ ਉਸੇ-ਢੂੰਢੋ... *(ਸਿਆਹ ਨਕਾਬਪੋਸ਼ ਮੰਚ 'ਤੇ ਆ ਕੇ ਮਿਊਜ਼ੀਅਮ ਦੀ ਹਰ ਚੀਜ਼ ਉਲਟ ਪੁਲਟ ਕੇ ਦੇਖਦੇ ਹਨ। ਵਾਇਸਰਾਏ ਵੀ ਦੇਖਦਾ ਹੈ।)* ਢੂੰਢੋ..., ਪੂਰੀ ਫ਼ੋਰਸ ਲਗਾ ਦੋ..., ਮਿਲਟਰੀ.., ਪੁਲਿਸ... ਸਭ ਝੋਂਕ ਦੋ-।

*(ਤਿੰਨੋ ਨਕਾਬਪੋਸ਼ ਇੱਕ-ਦੂਜੇ ਵੱਲ ਇਵੇਂ ਦੇਖਦੇ ਹਨ, ਜਿਵੇਂ ਕੁਝ ਸਮਝ ਨਹੀਂ ਆ ਰਿਹਾ।)*

ਨਕਾਬਪੋਸ਼ 1 : ਪਰ... ਲੱਭਣਾ ਕੀ ਹੈ?

ਨਕਾਬਪੋਸ਼ 2 : ...ਗੁਆਚਿਆ ਕੀ ਹੈ?

ਨਕਾਬਪੋਸ਼ 3 : *(ਬੋਖਲਾਹਟ ਲੁਕਾਉਣ ਲਈ ਚੀਕਦਾ ਹੈ)* ਓ ਸ਼ਟਅਪ। *(ਨਕਾਬਪੋਸ਼ ਬਾਹਰ ਵੱਲ ਦੋੜਦੇ ਹਨ। ਤਿੰਨੇ ਦਿਸ਼ਾਵਾਂ ਤੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਆਉਂਦੇ ਹਨ। ਵਾਇਸਰਾਏ ਰੁਕ ਜਾਂਦਾ ਹੈ। ਥੁੱਕ ਨਿਗਲਦੇ*

*ਹੋਏ, ਸਲੀਬ ਦਾ ਨਿਸ਼ਾਨ ਬਣਾਂਦਾ ਹੈ।)*

ਭਗਤ : ਡਰ ਨਾ..., ਸਾਨੂੰ ਤੇਰੇ 'ਤੇ ਕੋਈ ਗੁੱਸਾ ਨਹੀਂ।

ਰਾਜ : ਕੋਈ ਗਿਲਾ...

ਸੁਖਦੇਵ : ਕੋਈ ਨਫ਼ਰਤ ਨਹੀਂ।

ਭਗਤ : ਅਸੀਂ ਤਾਂ ਅਪੀਲ ਲੈ ਕੇ ਆਏ ਹਾਂ।

ਰਾਜ-ਸੁਖ : *(ਇਕੱਠੇ ਬੋਲਦੇ ਹਨ)* ਦਰਖ਼ਾਸਤ *(ਵਾਇਸਰਾਏ ਥੋੜਾ ਸੰਭਲਦਾ ਹੈ।)*

ਭਗਤ : ਤੁਸੀਂ ਦੋਸ਼ ਲਾਇਆ..., ਅਸੀਂ ਤੁਹਾਡੇ ਖਿਲਾਫ਼ ਜੰਗ ਛੇੜੀ ਹੈ। ਗ਼ਲਤ।

ਰਾਜ : ਜੰਗ ਤਾਂ ਲੋਕਾਂ ਦੀ ਹੈ...

ਸੁਖ : ਅਸੀਂ ਸਿਰਫ਼ ਹਿੱਸਾ ਲਿਆ ਉਸ 'ਚ। ਅੱਗੇ ਤੋਰਿਆ ਉਸਨੂੰ..

ਭਗਤ : ਹਰ ਲਿਹਾਜ ਨਾਲ ਅਸੀਂ ਜੰਗੀ ਕੈਦੀ ਹਾਂ।

ਰਾਜ : ਤੁਸੀਂ ਮੰਨਦੇ ਹੋ।

ਸੁਖ : ਤੁਹਾਡੀ ਅਦਾਲਤ ਮੰਨਦੀ ਹੈ।

ਭਗਤ : ਅਸੀਂ ਮੰਨਦੇ ਹਾਂ।

ਇਕੱਠੇ : ਫੇਰ ਫਾਂਸੀ ਕਿਉਂ...? ਗੋਲੀ...,. ਗੋਲੀ ਮਾਰੀ ਜਾਵੇ ਸਾਨੂੰ... *(ਵਾਇਸਰਾਏ ਉਨ੍ਹਾਂ 'ਚੋਂ ਨਿਕਲਣ ਦੀ ਕੋਸ਼ਿਸ਼ ਕਰਦਾ ਹੈ। ਨਕਾਬਪੋਸ਼ ਦੌੜੇ ਆਉਂਦੇ ਹਨ-।)*

1\. : ਹਰ ਪਾਸੇ ਹਫੜਾ ਦਫੜੀ ਹੈ।

2\. : ਹਰ ਕੋਈ ਡਰਿਆ।

ਵਾਇਸ : *(ਤੀਜੇ ਨੂੰ ਫੜ ਕੇ)* ਵੋ ਮਿਲਾ ਕਹੀ- *(ਸਲੀਬ ਦਾ ਇਸ਼ਾਰਾ ਕਰਦਾ ਹੈ।)*

1\. : ਕਿਤੇ ਨਹੀਂ ਮਿਲ ਰਿਹਾ...। *(ਲੱਭਣ ਲੱਗਦਾ ਹੈ)*

3\. : ਕਹੀਂ ਨਹੀਂ.... *(ਲਭ ਰਿਹਾ ਹੈ।)*

2\. : ਪੂਰਾ ਮੁਲਕ ਲੱਭ ਰਿਹਾ... *(ਉਹ ਵੀ ਲੱਭ ਰਿਹਾ।)*

1. : ਸਾਰੀ ਦੁਨੀਆ-: *(ਵਾਇਸਰਾਏ ਉਨ੍ਹਾਂ ਤੋਂ ਬਚਦਾ ਹੈ। ਦੂਜੇ ਪਾਸੇ ਭਗਤ ਸਿੰਘ ਹੋਰੀਂ ਖੜੇ ਹਨ।)*

ਇਕੱਠੇ : ਗੋਲੀ ਮਾਰੀ ਜਾਵੇ ਸਾਨੂੰ..., ਗੋਲੀ...। *(ਵਾਇਸਰਾਏ ਫੇਰ ਮੁੜਦਾ ਹੈ।)*

3. : ਇਹ ਲੋਕ... ਸਾਧਾਰਨ..., ਬੰਬ ਫਾੜਣ ਵਾਲੇ ਨਹੀਂ...। ਪੁਲਿਸ.... ਅਸੈਂਬਲੀ, ਅਦਾਲਤ..., ਰਾਜ ਦੇ ਹਰ ਹਿੱਸੇ ਖਿਲਾਫ਼।

2. : ਸਾਜਿਸ਼ ਹੈ..., ਕੌਮਾਂਤਰੀ ਸਾਜਿਸ਼...।

ਇਕੱਠੇ : ਅਸੀਂ ਜੰਗ ਨਹੀਂ ਛੇੜੀ..., ਸਿਰਫ਼ ਹਿੱਸਾ ਲਿਆ ਉਸ 'ਚ...।

1. : ਥੋੜੀ ਸੀ ਨਰਮੀ..., ਥੋੜੀ ਕਮਜ਼ੋਰੀ-

3. : ਸਭ ਖ਼ਤਮ ਕਰ ਸਕਦੀ ਹੈ-।

ਇਕੱਠੇ : ਦਰਖ਼ਾਸਤ ਲੈ ਕੇ ਆਏ ਹਾਂ-।

2. : ਇਹ ਕੋਈ ਵਿਅਕਤੀ ਨਹੀਂ।

1. : ਕੈਂਸਰ ਵਾਂਗ..., ਇਨ੍ਹਾਂ ਦੀ ਸੋਚ

3. : ਪੂਰੀ ਦੁਨੀਆਂ 'ਚ ਫੈਲ ਰਹੀ ਹੈ।

2. : ਸਾਮਰਾਜ ਨਹੀਂ, ਉਸ ਦਾ ਵਿਚਾਰ ਵੀ ਖ਼ਤਮ ਹੋ ਜਾਏਗਾ।

ਇਕੱਠੇ : *(ਹੋਰ ਉੱਚੀ)* ਗੋਲੀ ਮਾਰੀ ਜਾਵੇ ਸਾਨੂੰ।

1. : ਹੋਂਦ ਈ ਨਹੀਂ-, ਸੋਚ ਵੀ ਖਤਰੇ 'ਚ ਹੈ-।

2. : ਕੋਈ ਸਕਿਓਰ ਨਹੀਂ-,

3. : ਸਭ ਡਰੇ...।

ਇਕੱਠੇ : ਜੰਗ, ਹਾਲੇ ਵੀ ਜਾਰੀ ਹੈ-।

1. : ਆਜ ਯਹਾਂ ਮਾਰਤੇ ਹੈਂ-,

2. : ਕੱਲ ਘਰ 'ਚ ਘੁਸ ਕੇ ਮਾਰਨਗੇ-।

3. : ਹਮਾਰੇ ਘਰ ਮੇਂ...ਘੁਸ ਕੇ ਮਾਰੇਂਗੇ-।

*(ਨਗਾੜਿਆਂ ਦੇ ਸ਼ੋਰ 'ਚ ਸਭ ਬੋਲਦੇ ਹੋਏ ਜਾਂਦੇ ਹਨ। ਅਚਾਨਕ ਸੰਨਾਟਾ। ਵਾਇਸਰਾਇ ਅਭੜਵਾਹਾ ਉੱਠ ਕੇ ਬੈਠਦਾ ਹੈ। ਗਲੇ ਦਾ ਕ੍ਰਾਸ ਚੈੱਕ ਕਰਦਾ ਹੈ। ਫੇਰ ਪਸੀਨਾ ਪੂੰਝਦਾ ਹੈ। ਥੋੜਾ ਨਾਰਮਲ ਹੋ ਕੇ ਮੁੜ ਅਰਦਾਸ ਦੀ ਮੁਦਰਾ 'ਚ ਆਉਂਦਾ ਹੈ।)*

ਵਾਇਸ : *(ਟੁੱਟਿਆ ਹੋਇਆ)* ਸੇਵ ਮੀ ਲਾਰਡ...., ਸੇਵ ਮੀ... *(ਕ੍ਰਾਸ ਬਣਾਉਂਦਾ ਹੈ।)* ਸੇਵ ਮੀ। (ਆਲੇ ਦੁਆਲੇ ਦੇਖ ਕੇ) ਏਕ ਕਨਫੈਸ਼ਨ..., *(ਹੌਂਕਾ ਲੈ ਕੇ ਫੇਰ ਚਾਰੇ ਪਾਸੇ ਦੇਖਦਾ ਹੈ।)* ਇਜ਼ ਦੇਅਰ ਐਨੀ ਐਗਜ਼ਿਟ..., ਕੋਈ ਰਾਹ...? *(ਫੇਰ ਚੋਰ ਨਜ਼ਰਾਂ ਨਾਲ ਚੁਫੇਰੇ ਦੇਖਦਾ ਹੈ।)* ਜਬ ਤੱਕ ਯਹਾਂ ਹੋਤਾ ਹੂੰ.... ਅਕੇਲਾ, ਮੈਂ..., ਮੈਂ ਹੋਤਾ ਹੂੰ, ਜੈਸੇ ਹੀ ਕੋਈ ਆਤਾ ਹੈ..., ਔਰ ਹੀ ਹੋ ਜਾਤਾ ਹੂੰ, ਮੈਂ ਨਹੀਂ, ਕੋਈ ਦੂਸਰਾ ਹੀ, ਕੋਈ ਕੰਟਰੋਲ ਨਹੀਂ ਮੇਰਾ ਮੁਝ ਪਰ, ਜੈਸੇ ਕੋਈ ਕਠਪੁਤਲੀ ਹੂੰ.., ਬੇਬਸ..., ਡਰਾ ਹੂਆ... ਗ਼ੁਲਾਮ... *(ਤੜਪ)* ਜਿਤਨਾ ਇਸ ਨਰਕ ਸੇ ਨਿਕਲਣਾ ਚਾਹਤਾ ਹੂੰ...., ਉਤਨਾ ਹੀ ਜ਼ੋਰ ਸੇ ਪਕੜਤਾ ਹੂੰ ਉਸੇ ਔਰ ਜ਼ੋਰ ਸੇ..., ਔਰ... ਫਿਰ ਖ਼ੁਦ ਹੀ ਧਕੇਲਤਾ ਹੂੰ ਪਰੇ...., *(ਸਾਹੋ-ਸਾਹੀ ਹੋਇਆ)*... ਇਜ਼ ਦੇਅਰ ਐਨੀ ਐਗਜ਼ਿਟ..., ਕੋਈ ਰਾਹ? *(ਕ੍ਰਾਸ ਬਣਾਉਂਦਾ ਹੈ। ਇਕ ਆਫ਼ੀਸਰ ਆਉਂਦਾ ਹੈ।)*

ਆਫ਼ੀਸਰ : *(ਅਟੈਂਸ਼ਨ।)* ਹਿਜ਼ ਐਕਸੀਲੈਂਸੀ...। *(ਵਾਇਸਰਾਏ ਉਠ ਖੜਾ ਹੁੰਦਾ ਹੈ। ਪੂਰੀ ਤਰ੍ਹਾਂ ਬਦਲ ਚੁੱਕਾ ਹੈ।)*

ਵਾਇ : ਆ ਗਏ ਮਿ. ਗਾਂਧੀ ?

ਆਫ਼ੀਸਰ : ਨੋ ਸਰ..., ਅਭੀ ਤੋ ਟਾਈਮ ਹੈ-। *(ਵਾਇਸਰਾਏ ਸਵਾਲੀਆਂ ਨਜ਼ਰਾਂ ਨਾਲ ਘੂਰਦਾ ਹੈ।)* ਯੇ ਟੈਲੀਗ੍ਰਾਮ ਹੈ ਸਰ..., ਮਿਸਟਰ ਮਾਲਵੀਅ...

ਵਾਇ : ਸਜ਼ਾ ਕੋ ਕੰਮ ਕਰਨੇ ਕੇ ਲਿਏ...? *(ਕ੍ਰਾਸ ਨਾਲ ਖੇਡਣ ਲੱਗਦਾ ਹੈ।)*

ਆਫ਼ੀਸਰ : ਯੈਸ ਸਰ-। ਸਭੀ ਤਰਫ਼ ਸੇ ਐਸੀ ਦਰਖਾਸਤੇਂ ਆ ਰਹੀ ਹੈਂ-। ਲੰਦਨ ਕੀ ਅਖਬਾਰੇਂ ਲਿਖ ਰਹੀ ਹੈ 'ਸਭਿਅਤਾ ਦਾ ਪਾਠ ਪੜਾਨੇ ਵਾਲੋਂ ਨੇ ਸਭਿਅਤਾ ਕੋ ਸੂਲੀ ਪੇ ਚੜਾ ਦਿਆ-। *(ਵਾਇਸਰਾਏ ਇਕਦਮ ਕ੍ਰਾਸ ਛੱਡ ਦਿੰਦਾ ਹੈ।)*

ਵਾਇਸ : ਹੂੰ। ਟੁਮ ਕਿਆ ਕਹਿਤੇ ਹੋ..., ਹੂੰ...?

ਆਫ਼ੀਸਰ : ਸਰ ਹਮ ਅਪਣੇ ਲੋਗੋਂ ਕੋ ਹਰਟ ਨਹੀਂ ਕਰ ਸਕਦੇ-। ਸਵਾਲ ਸਕਿਓਰਟੀ ਕਾ ਨਹੀਂ.., ਸਕਿਓਰਟੀ ਕੀ ਫੀਲਿੰਗ ਕਾ ਹੈ। ਇੰਪਾਇਰ ਕੇ ਫਿਊਚਰ...

ਵਾਇਰ : ਮਿ. ਗਾਂਧੀ ਕੀ ਕਿਆ ਪੁਜੀਸ਼ਨ ਹੈ।

ਆਫ਼ੀਸਰ : *(ਮੋਢੇ ਝਟਕਦਾ ਹੈ।)* ਨਿੰਦਾ ਭੀ ਕਰਤੇ ਹੈ...ਕਤਲੋਂ ਕੀ..., ਨੌਜਵਾਨੋਂ ਕੀ ਤਾਰੀਫ਼ ਭੀ...। ਭਗਤ ਸਿੰਘ ਕੇ ਪਿਤਾ ਉਨ ਸੇ ਮਿਲੇ..., ਨੌਜਵਾਨ ਭਾਰਤ ਸਭਾ ਦਾ ਏਕ ਡੇਲੀਗੇਸ਼ਨ ਭੀ..., ਕਾਂਗਰਸ ਦੇ ਅੰਦਰ ਭੀ ਕਾਫ਼ੀ ਟੈਂਸ਼ਨ ਹੈ, ਸੁਭਾਸ਼ ਬੋਸ ਤੋ ਸਮਝੋਤਾ ਤੋੜਨੇ ਕੀ ਬਾਤ ਕਰਤੇ ਹੈਂ- *(ਦੋਵੇਂ ਇੱਕ ਦੂਜੇ ਵੱਲ ਦੇਖਦੇ ਹਨ।)*

ਵਾਇਸ : ਲੇਕਿਨ ਗਾਂਧੀ ਐਸਾ ਨਹੀਂ ਕਰੇਂਗੇ- *(ਪੂਰੇ ਵਿਸ਼ਵਾਸ ਨਾਲ)*

ਆਫੀਸਰ : ਬਹੁਤ ਦਬਾਵ ਹੈ ਉਨ ਪਰ ਚਾਰੋਂ ਔਰ ਸੇ...।

ਵਾਇਸ : ਯਹੀ ਹਮਾਰਾ ਸਕੋਰਿੰਗ ਪੁਆਇੰਟ ਹੈ..., ਜਹਾਂ ਸੇ ਹਮ ਦੋਨੋਂ ਕੋ ਤੋੜ ਸਕਤੇ ਹੈਂ। ਇਲਜ਼ਾਮ ਗਾਂਧੀ ਕੇ ਉਪਰ ਆਨੇ ਦੋ...। (ਅੱਖਾਂ 'ਚ ਚਮਕ) ਡਿਪਲੋਮੇਸੀ.., ਸਿੰਪਲੀ..

ਆਫ਼ੀਸਰ : *(ਸੋਚਦੇ ਹੋਏ, ਡੂੰਘੀ ਸਾਹ ਭਰਦਾ ਹੈ।)* ਅਗਰ ਸਮਝੌਤਾ ਟੂਟਤਾ ਹੈ...?

ਵਾਇਸ : ਇੰਪਾਇਰ ਔਰ.. ਆਪਣੀ ਇਮੇਜ..., ਦੋਨੋਂ ਕੋ ਬਚਾਨਾ ਹੈ ਤੋ ਕੁਝ ਰਿਸਕ ਤੋ *(ਫੇਰ ਕ੍ਰਾਸ ਨਾਲ ਖੇਡਣ ਲੱਗਦਾ ਹੈ। ਬਾਹਰ ਵੱਲ ਦੇਖ ਕੇ...)* ਅਰੇ ਮਿ. ਗਾਂਧੀ...। ਵੈਲਕੰਮ... ਆਈਏ...।

*(ਅੱਗੇ ਵੱਧਦਾ ਹੈ। ਆਫ਼ੀਸਰ ਜਾਂਦਾ ਹੈ।)*

ਗਾਂਧੀ : ਬਾਤਚੀਤ ਸੇ ਪਹਿਲੇ, ਹਿਜ਼ ਐਕਸੀਲੈਂਸੀ..., ਮੈਂ ਆਪ ਕੋ ਬਧਾਈ ਦੇਨਾ ਚਾਹਤਾ ਹੂੰ ਕਿ ਆਪ ਉਸ ਜਾਨ ਲੇਵਾ ਹਮਲੇ ਸੇ ਬਚ ਗਏ..., *(ਵਾਇਸਰਾਏ ਨੂੰ ਕੁਝ ਸਮਝ ਨਹੀਂ ਆਉਂਦਾ ਕਿ ਕੀ ਕਹੇ।)* ਆਪ ਕੀ ਲੰਬੀ ਉਮਰ ਕੀ ਕਾਮਨਾ ਭੀ ਕਰਤਾ ਹੂੰ। ਉਮੀਦ ਹੈ ਕਿ ਉਸ ਕਾ ਅਸਰ ਹਮਾਰੀ ਬਾਤਚੀਤ ਪਰ ਨਹੀਂ ਹੋਗਾ-। ਯੇ ਤੀਨੋਂ ਨੌਜਵਾਨ-ਜਨਤਾ ਕੀ ਆਵਾਜ਼ ਬਣ ਗਏ ਹੈਂ...। *(ਚੁੱਪੀ)*

ਵਾਇਸ : *(ਰੰਗ ਫਿੱਕਾ ਪੈ ਜਾਂਦਾ ਹੈ।)* ਮੈਂ ਸਮਝ ਨਹੀਂ ਪਾਤਾ... ਕਿ ਕਿਉ ਅਹਿੰਸਾ ਕਾ ਯੇ ਮੁਦੱਈ... ਇੰਨ ਕਾਤਲੋਂ ਕੋ ਛੁਡਾਨੇ ਪਰ ਇਤਨਾ ਜ਼ੋਰ ਦੇ ਰਹਾ ਹੈਂ-।.. ਕਿਉ..?

*(ਬਾਰੀਕ ਜਾਲੀ ਜਾਂ ਕੱਪੜਾ ਦੋਹਾਂ ਦੇ ਪਿੱਛੇ ਤਾਣਦੇ ਹਨ। ਰੌਸ਼ਨੀ ਸਿਰਫ਼ ਦੋਹਾਂ 'ਤੇ ਹੈ। ਪਿੱਛੇ ਨਕਾਬਪੋਸ਼ ਫਾਂਸੀ ਦੇ ਤਖ਼ਤੇ ਗੱਡਦੇ ਹਨ। ਗਾਂਧੀ ਇਸ ਤੋਂ ਬੇਖ਼ਬਰ ਹੈ।)*

ਗਾਂਧੀ : *(ਸੋਚਦੇ ਹੋਏ)* ਵੋ ਲੋਗ ਤੋਂ ਮਰਨਾ ਹੀ ਚਾਹਤੇ ਹੈਂ। ਲੇਕਿਨ ਇਸਸੇ ਸ਼ਾਂਤੀ ਕੋ ਖਤਰਾ ਹੈ।

ਵਾਇਸ : ਖਤਰਾ ਤੋਂ ਹਮੇਂ ਹੈ ਮਿ. ਗਾਂਧੀ, ਉਨ ਕੇ ਜਿੰਦਾ ਰਹਨੇ ਸੇ *(ਮੁਸਕਰਾਉਂਦਾ)* ਕਿਆ ਮਹਾਤਮਾ ਹਮੇਂ ਅਪਣੀ ਹਿਫ਼ਾਜ਼ਤ ਦਾ ਭੀ ਮੌਕਾ ਨਹੀਂ ਦੇਨਾ ਚਾਹਤੇ?

ਗਾਂਧੀ : ਕਈ ਬਾਰ ਜਿਸ ਚੀਜ਼ ਕੋ ਹਮ ਜਹਾਂ ਢੂੰਢਤੇ ਹੈਂ ਹਿਜ਼ ਐਕਸੀਲੈਂਸੀ, ਵੋ ਵਹਾਂ ਹੋਤੀ ਹੀ ਨਹੀਂ-। *(ਵਾਇਸਰਾਏ ਦਾ ਧਿਆਨ ਪਿੱਛੇ ਦੀਆਂ ਗਤੀਵਿਧੀਆਂ ਵੱਲ ਜ਼ਿਆਦਾ ਹੈ।)* ਆਪ ਕੀ ਸਕਿਓਰਟੀ ਭੀ ਗ਼ਲਤ ਜਗਹ ਢੂੰਡ ਰਹੇ ਹੈਂ ਆਪ...

ਵਾਇਸ : ਮੈਂ ਮਹਾਤਮਾ ਤੋਂ ਨਹੀਂ ਹੂੰ ਮਿ. ਗਾਂਧੀ, ਵਾਇਸਰਾਇ ਕੀ ਹੈਸੀਅਤ ਸੇ ਹੀ ਸੋਚਨਾ ਪੜਤਾ ਹੈ ਮੁਝੇ। ਤਮਾਮ ਪੁਲਿਸ ਆਫ਼ੀਸਰ ਅਸਤੀਫ਼ੇ ਕੀ ਜਿਦ ਪਰ ਅੜੇ ਹੂਏ ਹੈਂ। *(ਹਲਕਾ ਜਿਹਾ ਹੱਸਦਾ ਹੈ।)* ਆਪ ਮਾਨੇਂਗੇ ਮੇਰਾ ਉਨ ਕੇ ਬਿਨਾਂ ਤੋਂ ਗੁਜ਼ਾਰਾ ਨਹੀਂ...,

ਗਾਂਧੀ : *(ਥੋੜਾ ਜਿਹਾ ਬੇਚੈਨ ਹੁੰਦਾ ਹੈ।)* ਬਦਲੇ ਕੀ ਕੋਈ ਭੀ ਕਾਰਵਾਈ ਸਰਕਾਰ ਕੀ ਤਰਫ਼ ਸੇ ਬਹੁਤ ਬੜੀ ਭੜਕਾਹਟ ਹੋਗੀ।

ਵਾਇਸ : *(ਕੱਟਦੇ ਹੋਏ)* ਪਾਲਟਿਕਸ ਇਜ਼ ਪਾਲਟਿਕਸ ਮਿਸਟਰ ਗਾਂਧੀ..., ਆਪ ਤੋ ਜਾਨਤੇ ਹੈਂ....ਕਿ ਇੰਗਲੈਂਡ ਮੇਂ ਇਲੈਕਸ਼ਨ ਹੋਨੇ ਵਾਲੇ ਹੈਂ... *(ਹੌਂਕਾ)* ਸਰਕਾਰ ਕੇ ਪਾਸ ਚੁਆਇਸ ਨਹੀਂ ਹੈ......ਔਰ ਮੈਂ ਭੀ ਯਹਾਂ

ਗਾਂਧੀ : *(ਕੱਟਦੇ ਹੋਏ)* ਮਾਫ਼ੀ ਸੇ ਕਈ ਕੀਮਤੀ ਜਾਨੋਂ ਕੋ ਬਚਾਇਆ ਜਾ ਸਕੇਗਾ। ਐਸਾ ਯਕੀਨ ਉਨ ਲੋਗੋਂ ਨੇ ਮੁਝੇ ਦਿਲਾਇਆ ਹੈ।

ਵਾਇਸ : ਬਹੁਤ ਸੋਚਨੇ ਪਰ ਭੀ ਮੈਂ ਐਸੀ ਕੋਈ ਵਜ਼ਾ ਢੂੰਢ ਨਹੀਂ ਪਾਇਆ..., ਮੁਆਫ਼ੀ ਕੀ...। ਕੋਈ ਭੀ ਤੋ ਲਾਜਿਕ ਨਹੀਂ।ਫ਼ਾਇਦਾ ਨਹੀਂ *(ਦੂਜੇ ਪਾਸੇ ਦੇਖਣ ਲੱਗਦਾ ਹੈ।)*

ਗਾਂਧੀ : *(ਜਾਣ ਦਾ ਮਨ ਬਣਾਂਦੇ ਹੋਏ)* ਐਸੇ ਮਾਹੌਲ ਮੇਂ ਸਮਝੌਤੇ ਕਾ ਭੀ ਕੋਈ

ਅਸਰ ਰਹਿ ਨਹੀਂ ਜਾਏਗਾ, ਹਿਜ਼ ਐਕਸੀਲੈਂਸੀ–।

ਵਾਇਰ : ਇਸ ਕਾ ਹਮੇਂ ਅਫ਼ਸੋਸ ਹੋਗਾ। *(ਚੁੱਪੀ।)*

ਗਾਂਧੀ : ਹਿੰਦਸਤਾਨੀਓਂ ਕਾ ਦਿਲ ਹਮੇਸ਼ਾਂ ਦੇ ਲਈ ਜੀਤਨੇ ਕਾ ਯੇ ਮੌਕਾ ਸਰਕਾਰ ਕੋ ਗੰਵਾਨਾ ਨਹੀਂ ਚਾਹੀਏ...। *(ਚੁੱਪੀ।)* ਹਿਜ਼ ਐਕਸੀਲੈਂਸੀ ਫਿਰ ਸੇ ਵਿਚਾਰ ਕਰੇਂਗੇ ਤੋ ਮੁਝੇ ਖੁਸ਼ੀ ਹੋਗੀ। ਮੈਂ ਹਾਜ਼ਰ ਹੋ ਜਾਉਂਗਾ। *(ਬਾਹਰ ਵੱਲ ਨੂੰ ਤੁਰ ਪੈਂਦਾ ਹੈ।)*

ਵਾਇ : ਆਪ ਚਾਹੇਂ ਤੋਂ ਫਾਂਸੀ ਕਰਾਚੀ ਸਮਾਗਮ ਤਕ ਰੁਕ ਸਕਤੀ ਹੈ। *(ਗਾਂਧੀ ਰੁਕ ਕੇ ਉਸ ਵੱਲ ਦੇਖਦਾ ਹੈ।)* ਸਰਕਾਰ ਆਪ ਕੀ ਪੁਜੀਸ਼ਨ ਕੋ ਮੁਸ਼ਕਿਲ ਮੈਂ ਡਾਲਨਾ ਨਹੀਂ ਚਾਹਤੀ।

ਗਾਂਧੀ : ਸ਼ੁਕਰੀਆ ਹਿਜ਼ ਐਕਸੀਲੈਂਸੀ, ਮੈਂ ਕੋਈ ਡਿਪਲੋਮੈਟ ਤੋ ਨਹੀਂ ਹੂੰ; ਵੋਹ ਹਮਾਰੇ ਅਪਨੇ ਲੋਗ ਹੈਂ..., *(ਹਲਕਾ ਜਿਹਾ ਹੱਸਦਾ ਹੈ।)* ਔਰ ਫਿਰ ਸ਼ਿਕਸਤ ਕਾ ਸਾਮਨਾ ਕਰਨੇ ਕੀ ਆਦਤ ਤੋਂ ਮੁਝੇ ਡਾਲਨੀ ਹੀ ਹੋਗੀ। *(ਜਾਂਦੇ ਹੋਏ)* ਇਤਨੀ ਹਿੰਮਤ ਤੋਂ ਦਿਖਾਣੀ ਹੀ ਹੋਗੀ ਮੁਝੇ *(ਰੁਕ ਕੇ)* ਫਿਰ ਭੀ ਆਪ ਸ਼ਾਂਤੀ ਕੋ ਏਕ ਮੌਕਾ ਦੇਨਾ ਚਾਹੇਂ ਤੋ ਮੁਝੇ ਖੁਸ਼ੀ ਹੋਗੀ।

*(ਗਾਂਧੀ ਚਲਾ ਜਾਂਦਾ ਹੈ। ਅਜਨਬੀ ਆਉਂਦਾ ਹੈ)*

ਅਜਨਬੀ : *(ਹੌਂਕਾ ਲੈ ਕੇ ਵਾਇਸਰਾਏ ਵੱਲ ਦੇਖਦਾ ਹੈ)* ਇਲੈਕਸ਼ਨ ਯੀਅਰ ਏ ਬਾਪੂ...., ਇੰਨੀ ਦੂਰ ਤਾਈਂ ਸੋਚਨਾ ਅਫੋਰਡ ਨਹੀਂ ਕਰਦਾ।

ਵਾਇਸਰਾਏ: *(ਝੁੰਝਲਾ ਕੇ)* ਮੁਝੇ ਤੋ ਯੇ ਭੀ ਮਾਲੂਮ ਨਹੀਂ ਕਿ... ਮੈਂ ਖ਼ੁਦ ਕਿਤਨੇ ਦਿਨ ਹੂੰ ਯਹਾਂ ਪਰ...

*(ਪਿਛਲਾ ਪਰਦਾ ਹੱਟਦਾ ਹੈ। ਨਕਾਬਪੋਸ਼ ਦੌੜ ਕੇ ਵਾਇਸਰਾਏ ਕੋਲ ਆਉਂਦਾ ਹੈ।)*

ਨਕਾਬਪੋਸ਼ : ਸਭ ਤਿਆਰੀਆਂ ਮੁਕੰਮਲ ਹੈ ਹਿਜ਼ ਐਕਸੀਲੈਂਸੀ–।ਫਾਂਸੀ ਹੋ ਜਾਨੀ ਚਾਹੀਏ...। ਯਹੀ ਸਹੀ ਮੌਕਾ ਹੈ...।

ਨਕਾਬਪੋਸ਼ : ਫਾਂਸੀ 23 ਕੀ ਰਾਤ ਕੋ ਹੀ ਹੋਗੀ...। ਮਿਲਟਰੀ ਜੇਲ ਮੇਂ ਪਹੁੰਚ ਚੁੱਕੀ ਹੈ।

ਵਾਇਸ : ਔਰ ਲਾਸ਼ੋਂ ਕਾ...।

ਨਕਾਬਪੋਸ਼ : ਪਲਾਨ ਮੁਕੰਮਲ ਹੈ। ਜੇਲ ਕੀ ਪਿਛਲੀ ਦੀਵਾਰ ਕੋ ਤੋੜ ਕੇ ਲੇ ਜਾਏਂਗੇ। ਭੀੜ ਮੇਂ ਭੀ ਹਮਾਰੇ ਆਦਮੀ ਹੋਂਗੇ। *(ਗੱਲਾਂ ਕਰਦੇ ਹੋਏ ਨਿਕਲ ਜਾਂਦੇ ਹਨ।)*

*ਫੇਡ ਆਊਟ*

*(ਦੂਜੇ ਪਾਸੇ ਰੌਸ਼ਨੀ ਹੁੰਦੀ ਹੈ। ਅਜਨਬੀ ਤੇ ਭਗਤ ਸਿੰਘ ਬੈਠੇ ਹਨ। ਭਗਤ ਸਿੰਘ ਗਾ ਰਿਹਾ ਹੈ। ਭਗਤ ਸਿੰਘ ਗਾਉਂਦਾ ਹੋਇਆ ਅਚਾਨਕ ਰੁੱਕ ਜਾਂਦਾ ਹੈ ਤੇ ਅਜਨਬੀ ਵੱਲ ਦੇਖਦਾ ਹੈ। ਅਜਨਬੀ ਨੂੰ ਥੋੜ੍ਹੀ ਦੇਰ ਬਾਅਦ ਇਸ ਦਾ ਅਹਿਸਾਸ ਹੁੰਦਾ ਹੈ।)*

ਭਗਤ ਸਿੰਘ : *(ਹੌਂਕਾ)* ਤੂੰ ਸਹੀ ਕਹਿੰਦਾ ਸੀ; *(ਹੱਥ ਰਗੜਦਾ ਹੈ)* ਮੈਨੂੰ ਜਾ ਹੀ ਆਉਣਾ ਚਾਹੀਦਾ ਸੀ–

ਅਜਨਬੀ : *(ਚੁੱਪ ਦੇਖਦਾ ਰਹਿੰਦਾ ਹੈ)* ਕਿੱਥੇ?

ਭਗਤ ਸਿੰਘ : *(ਮੁਸਕਰਾਉਂਦਾ ਹੈ)* ਸਾਂਡਰਸ ਦੀ... ਮੰਗੇਤਰ ਕੋਲ! ਇਹ ਵੀ ਬੋਝ ਲਹਿ ਜਾਂਦਾ।

*(ਅਜਨਬੀ ਕੁਝ ਬੋਲਣ ਲੱਗਦਾ ਹੈ, ਪਰ ਕੁਝ ਸੋਚ ਕੇ ਚੁੱਪ ਰਹਿ ਜਾਂਦਾ ਹੈ। ਭਗਤ ਸਿੰਘ ਮੁੜ ਗਾਉਣ ਲੱਗਦਾ ਹੈ।)*

ਭਗਤ : ਸਈਓ ਨੀ ਰਲ ਦੇਵੋ ਵਧਾਈ, ਮੈਂ ਵਰ ਪਾਇਆ ਰਾਂਝਣ ਮਾਹੀ,.. ਮੈਂ ਵਰ ਪਾਇਆ ਰਾਂਝਣ ਮਾਹੀ–।

ਅਜਨਬੀ : ਸਾਰੀ ਕੌਮ ਜ਼ਿੰਦਗੀ ਦੀ ਆਸ ਲਾਈ ਬੈਠੀ ਸੀ–।

ਭਗਤ : ਹਾਕਮਾਂ ਦੀ ਸਮਰੱਥਾ ਇਸ ਤੋਂ ਵੱਧ ਨਹੀਂ। ਸੂਲੀ ਤੋਂ ਛੁੱਟ ਉਨ੍ਹਾਂ ਦੇ ਪੱਲੇ ਕੁਝ ਨਹੀਂ– ਨਾ ਸੀ, ਨਾ ਹੈ..., ਨਾ ਹੋਏਗਾ..., ਮੈਂ ਬਹੁਤ ਖੁਸ਼ ਸੀ, ਬਹੁਤ... ਉਦਾਸ ਸੀ। *(ਜੋਸ਼ 'ਚ)* ਤੂੰ ਕਿਸੇ ਚੀਜ਼ ਨੂੰ ਇੰਝ ਦੇਖਿਆ, ਜਿਵੇਂ ਪਹਿਲੀ ਵਾਰ... ਤੇ ਆਖਰੀ ਵਾਰ ਦੇਖ ਰਿਹਾ ਹੋਵੇ, ਬਿਲਕੁਲ ਹੋਸ਼ੋ ਹਵਾਸ 'ਚ; ਮੈਂ ਦੇਖਿਆ...

*(ਦੋ ਨਕਾਬਪੋਸ਼ ਕਾਲਾ ਪਰਦਾ ਲਈ ਮੰਚ 'ਤੇ ਆਉਂਦੇ ਹਨ। ਜਿਸ ਦੇ ਪਿੱਛੇ ਤਿੰਨ ਬੰਦੇ ਹਨ। ਜੋ ਹੌਲੀ–ਹੌਲੀ ਨਗਾੜੇ ਦੀ ਬੀਟ*

*'ਤੇ ਫਾਂਸੀ ਦੇ ਮਚਾਨ ਵੱਲ ਵਧਦੇ ਹਨ।)*

ਸ਼ੁਰੂਆਤ..., ਅੰਤ..., ਦੋਹੇਂ ਸਾਹਮਣੇ, ਸਭ ਰਲਗਡ–... ਵਿਸ਼ਵਾਸ ਹਰ ਮੁਸ਼ਕਿਲ ਆਸਾਨ ਕਰ ਦਿੰਦਾ– ਆਨੰਦਮਈ..., ਪਰ ਉਹ ਮੇਰੇ ਹਿੱਸੇ 'ਚ ਨਹੀਂ ਸੀ। ਮੈਂ ਜਾਣਦਾ ਸੀ, ਗਰਦਨ ਲੰਬੀ ਹੋਵੇਗੀ..., ਤੇ ਸਭ ਖ਼ਤਮ।

ਤਰਕ..., ਤਿੱਖਾ..., ਸੂਲੀ ਵਾਂਗ ਚੁੱਭਦਾ।

*(ਤਿੰਨੋਂ ਮਚਾਨ ਤੇ ਪਹੁੰਚਦੇ ਹਨ)*

ਮੈਂ ਪੈਦਾ ਹੋ ਰਿਹਾ ਸੀ..., ਸੂਲੀ ਦੇ ਮਚਾਨ ਤੋਂ.., ਲੱਖਾਂ ਲੋਕਾਂ ਦੇ ਜ਼ਹਿਨ 'ਚ। ਜੇ ਮੈਂ ਬਚ ਗਿਆ *(ਡਰਦਾ ਹੈ)*, ਤਾਂ ਉਹ ਮਰ ਜਾਏਗਾ, ਕ੍ਰਾਂਤੀ ਦਾ ਬਿੰਬ ਸੁੱਕ ਜਾਏਗਾ... ਗਰਭ ਵਿਚ...। *(ਕੰਬਦਾ ਹੈ।)*

*(ਉਹ ਫੰਦੇ ਚੁੰਮਦੇ ਹਨ।)*

ਜ਼ਿੰਦਗੀ ਦਾ ਮੋਹ ਹੈ ਸੀ। ਛੋਟੀ ਜਿਹੀ ਜ਼ਿੰਦਗੀ, ਕੁਝ ਕੀਤਾ ਵੀ ਨਹੀਂ। ਜਿਉਂਦਾ ਰਿਹਾ ਤੇ ਸਭ ਕਮੀਆਂ, ਘਾਟਾਂ ਉਭਰ ਆਉਣੀਆਂ..., ਹੋ ਸਕਦਾ ਫੇਰ ਉਹ ਪਰਵਾਹ ਈ ਨਾ ਕਰਨ, ਨਫ਼ਰਤ ਕੀ..., ਗੌਲਣ ਹੀ ਨਾ...। ਨਹੀਂ..., ਉਹ ਮਰ ਗਿਆ ਤੇ ਸਭ ਖ਼ਤਮ ਹੋ ਜਾਵੇਗਾ।

*(ਤਿੰਨੋਂ ਪਿੱਛੇ ਉਤਰ ਜਾਂਦੇ ਹਨ। ਨਕਾਬ ਪੋਸ਼ ਵੀ ਜਾਂਦੇ ਹਨ।)*

ਮੌਤ ਦੀ ਅਜ਼ਨਬੀ ਗਲੀ..., *(ਉਨ੍ਹਾਂ ਨੂੰ ਜਾਂਦੇ ਹੋਏ ਦੇਖਦੇ ਬੋਲਦਾ ਹੈ)* ਬਿੰਬ ਦੀ ਜੰਮਣ ਪੀੜਾ, ਦੂਹਰੀ ਪੀੜ, ਜੀਵਨ-ਮ੍ਰਿਤੂ... ਕੋਈ ਪਾੜਾ ਨਹੀਂ ਉੱਥੇ, ਉਸ ਬੁਲੰਦੀ 'ਤੇ ਦੇਹ ਨਹੀਂ ਪਹੁੰਚਦੀ..., ਸਰੀਰ ਨਹੀਂ... ਸ਼ਹੀਦ ਹੀ ਪਹੁੰਚਦਾ-ਸ਼ਹੀਦ...।

*(ਸਾਰੰਗੀ ਦੀ ਧੁਨ 'ਤੇ ਭਜਨ ਦੇ ਬੋਲ ਉਭਰਦੇ ਹਨ... 'ਵੈਸ਼ਣੋ ਜਨ ਤੋ ਤੇਹੇ ਕਹੀਏ, ਜੋ ਪੀਰ ਪਰਾਈ ਜਾਨ ਰੇ... ਪਿਛੋਕੜ ਵਿੱਚੋਂ ਭਗਤ ਸਿੰਘ ਜ਼ਿੰਦਾਬਾਦ, ਗਾਂਧੀਵਾਦ ਮੁਰਦਾਬਾਦ ਤੇ ਇਨਕਲਾਬ ਦੇ ਨਹਾਰਿਆਂ ਵਿਚ ਕੁਝ ਲੋਕ ਗਾਂਧੀ ਨੂੰ ਲੈ ਕੇ ਆਉਂਦੇ ਹਨ।)*

1. : *(ਗਾਂਧੀ ਨੂੰ ਕਾਲੇ ਫੁੱਲ ਭੇਂਟ ਕਰਦਾ ਹੈ।)* ਭਗਤ ਸਿੰਘ ਤੇ ਸਾਥੀਆਂ ਦੀ

ਮੌਤ ਨਾਲ ਨੌਜਵਾਨਾਂ ਦੇ ਦਿਲ ਸੜ ਕੇ ਕੋਲਾ ਹੋ ਗਏ ਨੇ ਮਹਾਤਮਾ...।

2. : ਇਹ.. ਉਨ੍ਹਾਂ ਦੇ ਫੁੱਲ ਨੇ..., ਕਾਲੇ ਫੁੱਲ,.. ਅਸੀਂ ਤੁਹਾਨੂੰ ਭੇਂਟ ਕਰਦੇ ਹਾਂ...। *(ਗਾਂਧੀ ਝੋਲੀ ਅੱਡ ਕੇ ਸਵੀਕਾਰ ਕਰਦਾ ਹੈ। ਉਹ ਨਾਹਰੇ ਮਾਰਦੇ ਹੋਏ ਬਾਹਰ ਜਾਂਦੇ ਹਨ। ਭਜਨ ਦੇ ਬੋਲ ਉਭਰਦੇ ਹਨ। 'ਜੋ ਪੀਰ ਪਰਾਈ ਜਾਨੇ ਰੇ...।' ਮਚਾਨ ਪਿੱਛੋਂ ਵਾਇਸਰਾਏ ਉਭਰਦਾ ਹੈ। ਗਾਂਧੀ ਨੂੰ ਦੇਖ ਕੇ ਮੁਸਕਰਾਉਂਦਾ ਹੈ। ਗਾਂਧੀ ਉਸ ਵੱਲ ਜਾਂਦਾ ਹੈ।)*

ਗਾਂਧੀ : ਮੁਝੇ ਯੇ ਫੂਲ ਬਹੁਤ ਅਜ਼ੀਜ਼ ਹੈ ਹਿਜ਼ ਐਕਸੀਲੈਂਸੀ...। ਯੇ ਮੁਝੇ ਮੇਰੀ ਹਾਰ ਕੀ ਯਾਦ ਦਿਲਾਤੇ ਰਹੇਂਗੇ... ਲੇਕਿਨ ਕਿਸੀ ਭੀ ਹਾਰ ਸੇ... ਚਾਹੇ ਵੋ ਕਿਤਨੀ ਹੀ ਬੁਰੀ ਕਿਉ ਨਾ ਹੋ..., ਜੀਤ ਕਾ ਭਰਮ... ਕਹੀਂ ਜ਼ਿਆਦਾ ਖ਼ਤਰਨਾਕ ਹੋਤਾ ਹੈ..., ਜ਼ਿਆਦਾ ਖ਼ੌਫਨਾਕ...।

*(ਗਾਂਧੀ ਜਾਂਦਾ ਹੈ। ਵਾਇਸਰਾਏ ਦਾ ਰੰਗ ਫਕ ਹੋ ਜਾਂਦਾ ਹੈ। ਸਾਈਡ ਤੋਂ ਨਕਾਬਪੋਸ਼ ਇਕ ਬੋਰੀ ਨੂੰ ਘਸੀਟਦੇ ਹੋਏ ਮੰਚ 'ਤੋਂ ਲੰਘਦੇ ਹਨ। ਪਿਛੋਕੜ ਚੋਂ ਨਗਾੜਿਆਂ ਤੇ ਢੋਲਾਂ ਦਾ ਸ਼ੋਰ ਵੱਧਦਾ ਜਾਂਦਾ ਹੈ। ਨਕਾਬਪੋਸ਼ ਹਫਦੇ ਹਨ...। ਬੋਰੀ ਤੋਂ ਰੰਗ ਦੇ ਨਿਸ਼ਾਨ ਮੰਚ 'ਤੇ ਬਣਦੇ ਜਾਂਦੇ ਹਨ-। ਝੁੰਝਲਾ ਕੇ ਵਾਇਸਰਾਇ ਪਿੱਛੋਂ ਇਕ ਬੁਹਾਰੀ ਲੈ ਕੇ ਸਾਫ਼ ਕਰਦਾ ਪਿੱਛੇ ਪਿੱਛੇ ਜਾਂਦਾ ਹੈ। 'ਬਧਾਈ ਹੋ, ਬਧਾਈ ਹੋ, ਦਾ ਸ਼ੋਰ ਸੁਣ ਕੇ ਉਹ ਕਾਹਲੀ ਨਾਲ ਦੌੜ ਜਾਂਦੇ ਹਨ- ਵੱਖ ਵੱਖ ਝੰਡਿਆਂ ਵਾਲੇ ਲੋਕ ਆਪਸ ਵਿਚ ਮੁਬਾਰਕਾਂ ਦਿੰਦੇ ਹੋਏ ਮੰਚ 'ਤੇ ਆਉਂਦੇ ਹਨ। ਸਭ ਦੇ ਹੱਥ ਵਿੱਚ ਗੁੱਡਾ ਹੈ। ਜਿਸਨੂੰ ਹਵਾ 'ਚ ਉਛਾਲਦੇ ਹਨ। ਪਿਛੋਕੜ ਚੋਂ ਗੀਤ ਦੇ ਬੋਲ 'ਮੈਂ ਵਰ ਪਾਇਆ ਰਾਂਝਣ ਮਾਹੀ'। ਸਭ ਝੂਮਦੇ ਹਨ।)*

ਇਕੱਠੇ : ਮੁਬਾਰਕ ਵੇਲਾ ਹੈ, ਸ਼ਹੀਦ ਦਾ ਜਨਮ ਹੋਇਆ...., ਮੁਬਾਰਕ ਹੋ:-

1. : ਦੇਖੋ ਵੇਖੋ:- ਅਨੋਖਾ ਲਾਲ ਏ... ਲਾਹ ਸੂਹੇ ਸੁਫਨਿਆਂ ਵਾਲਾ।

2. : *(ਗੁੱਡਾ ਉਸ ਤੋਂ ਖੋਹ ਲੈਂਦਾ ਹੈ।)* ਵੇਖੋ ਤਾਂ ਸਹੀ..., ਸੁਨਹਿਰੀ..., ਕੇਸਰੀ...।

3. : ਕੇਸਾਂ ਵਾਲਾ-ਸਰਦਾਰ..., ਨਿਸ਼ਾਨ ਤਾਂ ਦੇਖੋ ਝੂਲਣ...

ਸਾਰੇ : *(ਅਲੱਗ ਅਲੱਗ ਦਿਸ਼ਾਵਾਂ ਵੱਲ ਦੇਖਦੇ ਹੋਏ)* ਦੂਰ ਦੂਰ ਦੇਸਾਂ ਤਾਈਂ,

*ਪਰਦੇਸਾ ਤਾਈਂ, ਸੱਤ ਸਮੁੰਦਰ ਪਾਰ...। (ਫੇਰ ਇਕ ਦੂਜੇ ਕੋਲੋਂ ਗੁੱਡਾ ਖੋਹਦੇ ਹੋਏ)*

1. : ਅਮਨਾਂ ਦਾ ਹਰਕਾਰਾ...,

2. : ਇਨਕਲਾਬ ਦਾ ਨਾਹਰਾ...,

3. : ਦੇਸ਼ਾਂ ਦਾ ਰਾਜਾ..., ਛਤਰਪਤੀ, ਚਕਰਵਤੀ... ਸਮਰਾਟ–।

*(ਸਾਰੇ ਵੱਖ-ਵੱਖ ਨਾਹਰੇ ਲਾਉਂਦੇ ਹਨ। ਕੋਈ ਇਨਕਲਾਬ ਦਾ ਨਾਹਰਾ ਲਾਉਂਦੇ ਹਨ, ਤੇ ਦੂਜੇ 'ਬੰਦੇ ਮਾਤਰਮ' ਤੇ ਭਾਰਤ ਮਾਤਾ ਦੇ ਜੈਕਾਰੇ ਲਾਉਂਦੇ ਹਨ। ਮੰਚ 'ਤੇ ਵੱਖ ਵੱਖ ਬੈਨਰ ਆਉਂਦੇ ਹਨ। ਜਿਨ੍ਹਾਂ ਵਿਚ ਗੋਲਵਲਕਰ ਤੇ ਭਗਤ ਸਿੰਘ ਦਾ ਇਕੱਠਾ ਬੈਨਰ ਵੀ ਹੈ। ਬਾਹਰ ਜਾਂਦੇ ਹਨ। ਅਜਨਬੀ ਤੇ ਭਗਤ ਸਿੰਘ ਦੇਖ ਰਹੇ ਹਨ।)*

ਭਗਤ : ਇਹ ਸਭ... ਕੀ... ਹੈ!

ਅਜਨਬੀ : ਤੇਰੇ ਈ ਸੋਹਲੇ...; ਤੂੰ ਭੀੜ ਹੋ ਗਿਆ ਐਂ ਭਗਤ ਸਿਆਂ... ਭੀੜ।

ਭਗਤ : ਹੂੰ..., ਮੈਨੂੰ ਇਹੋ ਡਰ ਸੀ। ਪਰ ਸ਼ਾਇਦ ਮੈਂ ਜੀਵਿਆ ਈ ਇਵੇਂ।

ਅਜਨਬੀ : *(ਹੱਕਾ-ਬੱਕਾ)* ਮਤਲਬ...? *(ਉਸਨੂੰ ਚੁੱਪ ਦੇਖ ਕੇ)* ਹੁਣ ਤੂੰ ਮੈਨੂੰ ਡਰਾ ਰਿਹੈਂ।

ਭਗਤ : *(ਉਸ ਵੱਲ ਮੁੜ ਕੇ)* ਸ਼ਾਇਦ ਮੈਂ ਇੱਕ ਹੈ ਈ ਨਹੀਂ ਸੀ (ਸੋਚਦੇ ਹੋਏ) ਕੀ ਕੋਈ ਹੁੰਦੈ?

ਅਜਨਬੀ : ਤੇ ਫੇਰ ਸ਼ਹੀਦ ਕੌਣ ਏ.....

ਭਗਤ : *(ਇਕਦਮ ਕੱਟਦੇ ਹੋਏ)* ਮੈਂ ਆਪਣੀਆਂ ਸਾਰੀਆਂ ਲਿਖਤਾਂ ਪੜੀਆਂ, ਆਪ। ਇਹ ਦੇਖ..., ਇਹ... ਅਜੀਬ ਦੋਹਰਾਪਨ ਏ... *(ਪਰੇਸ਼ਾਨ)*... ਆਪਣੇ ਸਾਹਵੇਂ ਹੋਰ ਤੇ ਹੋਰਾਂ ਸਾਹਵੇਂ ਹੋਰ। ਇਹ ਦੇਖ...ਇੱਥੇ ਨਿਰਾ ਜਜ਼ਬਾਤੀ... ਤੇ ਇੱਥੇ... ਜੇਲ ਡਾਇਰੀਆਂ 'ਚ... ਕੋਈ ਹੋਰ ਈ ਰੂਪ... *(ਭੀੜ ਜੈਕਾਰੇ ਲਾਉਂਦੀ ਮੁੜਦੀ ਹੈ।) (ਅਜਨਬੀ ਬੌਂਦਲ ਜਾਂਦਾ ਹੈ।)*

*(ਨਾਹਰਿਆਂ ਵਾਲੇ ਫੇਰ ਆਉਂਦੇ ਹਨ।)*

ਭਗਤ : ਇਹ ਕੀ ਕਰ ਰਹੇ ਨੇ...।*(ਸਿਰ ਫ਼ੜ ਕੇ ਬਹਿ ਜਾਂਦਾ ਹੈ)*

ਅਜਨਬੀ : ਜਨਮ ਸ਼ਤਾਬਦੀ ਏ ਤੇਰੀ...। *(ਭਗਤ ਸਿੰਘ ਫੇਰ ਕੁਝ ਬੋਲਣ ਲੱਗਦਾ ਹੈ।)* ਸ਼ੀ... *(ਮੂੰਹ 'ਤੇ ਉਂਗਲ ਰੱਖਦਾ ਹੈ।)* ਬਿੰਬ..-ਕ੍ਰਾਂਤੀ ਦਾ ਬਿੰਬ ਏਂ ਤੂੰ ਤੇ, ਬਿੰਬ ਬੋਲਿਆ ਨਹੀਂ ਕਰਦੇ-, *(ਇਸ਼ਾਰਾ ਕਰਦਾ ਹੈ।)* ਦੇਖ... ਵਨਸ ਯੂ ਐਂਟਰ..., ਦੇਯਰ ਇਜ ਨੋ ਐਗਜ਼ਿਟ! *(ਭਗਤ ਸਿੰਘ ਕਾਹਲਾ ਪੈਂਦਾ ਹੈ ਤੇ ਅਜਨਬੀ ਉਸਦੇ ਮੋਹਰੇ ਆਉਂਦਾ ਹੈ।)* ਅੰਦਰ ਆਉਣ ਤੋਂ ਬਾਅਦ... ਬਾਹਰ ਜਾਣ ਦਾ ਰਾਹ ਕੋਈ ਨਹੀਂ।

ਭਗਤ : *(ਪਿਛੋਕੜ ਚੋਂ ਉਭਰਦਾ ਗੀਤ ਸੁਣਦਾ ਹੈ 'ਮੈਂ ਵਰ ਪਾਇਆ ਰਾਂਝਣ ਮਾਹੀ')* ਪਰ ਇਹ ਸਭ ਹੈ ਕੌਣ-। *(ਉਨ੍ਹਾਂ ਦੇ ਮਾਸਕ ਪਲਟਦਾ ਹੈ। ਗੁੱਡਾ ਖੋਹਣ ਦੀ ਕੋਸ਼ਿਸ਼ ਕਰਦਾ ਹੈ। ਕੌਣ-। ਉਹ ਸਭ ਨਿਰਤ ਕਰਦੇ ਹੋਏ ਜਾਂਦੇ ਹਨ।)* ਕੌਣ ਹਨ ਇਹ..., ਕੀ ਕਰਨ ਆਉਂਦੇ ਨੇ।

ਅਜਨਬੀ : ਇੱਥੇ ਸਬ ਆਉਂਦੇ ਨੇ..., ਫੇਰ ਹੁਣ ਤਾਂ ਜਨਮ ਸ਼ਤਾਬਦੀ ਏ ਤੇਰੀ... ਜਸ਼ਨ ਚਲ ਰਹੇ ਨੇ...

ਚੁੱਪੀ!

(ਭਗਤ ਸਿੰਘ ਸੋਚਾਂ 'ਚ ਡੁੱਬਿਆ ਹੈ।)

ਭਗਤ : *(ਝਿਜਕਦੇ ਹੋਏ)*... ਗਾਂਧੀ ਜੀ ਕਦੇ ਨਹੀਂ ਆਏ?

ਅਜਨਬੀ : *(ਅੱਖਾਂ 'ਚ ਝਾਕਦੇ ਹੋਏ)* ਗਾਂਧੀ... ਮਹਾਤਮਾ...? *(ਹੌਂਕਾ)* ਉਸਨੂੰ ਤੇ ਅਰਸਾ ਹੋਇਆ... ਗੋਲੀ ਮਾਰ ਦਿੱਤੀ।

ਭਗਤ : *(ਬੁਰੀ ਤਰ੍ਹਾਂ ਉਛਲਦਾ ਹੈ)* ਗੋਲੀ... ਕਿਸਨੇ...? *(ਭਗਤ ਸਿੰਘ ਫੇਰ ਕੁਝ ਬੋਲਣ ਲੱਗਦਾ ਹੈ।)*

ਅਜਨਬੀ : ਸੀ ਇੱਕ ਹਿੰਦੂ ਕੌਮ ਦਾ ਮੁਦਈ-। *(ਚੁੱਪੀ)* ਸੱਤਾ ਬਦਲੀ..., ਪਰ ਉਸ ਦਾ ਖਾਸਾ ਤਾਂ ਨਹੀਂ...। *(ਵਾਇਸਰਾਏ ਤੇ ਨਕਾਬਪੋਸ਼ ਫੇਰ ਪਰਦੇ ਓਹਲੇ ਕਿਸੇ ਨੂੰ ਫਾਂਸੀ ਵਾਲੇ ਮਚਾਨ ਵੱਲ ਲੈ ਕੇ ਜਾਂਦੇ ਹਨ। ਪਿੱਛੋਂ ਨਗਾੜਿਆਂ ਦਾ ਸ਼ੋਰ। ਉਹ ਬੁਰੀ ਤਰ੍ਹਾਂ ਡਰੇ ਹੋਏ ਹਨ।)* ਸਦੀ ਬੀਤ ਗਈ-, ਪਰ ਡਰ ਉੱਥੇ ਦਾ ਉੱਥੇ ਹੈ- ਦੌੜ ਜਾਰੀ ਹੈ। *(ਅਜਨਬੀ ਵੀ ਉਸੇ ਦਿਸ਼ਾ ਵੱਲ ਜਾਂਦਾ ਹੈ- ਜਿਵੇਂ ਉਨ੍ਹਾਂ ਨੂੰ ਰੋਕਣਾ ਚਾਹੁੰਦਾ ਹੋਵੇ-।)* ਸੁਣ-ਮੇਰੀ ਗੱਲ ਸੁਣ-। *(ਉਹ ਨਿਕਲ ਜਾਂਦਾ ਹੈ। ਭਗਤ ਸਿੰਘ ਠਹਾਕਾ ਮਾਰ ਕੇ ਹੱਸਦਾ*

*ਹੈ। ਅਜਨਬੀ ਉਸ ਵੱਲ ਮੁੜਦਾ ਹੈ।)*

ਅਜਨਬੀ : ...ਅਫ਼ਸੋਸ ਹੋ ਰਿਹੈ?

ਭਗਤ : *(ਸੋਚਦੇ ਹੋਏ ਹੌਂਕਾ ਭਰਦਾ ਹੈ)* ਹਾਂ! ਅਫ਼ਸੋਸ ਹੋ ਰਿਹਾ... ਕਿ ਆਗਰੇ 'ਤੋਂ ਤੁਰਨ ਤੋਂ ਪਹਿਲਾਂ... ਰਾਤੀਂ ਜਦੋਂ ਤਾਜ ਮਹਿਲ ਦੇਖਣ ਗਏ ਤਾਂ ਸੁਖਦੇਵ ਨਾਲ ਨਹੀਂ ਸੀ; ਉਸ ਨੂੰ ਲਿਖਿਆ ਖ਼ਤ..., ਤੇ ਬੋਲੇ ਕੰਨਾਂ ਨੂੰ ਸੁਣਾਉਣ ਵਾਲਾ ਉਹ... ਪੈਂਫਲੇਟ ਜੇਬ 'ਚ ਸੀ... ਤੇ ਸਾਹਮਣੇ ਤਾਜ... ਸਿਆਹ ਕੂਲੇ ਹਨ੍ਹੇਰੇ ਦੀ ਬੁੱਕਲ 'ਚ... ਮੁਸਕਰਾਉਂਦਾ!

*(ਦੂਜੇ ਪਾਸੇ ਤੋਂ ਗਾਂਧੀ ਭਗਤ ਸਿੰਘ ਵੱਲ ਆਉਂਦਾ ਹੈ। ਭਗਤ ਸਿੰਘ ਮਿਊਜ਼ਮ ਦੀਆਂ ਚੀਜ਼ਾਂ ਨੂੰ ਗ਼ੌਰ ਨਾਲ ਦੇਖਦਾ ਹੈ। ਅਜ਼ਨਬੀ ਹੈਰਾਨੀ ਨਾਲ ਦੋਹਾਂ ਨੂੰ ਦੇਖ ਰਿਹਾ ਹੈ।)*

ਭਗਤ : ਮੈਨੂੰ ਪਤਾ ਸੀ - ਕਾਮਯਾਬ ਨਹੀਂ ਹੋਣੇ - ਉਹ ਤੁਹਾਡੇ ਤਜ਼ਰਬੇ-।

ਗਾਂਧੀ : *(ਮੁਸਕਰਾਉਂਦਾ ਹੈ।)* ਕਾਮਯਾਬੀ ਹੀ ਤੋ ਸਭ ਕੁਝ ਨਹੀਂ।

ਭਗਤ : *(ਹੌਂਕਾ)* ਹਾਂ... *(ਬੈਨਰਾਂ ਵੱਲ ਦੇਖਦੇ-ਪਛਾਣਦੇ ਹੋਏ।)* ਤਜ਼ਰਬੇ ਤਾਂ ਸਾਡੇ ਵੀ ਕਾਮਯਾਬ ਨਹੀਂ..

ਗਾਂਧੀ : *(ਆਪਣੇ ਆਪ 'ਚ)* ਚਲਤੇ ਰਹਿਨਾ ਹੋਗਾ-।

ਭਗਤ : *(ਖ਼ੁਦ ਨਾਲ)* ਬੋਲੀਆਂ ਰੂਹਾਂ ਨੂੰ ਸੁਨਾਉਣ ਦਾ ਕੋਈ ਰਾਹ-

ਗਾਂਧੀ : ਢੂੰਡਨਾ ਹੀ ਹੋਗਾ-।

ਭਗਤ : ਪਰ ਉਹ ਗੋਲੀ...,

*(ਇਕੱਠੇ ਤੁਰਨ ਲਗਦੇ ਹਨ।)*

ਗਾਂਧੀ : ਜੋ ਮੁਝੇ ਲਗੀ *(ਚੁੱਪੀ, ਹਾਸਾ)* ਅੰਗਰੇਜ਼ੋਂ ਕੀ ਨਹੀਂ ਥੀ-।

ਭਗਤ : ਅੰਗਰੇਜ਼ ਕੀ ਨਹੀਂ...?

ਗਾਂਧੀ : ਤੁਮ੍ਹੇ ਕੈਸੇ ਲਗਤਾ ਹੈ ਕਿ ਕਤਲੋਂ ਗਾਰਦ ਕਾ ਹੁਨਰ ਸਿਰਫ਼ ਅੰਗਰੇਜ਼ ਜਾਨਤੇ... ਹੈਂ ਹਮ ਨਹੀਂ! *(ਹਾਸਾ)*

*(ਦੋਹੇਂ ਇਕ ਦੂਜੇ ਵੱਲ ਦੇਖਦੇ ਹਨ। ਵਾਇਸਰਾਇ ਤੇ ਨਕਾਬਪੋਸ਼ ਫੇਰ*

*ਬੋਰੀ ਘਸੀਟਦੇ ਹੋਏ ਜਾਂਦੇ ਹਨ। ਨਗਾੜਿਆਂ ਦਾ ਸ਼ੋਰ-। ਭਗਤ ਤੇ ਗਾਂਧੀ ਉਦਾਸ ਜਿਹੇ ਉਨ੍ਹਾਂ ਵੱਲ ਦੇਖਦੇ ਹਨ। ਹੌਕਾ ਭਰ ਕੇ ਭਗਤ ਸਿੰਘ ਮੂੰਹ ਦੂਜੇ ਪਾਸੇ ਮੋੜ ਲੈਂਦਾ ਹੈ। ਗਾਂਧੀ ਗੌਹ ਨਾਲ ਉਸ ਵੱਲ ਦੇਖਦੇ ਹਨ।)* ਕੀ ਸੋਚ ਰਿਹਾਂ...

ਭਗਤ : *(ਯਾਦ ਕਰਦੇ ਹੋਏ)*... ਤੇ ਉਹ... ਉਹ ਕੁੜੀ..., ਮੰਗੇਤਰ... ਸਾਂਡਰਸ ਦੀ ਮੰਗੇਤਰ...!

ਗਾਂਧੀ : *(ਹੈਰਾਨ)* ਯਾਦ ਏ ਤੈਨੂੰ...

ਭਗਤ : *(ਉਸ ਪਾਸੇ ਦੇਖਦੇ ਹੋਏ, ਜਿੱਧਰ ਬੋਰੀ ਘੜੀਸਦੇ ਹੋਏ ਲੈ ਕੇ ਗਏ ਹਨ)* ਉਸਨੂੰ ਦੇਖ ਕੇ ਯਾਦ ਆ ਗਈ!

*(ਮਾਤਮੀ ਧੁਨ ਦੇ ਨਾਲ-ਨਾਲ ਮੰਚ ਉੱਤੇ ਰੌਸ਼ਨੀ ਫੈਲਦੀ ਹੈ। ਕੁਝ ਅੰਗਰੇਜ਼ ਇੱਕ ਤਾਬੂਤ ਨੂੰ ਲਈ, ਜਿਸ ਉੱਤੇ ਯੂਨੀਅਨ ਜੈਕ ਦਾ ਝੰਡਾ ਆਇਆ ਹੋਇਆ ਹੈ, ਹੌਲੀ-ਹੌਲੀ ਮੰਚ 'ਤੇ ਆਉਂਦੇ ਹਨ। ਸਭ ਲੋਕ ਗ਼ਮਗੀਨ ਮੁਦਰਾ ਵਿੱਚ ਉਸੇ ਮਚਾਨ ਉੱਪਰੋਂ ਲੰਘਦੇ ਹੋਏ ਪਿਛਲੇ ਪਾਸੇ ਨੂੰ ਉੱਤਰ ਜਾਂਦੇ ਹਨ। ਮਾਤਮੀ ਧੁੰਨ ਵੱਜਦੀ ਰਹਿੰਦੀ ਹੈ। ਇਕ ਅੰਗਰੇਜ਼ ਲੜਕੀ ਕਾਲੇ ਲਬਾਦੇ ਵਿੱਚ ਲਿਪਟੀ ਹੋਈ ਮੰਚ ਉਤੇ ਹੀ ਖੜੀ ਰਹਿੰਦੀ ਹੈ। ਉਹ ਉਦਾਸ ਨਜ਼ਰਾਂ ਨਾਲ ਚਾਰੇ ਪਾਸੇ ਪਈਆਂ ਚੀਜ਼ਾਂ ਨੂੰ ਦੇਖਦੀ ਹੈ।)*

ਭਗਤ : ਉਹ ਤਾਂ ਅੱਜ ਵੀ ਡਰੀ ਹੋਈ ਏ... ਉਵੇਂ ਈ...

*(ਗਾਂਧੀ ਨੀਵੀਂ ਪਾ ਲੈਂਦੇ ਹਨ। ਇਕੱਠੇ ਮਚਾਨ 'ਤੇ ਚੜਨ ਲੱਗਦੇ ਹਨ।)*

*ਫੇਡ ਆਊਟ।*

ਸਮਾਪਤੀ

ਤੈਂ ਕੀ ਦਰਦ ਨਾ ਆਇਆ!

# ਪੰਜਾਬੀ ਨਾਟ ਖੇਤਰ ਵਿੱਚ ਜੀ ਆਇਆ ਨੂੰ

ਬਲਰਾਮ ਨੇ ਮੰਚ ਦੀ ਦ੍ਰਿਸ਼ਟੀ ਤੋਂ ਬਹੁਤ ਕਾਮਯਾਬ ਨਾਟਕਾਂ ਅਤੇ ਲਘੂ-ਨਾਟਕਾਂ ਦੀ ਰਚਨਾ ਕੀਤੀ ਹੈ ਜਿਹੜੇ ਕਿ ਵੱਖ-ਵੱਖ ਥਾਵਾਂ 'ਤੇ ਬਹੁਤ ਕਾਮਯਾਬੀ ਨਾਲ ਖੇਡੇ ਗਏ ਹਨ। ਆਪਣੀ ਪੰਜ ਦਹਾਕਿਆਂ ਦੀ ਉਮਰ ਵਿੱਚੋਂ ਉਸਨੇ ਤਿੰਨ ਦਹਾਕੇ ਨਾਟਕ ਅਤੇ ਰੰਗਮੰਚ ਨੂੰ ਸਮਰਪਿਤ ਕੀਤੇ ਹਨ। ਰੇਡੀਓ-ਨਾਟਕ, ਬਾਲ-ਨਾਟਕ, ਮੰਚ-ਨਾਟਕ, ਸੋਲੋ ਨਾਟਕ, ਆਧਾਰਿਤ ਨਾਟਕ ਆਦਿਕ ਖੇਤਰਾਂ ਵਿੱਚ ਕੰਮ ਕਰਦਿਆਂ ਉਸਨੇ ਨਾਟ-ਰਚਨਾ ਅਤੇ ਮੰਚ-ਰਚਨਾ ਦੋਹਾਂ ਖੇਤਰਾਂ ਨਾਲ ਆਪਣਾ ਪੂਰਾ ਲਗਾਵ ਰੱਖਿਆ। ਉਹ ਹਿੰਦੀ ਅਤੇ ਪੰਜਾਬੀ ਦੋਹਾਂ ਹੀ ਭਾਸ਼ਾਵਾਂ ਵਿੱਚ ਨਾਟ ਰਚਨਾ ਕਰਦਾ ਹੈ।

ਸਭ ਤੋਂ ਪਹਿਲਾਂ ਮੈਂ ਆਪਣੇ-ਆਪ ਨੂੰ ਇੱਕ ਪ੍ਰਸ਼ਨ ਕਰਦਾ ਹਾਂ। ਮੈਂ ਇੰਨੇ ਸਾਲਾਂ ਤੋਂ ਪੰਜਾਬੀ ਨਾਟਕ ਨਾਲ ਜੁੜਿਆ ਹੋਇਆ ਹਾਂ ਅਤੇ ਕਦੇ ਕਦਾਈ ਕੋਈ ਸਮੀਖਿਆਤਮਕ ਟਿੱਪਣੀ ਕਰਨ ਦਾ ਮੌਕਾ ਵੀ ਮਿਲਦਾ ਰਹਿੰਦਾ ਹੈ। ਭਾਵੇਂ ਮੈਨੂੰ ਇਹ ਵੀ ਪਤਾ ਸੀ ਕਿ ਬਲਰਾਮ ਨੇ 25 ਕੁ ਸਾਲ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਥੀਏਟਰ ਦੀ ਡਿਗਰੀ ਪ੍ਰਾਪਤ ਕੀਤੀ ਸੀ ਅਤੇ ਉਸਦੇ ਬਹੁਤ ਸਾਰੇ ਨਾਟਕਾਂ ਦੀ ਚਰਚਾ ਵੀ ਸੁਣਦਾ ਰਿਹਾ ਹਾਂ ਅਤੇ ਕੁਝ ਨਾਟਕ ਦੇਖੇ ਵੀ ਹਨ। ਫਿਰ ਵੀ ਮੈਂ ਉਸਨੂੰ ਹਿੰਦੀ ਦਾ ਨਾਟਕਕਾਰ ਸਵੀਕਾਰ ਕਰਦਾ ਰਿਹਾ। ਮੈਨੂੰ ਲੱਗਦਾ ਸੀ ਕਿ ਉਹ ਕਦੇ-ਕਦਾਈਂ ਹੀ ਪੰਜਾਬੀ ਨਾਟਕ ਲਿਖਦਾ ਹੈ ਜਾਂ ਫ਼ਿਰ ਆਪਣੇ ਹੀ ਲਿਖੇ ਕਿਸੇ ਹਿੰਦੀ ਨਾਟਕ ਦਾ ਪੰਜਾਬੀ ਵਿੱਚ ਤਰਜਮਾ ਕਰਦਾ ਹੈ। ਉਸਦੀ ਸੰਨ 1993 ਵਿੱਚ ਛਪੀ ਹਿੰਦੀ ਕਵਿਤਾ ਦੀ ਪੁਸਤਕ 'ਅੰਤ ਨਹੀਂ ਹੈ ਯਹ' ਵੀ ਸ਼ਾਇਦ ਉਸਦੇ ਹਿੰਦੀ ਲੇਖਕ ਹੋਣ ਦੇ ਬਿੰਬ ਨੂੰ ਹੀ ਗੂੜ੍ਹਾ ਕਰ ਰਹੀ ਸੀ। ਮੈਂ ਇਹ ਜ਼ਿਕਰ ਵੀ ਕਰਨਾ ਚਾਹਾਂਗਾ ਕਿ ਉਸਨੇ ਮੇਰੇ ਤਿੰਨ ਨਾਟਕਾਂ 'ਤੱਤੀ ਤਵੀ ਦਾ ਸੱਚ', 'ਮੁੰਗੂ ਕਾਮਰੇਡ' ਅਤੇ 'ਇਹ ਮਹਾਂਭਾਰਤ ਦਾ ਯੁੱਗ ਨਹੀਂ" ਦਾ ਹਿੰਦੀ ਵਿੱਚ ਅਨੁਵਾਦ ਵੀ ਕੀਤਾ ਹੈ। ਪਰ ਹੁਣ ਇਹ ਜਾਣਦਿਆਂ ਆਪਣੇ ਆਪ ਤੇ ਅਫ਼ਸੋਸ ਅਤੇ ਬਲਰਾਮ ਉੱਤੇ ਖ਼ੁਸ਼ੀ ਹੋ ਰਹੀ ਹੈ ਕਿ ਉਹ ਅਸਲ ਵਿੱਚ ਇੱਕ ਪੰਜਾਬੀ ਨਾਟਕਕਾਰ ਹੈ ਜਿਸਨੇ ਕੁਝ ਹਿੰਦੀ ਨਾਟਕ ਵੀ ਲਿਖੇ ਹਨ। ਉਸਨੇ ਮੈਨੂੰ ਆਪਣੇ-ਆਪ ਨੂੰ ਮਾਫ਼ ਕਰਨ ਦਾ ਰਾਹ ਵੀ ਦੇ ਦਿੱਤਾ ਹੈ ਕਿਉਂਕਿ ਉਸਦੇ ਨਾਟਕਾਂ ਦਾ ਪ੍ਰਕਾਸ਼ਨ ਪਹਿਲੀ ਵਾਰ ਹੋ ਰਿਹਾ ਹੈ। ਇਹਨਾਂ ਅਰਥਾਂ ਵਿੱਚ ਮੈਂ ਇਸ ਨਵੇਂ ਨਾਟਕਕਾਰ ਦਾ ਪੰਜਾਬੀ ਨਾਟ-ਜਗਤ ਵਿੱਚ ਸਵਾਗਤ ਕਰਦਾ ਹਾਂ। ਉਂਝ ਅਸੀਂ ਸਾਰੇ ਸੈਮੂਅਲ ਜੌਹਨ ਦੁਆਰਾ ਕੀਤੇ ਚਰਚਿਤ ਆਧਾਰਿਤ-ਸੋਲੋ-ਨਾਟਕ 'ਜੂਠ' ਰਾਹੀਂ ਬਲਰਾਮ ਦੀ ਕਲਮ ਦੀ ਤਾਕਤ ਨੂੰ ਜਾਣਦੇ ਹਾਂ। ਇਹ ਪੰਜਾਬੀ ਦਾ ਪਹਿਲਾ ਸੋਲੋ ਨਾਟਕ ਮੰਨਿਆ ਜਾਂਦਾ ਹੈ। ਉਸਨੇ 'ਵੇਟਿੰਗ ਫ਼ਾਰ ਗੋਦੋ' ਦਾ ਅਨੁਵਾਦ ਪੰਜਾਬੀ ਯੂਨੀਵਰਸਿਟੀ ਲਈ ਕੀਤਾ ਅਤੇ 'ਮੈਕਬੈੱਥ' ਦੀ ਪੰਜਾਬੀ ਵਿੱਚ ਐਡੇਪਟੇਸ਼ਨ

ਵੀ ਕੀਤੀ। ਉਹ ਅੰਦਰੋਂ-ਬਾਹਰੋਂ ਨਾਟਕ ਨਾਲ ਜੁੜਿਆ ਹੋਇਆ ਹੈ। ਇਉਂ ਲੱਗ ਰਿਹਾ ਹੈ ਜਿਵੇਂ ਉਸਨੇ ਹੁਣ ਆਪਣੇ ਆਪ ਨੂੰ ਪੂਰੀ ਤਰ੍ਹਾਂ ਪੰਜਾਬੀ ਨਾਟਕਕਾਰੀ ਨੂੰ ਸਮਰਪਿਤ ਕਰ ਦਿੱਤਾ ਹੈ।

ਅਮਨ ਉਸਦਾ ਮਨ ਭਾਉਂਦਾ ਵਿਸ਼ਾ ਹੈ; ਉਹ ਮੁਲਕਾਂ ਦੇ ਅਮਨ ਦੀ ਬਾਤ ਵੀ ਪਾਉਂਦਾ ਹੈ ਅਤੇ ਬੰਦੇ ਦੇ ਮਾਨਸਿਕ ਅਮਨ ਦੀ ਵੀ। ਇਉਂ ਉਸਦੇ ਚਿੰਤਨ ਦਾ ਸੰਸਾਰ ਭਾਈਚਾਰਕ ਸਦਭਾਵਨਾ ਤੋਂ ਲੈ ਕੇ ਸੰਸਾਰ ਅਮਨ ਤੱਕ ਫੈਲਿਆ ਹੋਇਆ ਹੈ। ਉਸਨੇ ਆਪਣਾ ਪਹਿਲਾ ਮਹੱਤਵਪੂਰਨ ਨਾਟਕ 'ਹੀਰੋਸ਼ੀਮਾ ਔਰ ਨਹੀਂ" (ਹਿੰਦੀ) ਰੰਗਮੰਚ ਦੀ ਡਿਗਰੀ (91-92) ਲੈਣ ਤੋਂ ਪਹਿਲਾਂ 1986-87 ਵਿੱਚ ਲਿਖਿਆ ਸੀ, ਜਿਸ ਵਿੱਚ ਉਹ ਕਹਿੰਦਾ ਹੈ ਕਿ ਹਿਟਲਰ ਅਜੇ ਵੀ ਨਹੀਂ ਮਰਿਆ। ਸ਼ਾਇਦ ਇਹ ਪੰਜਾਬੀ ਯੂਨੀਵਰਸਿਟੀ ਦੇ ਮਾਹੌਲ ਦਾ ਅਸਰ ਸੀ ਕਿ ਉਸਨੇ ਪਹਿਲਾ ਮਹੱਤਵਪੂਰਨ ਪੰਜਾਬੀ ਨਾਟਕ 'ਕਿਰਣਾ ਦੇ ਕਾਫ਼ਲੇ' ਆਪਣੀ ਡਿਗਰੀ ਲੈਣ ਤੋਂ ਬਾਅਦ ਸੰਨ 1993 ਵਿੱਚ ਲਿਖਿਆ। ਭਾਵੇਂ ਜ਼ਾਹਰ ਤੌਰ 'ਤੇ ਇਹ ਗ਼ਦਰ ਪਾਰਟੀ ਆਫ਼ ਇੰਡੀਆ ਦੀ ਸਮੱਗਰੀ ਸੰਬੰਧੀ ਨਾਟਕ ਹੈ ਪਰ ਇਸ ਦੇ ਅੰਦਰ ਉਹ ਇਸ ਸਵਾਲ ਨੂੰ ਜਨਮ ਦਿੰਦਾ ਹੈ ਕਿ ਕੀ ਕਾਰਨ ਹੈ ਕਿ ਅੱਜ ਤੋਂ ਲਗਭਗ ਇੱਕ ਸਦੀ ਪਹਿਲਾਂ ਪੰਜਾਬੀ ਅਮਰੀਕਾ ਤੋਂ ਇੱਕ ਲੜਾਈ ਲੜਨ ਵਿੱਚ ਵਤਨ ਪਰਤੇ ਸਨ ਅਤੇ ਅੱਜ ਉਹੋ ਪੰਜਾਬੀ ਇੱਥੋਂ ਦੀ ਲੜਾਈ ਨੂੰ ਛੱਡ ਕੇ ਅਮਰੀਕਾ ਵੱਲ ਭੱਜ ਰਹੇ ਹਨ। ਇਹ ਕਈ ਅਰਥਾਂ ਵਿੱਚ ਬੜਾ ਵੱਡਾ ਸਵਾਲ ਹੈ।

ਨਾਟਕ "ਤੈਂ ਕੀ ਦਰਦ ਨਾ ਆਇਆ" ਵਿੱਚ ਬਲਰਾਮ ਅਮਨ ਨੂੰ ਤੋੜਨ ਵਾਲਿਆਂ ਦੀ ਗੱਲ ਕਰਦਾ ਹੈ। ਦਰਅਸਲ ਬਲਰਾਮ ਨੇ ਇਹ ਨਾਟਕ ਗੁਜਰਾਤ ਦੇ ਦੰਗਿਆਂ ਦੇ ਸੰਦਰਭ ਵਿੱਚ ਲਿਖਿਆ, ਜਿੱਥੇ ਕਿ ਬੇਕਸੂਰ ਮੁਸਲਮਾਨਾਂ ਨੂੰ ਗਿਣੀ-ਮਿਥੀ ਯੋਜਨਾ ਅਧੀਨ ਕਤਲ ਕੀਤਾ ਗਿਆ, ਇਹ ਉਹ ਸਮਾਂ ਹੈ ਜਦੋਂ ਦਿੱਲੀ ਵਿੱਚ ਸਿੱਖਾਂ ਦਾ ਕਤਲਾਮ ਵੀ ਹੋ ਚੁੱਕਾ ਸੀ ਅਤੇ ਕਸ਼ਮੀਰ ਵਿੱਚੋਂ ਪੰਡਿਤਾਂ ਦਾ ਸਮੂਹਿਕ ਪਲਾਇਣ ਵੀ। ਇਹ ਗੱਲ ਬਿਨਾਂ ਕਿਸੇ ਸ਼ੱਕ-ਸ਼ੁਬੇ ਤੋਂ ਸਾਬਤ ਹੋ ਚੁੱਕੀ ਸੀ ਕਿ ਮੂਲਵਾਦੀ ਤਾਕਤਾਂ ਬਿਫ਼ਰੀਆਂ ਹੋਈਆਂ ਹਨ ਅਤੇ ਅਜਿਹਾ ਅਚਨਚੇਤ ਜਾਂ ਸਹਿਜ ਸੁਭਾ ਨਹੀਂ ਸੀ ਵਾਪਰਿਆ। ਸਦੀਆਂ ਤੋਂ ਭਾਈਚਾਰਕ ਸਾਂਝ ਵਿੱਚ ਰਹਿੰਦੇ ਲੋਕਾਂ ਉੱਤੇ ਇਸ ਤਰ੍ਹਾਂ ਦੇ ਯੋਜਨਾਬੱਧ ਹਮਲੇ ਨੇੜ ਅਤੀਤ ਵਿੱਚ ਕਿੱਧਰੇ ਵੀ ਨਹੀਂ ਸਨ ਹੋਏ। ਜਦੋਂ ਇਹ ਸਭ ਕੁਝ ਆਜ਼ਾਦ ਅਤੇ ਲੋਕਤੰਤਰਿਕ ਭਾਰਤ ਵਿੱਚ ਹੋਣ ਲੱਗਾ ਤਾਂ ਫ਼ਿਕਰਮੰਦ ਲੋਕਾਂ ਵੱਲੋਂ ਫ਼ਿਕਰ ਹੋਣਾ ਲਾਜ਼ਮੀ ਸੀ। ਇਹ ਨਾਟਕ ਉਸੇ ਫ਼ਿਕਰ ਦਾ ਨਤੀਜਾ ਹੈ।

ਇਸ ਨਾਟਕ ਵਿੱਚ ਬਲਰਾਮ ਨੇ ਜਿਹੜੀ ਨਵੀਂ ਗੱਲ ਕੀਤੀ ਹੈ ਉਹ ਇਹ ਹੈ ਕਿ ਸਾਡੇ ਕੋਲ ਨਾ ਕੇਵਲ ਦੂਸਰੇ ਕਹੇ ਜਾਂਦੇ ਲੋਕਾਂ ਨਾਲ ਚੰਗੇ ਸੰਬੰਧ ਬਣਾ ਕੇ ਰੱਖਣ ਦੀ ਪਰੰਪਰਾ ਹੈ ਬਲਕਿ ਅਸੀਂ ਇੱਕ ਦੂਸਰੇ ਦੀ ਰੱਖਿਆ ਲਈ ਆਪਣੀਆਂ ਜਾਨਾਂ ਤੱਕ ਵਾਰਨ ਲਈ ਵੀ ਤਿਆਰ ਰਹਿੰਦੇ ਰਹੇ ਹਾਂ। ਮੈਂ ਖ਼ੁਦ ਵੀ ਆਪਣੇ ਨਾਟਕ 'ਅਜੀਤ ਰਾਮ' ਵਿੱਚ ਇਸ ਥੀਮ ਨੂੰ

ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਬਲਰਾਮ ਨੇ ਆਪਣੀ ਗੱਲ ਕਹਿਣ ਲਈ ਜਿਸ ਤਰ੍ਹਾਂ ਨਾਲ ਇਤਿਹਾਸਕ ਸਮੱਗਰੀ ਦੀ ਵਰਤੋਂ ਕੀਤੀ ਹੈ, ਉਹ ਪ੍ਰਸੰਸਾਯੋਗ ਹੈ। ਉਸਨੇ ਸਭ ਤੋਂ ਪਹਿਲਾਂ ਨਬੀ ਖਾਂ ਅਤੇ ਗਨੀ ਖਾਂ ਦੇ ਪਾਤਰ ਸਿਰਜੇ ਹਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਉੱਚ ਦਾ ਪੀਰ ਬਣਾ ਕੇ ਮੁਗਲਾਂ ਦੇ ਘੇਰੇ ਵਿੱਚੋਂ ਬਾਹਰ ਕੱਢਿਆ ਸੀ। ਜਦੋਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਸੁਣਦੇ ਹਾਂ ਤਾਂ ਸਾਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਧੁਨੀ ਵੀ ਸੁਣਨ ਲੱਗਦੀ ਹੈ। ਪਰ "ਤੈਂ ਕੀ ਦਰਦ ਨਾ ਆਇਆ" ਦਾ ਨਾਟਕੀ ਰੰਗ ਉਦੋਂ ਜ਼ਿਆਦਾ ਉਘੜਦਾ ਹੈ, ਜਦੋਂ ਅਸੀਂ ਇਹਨਾਂ ਇਤਿਹਾਸਕ ਪਾਤਰਾਂ ਨੂੰ ਅਜੋਕੇ ਸਮੇਂ ਵਿੱਚ ਵਿਚਰਦੇ ਹੋਏ ਦੇਖਦੇ ਹਾਂ। ਹੌਲੀ-ਹੌਲੀ ਇਹ ਰਚਨਾ ਸਵਾਮੀ ਨਾਂ ਦੇ ਇੱਕ ਪਾਤਰ ਤੇ ਕੇਂਦ੍ਰਿਤ ਹੋ ਜਾਂਦੀ ਹੈ ਜਿਹੜਾ ਉਹਨਾਂ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜਿਹੜੇ 'ਕਸਮ ਰਾਮ ਕੀ ਖਾਤੇ ਹੈਂ, ਮੰਦਿਰ ਯਹੀਂ ਬਨਾਏਂਗੇ' ਦੇ ਨਾਅਰੇ ਲਗਾ ਰਹੇ ਹਨ। ਬਲਰਾਮ ਨੇ ਬੜੇ ਖ਼ੂਬਸੂਰਤ ਢੰਗ ਨਾਲ ਸਾਡੀ ਤਥਾ-ਕਥਿਤ ਤਰੱਕੀ ਉੱਤੇ ਵਿਅੰਗ ਕੱਸਿਆ ਹੈ। ਇੱਕ ਪਾਸੇ ਨਬੀ ਖਾਂ ਕਹਿੰਦਾ ਹਾਂ ਕਿ 'ਸੂਰਜ ਡੁੱਬਿਆ ਕਿੰਨਾ ਹੀ ਚਿਰ ਹੋ ਗਿਆ ਏ', ਨੇਰ੍ਹਾ ਕਿਉਂ ਨਹੀਂ ਹੋ ਰਿਹਾ? ਉਨ੍ਹਾਂ ਚਾਨਣ ਨੂੰ ਬੰਨ ਲਿਆ ਏ ਗਨੀ, ਬੰਨ੍ਹ ਲਿਆਂ ਏ ਚਾਨਣ ਨੂੰ। ਵੇਖ ਹਰ ਘਰ ਰੌਸ਼ਨ ਏ; ਅਸੀਂ ਸਹੀ ਥਾਂ ਆ ਗਏ ਹਾਂ ਸਹੀ ਯੁੱਗ ਵਿੱਚ'। ਦੂਜੇ ਪਾਸੇ ਉਹ ਗੁਜਰਾਤ ਵਿੱਚ ਜੋ ਕੁਝ ਵਾਪਰਦਾ ਦੇਖਦੇ ਹਨ ਉਹ ਅਧੋਗਤੀ ਦਾ ਪਾਤਾਲ ਹੈ, ਗੱਡੀ ਵਿੱਚ ਸੜ ਰਹੇ ਲੋਕਾਂ ਦਾ ਦ੍ਰਿਸ਼, ਜਾਨ ਬਚਾਉਣ ਲਈ ਦੌੜ ਰਹੇ ਲੋਕਾਂ ਦਾ ਦ੍ਰਿਸ਼, ਪੁਲੀਸ ਦਾ ਭਗਵਾਕਰਨ, ਇੱਕ ਮੋਮਨ ਨੌਜਵਾਨ ਦਾ ਕਤਲ, ਇੱਕ ਗਰਭਵਤੀ ਦੇ ਪਤੀ ਦਾ ਟਾਇਰ ਗਲ਼ ਵਿੱਚ ਪਾ ਕੇ ਕਤਲ, ਉਸਦੇ ਅਣਜੰਮੇ ਬੱਚੇ ਦਾ ਕਤਲ ਆਦਿਕ। ਸਭ ਤੋਂ ਵੱਡਾ ਵਿਅੰਗ ਇਹ ਹੈ ਕਿ ਇਹ ਸਾਰਾ ਕੁਝ ਧਰਮ ਅਤੇ ਪਰੰਪਰਾ ਦੇ ਨਾਂ 'ਤੇ ਕੀਤਾ ਜਾਂਦਾ ਹੈ।

ਬਲਰਾਮ ਨੇ ਇਸ ਸਾਰੇ ਦ੍ਰਿਸ਼ ਦਾ ਵਰਨਣ ਕਰਕੇ ਇਸਨੂੰ ਫਿਰ ਇਤਿਹਾਸ ਨਾਲ ਜੋੜਿਆ ਹੈ ਅਤੇ ਆਖਿਆ ਹੈ ਕਿ ਅੱਜ ਵੀ ਸੂਬਾ ਸਰਹੰਦ ਸਭ ਕੁਝ ਧਰਮ ਦੇ ਨਾਂ ਤੇ ਕਰਵਾ ਰਿਹਾ ਹੈ, ਬੱਸ ਸੂਬਾ ਸਰਹਿੰਦ ਦਾ ਨਾਂ, ਪਹਿਰਾਵਾ ਤੇ ਧਰਮ ਬਦਲ ਗਿਆ ਹੈ। ਇਵੇਂ ਬਲਰਾਮ ਨੇ ਧਰਮ ਦੇ ਨਾਂ ਤੇ ਲੜੀ ਜਾਂਦੀ ਇਸ ਲੜਾਈ ਵਿੱਚ ਲੁਕੇ ਸੌੜੇ ਰਾਜਨੀਤਕ ਮੰਤਵਾਂ ਨੂੰ ਪਛਾਣਨ ਦੀ ਗੱਲ ਕੀਤੀ ਹੈ। ਇੱਕ ਹੋਰ ਨਾਟਕੀ ਮੋੜ ਸਿਰਜ ਕੇ ਬਲਰਾਮ ਦੇ ਨਾਟਕ ਦੇ ਅੰਤ ਵਿੱਚ ਸਵਾਮੀ ਅਤੇ ਇੱਕ ਜੱਥੇਦਾਰ ਨੂੰ ਇਕੱਠਾ ਕੀਤਾ ਹੈ। ਉਸਦੀ ਸੋਚ ਸਵਾਮੀ ਵਾਂਗ ਸੌੜੀ, ਸਵਾਰਥੀ ਅਤੇ ਧਾਰਮਿਕ ਸੰਵੇਦਨਾਵਾਂ ਤੋਂ ਸੱਖਣੀ ਹੈ। ਇਸੇ ਲਈ ਬਲਰਾਮ ਨਾਟਕ ਦੇ ਅੰਤ ਵਿੱਚ ਸੂਤਰਧਾਰ ਪਾਸੋਂ ਸਵਾਲ ਕਰਵਾਉਂਦਾ ਹੈ ਕਿ ਦੂਜਿਆਂ ਦਾ ਦੁੱਖ ਦੂਰ ਕਰਨ ਵਾਲੇ ਰਾਮ ਅਤੇ ਆਪਣੀਆਂ ਜਾਨਾਂ ਤੱਕ ਵਾਰ ਦੇਣ ਵਾਲਾ ਖਾਲਸਾ ਅੱਜ ਕਿੱਥੇ ਹੈ।

ਰੰਗਮੰਚ ਦਾ ਵਿਦਿਆਰਥੀ ਹੋਣ ਕਾਰਨ ਬਲਰਾਮ ਨੇ ਇਸ ਨਾਟਕ ਵਿੱਚ ਬਹੁਤ ਵਧੀਆ ਜੁਗਤਾਂ ਦਾ ਇਸਤੇਮਾਲ ਕੀਤਾ ਹੈ। ਬਚਪਨ ਵਿੱਚ ਪੂਜਾ ਪਾਠ ਨਾਲ ਜੁੜੇ ਹੋਣ ਕਾਰਨ ਉਸਨੇ ਹਿੰਦੂ ਧਰਮ ਪਰੰਪਰਾ ਦੀ ਬਾਣੀ ਦਾ ਵੀ ਸੁੰਦਰ ਪ੍ਰਯੋਗ ਕੀਤਾ ਹੈ। ਮੇਰਾ ਤਾਂ ਇਹ ਵੀ ਖ਼ਿਆਲ

ਹੈ ਕਿ ਇਸ ਵਿੱਚ ਵਰਤੇ ਗਏ ਦੋਹੇ 'ਦਯਾ ਧਰਮ ਕੋ ਮੂਲ ਹੈ' ਨੂੰ ਜੇ ਇਸ ਨਾਟਕ ਦੇ ਨਾਮ ਵਜੋਂ ਵਰਤਿਆ ਜਾਂਦਾ ਹੈ ਤਾਂ ਇਹ ਇਸ ਦੇ ਥੀਮ ਦੇ ਵਧੇਰੇ ਨੇੜੇ ਹੁੰਦਾ। ਇਵੇਂ ਵੀ ਲੱਗਦਾ ਹੈ ਕਿ ਬਲਰਾਮ ਸਮਕਾਲੀ ਘਟਨਾਵਾਂ ਦੇ ਦਬਾਅ ਹੇਠ ਬਹੁਤ ਲਾਊਡ ਹੋ ਗਿਆ ਹੈ। ਜਿਸ ਪ੍ਰਕਾਰ ਦੀ ਸਮੱਗਰੀ ਨੂੰ ਉਸਨੇ ਇਕੱਠਾ ਕੀਤਾ ਹੈ, ਉਸਦੀ ਗੱਲ ਕਹਿਣ ਵਾਸਤੇ ਏਨੀ ਨਾਟਕੀ ਅਤੇ ਉਪਯੁਕਤ ਹੈ ਕਿ ਮੇਰਾ ਵਿਸ਼ਵਾਸ ਹੈ ਕਿ ਉਹ ਅਗਲੇ ਨਾਟਕਾਂ ਵਿੱਚ ਨਿਸਚੈ ਹੀ ਇਸ ਸਮੱਸਿਆ ਨੂੰ ਹੋਰ ਵੀ ਡੂੰਘਾਈ ਨਾਲ ਪਰਤ ਦਰ ਪਰਤ ਖੋਲ੍ਹੇਗਾ। ਜਿਸ ਤਰ੍ਹਾਂ ਦੀ ਵਿਚਾਰਧਾਰਕ ਪ੍ਰਤੀਬੱਧਤਾ ਉਸਦੀ ਸ਼ਖ਼ਸੀਅਤ ਦਾ ਹਿੱਸਾ ਬਣੀ ਹੋਈ ਹੈ ਅਤੇ ਜਿਸ ਤਰ੍ਹਾਂ ਦੀ ਮੰਚੀ ਸੂਝ ਦਾ ਉਹ ਸਵਾਮੀ ਹੈ ਉਸ ਪਾਸੋਂ ਹੋਰ ਵੀ ਜ਼ਿਆਦਾ ਠਹਿਰਾਉ ਵਾਲੇ, ਗਹਿਰੇ ਅਤੇ ਸਾਰਥਕ ਨਾਟਕਾਂ ਦੀ ਉਮੀਦ ਬਣੀ ਰਹੇਗੀ।

–ਆਤਮਜੀਤ

ਪਾਤਰਾਂ ਦੀ ਜਾਣ-ਪਛਾਣ:

ਸੂਤਰਧਾਰ
ਗਨੀ ਖ਼ਾਨ
ਨਬੀ ਖ਼ਾਨ
ਸਵਾਮੀ ਤੇ ਉਸਦੇ ਸਾਥੀ
ਇਸਲਾਮਿਕ ਭੇਸ ਵਾਲੇ ਦਹਿਸ਼ਤਗਰਦ
ਬਾਨੋ
ਮਰਦ
ਜੱਥੇਦਾਰ

## ਤੈਂ ਕੀ ਦਰਦ ਨਾ ਆਇਆ!

*(ਜੈ ਬੋਲ ਜੈ ਬੋਲ ਦੀਆਂ ਆਵਾਜ਼ਾਂ ਨਾਲ ਪਿੱਛੇ ਸਾਈਕ 'ਤੇ ਕੁਝ ਸ਼ਿਲਟਸ ਉਭਰਨੇ ਸ਼ੁਰੂ ਹੁੰਦੇ ਹਨ। ਦੋ ਬੰਦੇ ਹੱਥ ਫੜੀ ਆਉਂਦੇ ਹਨ, ਉਨ੍ਹਾਂ ਦੀਆਂ ਬਾਡੀ ਮੂਵਮੈਂਟਸ ਇਸ ਤਰ੍ਹਾਂ ਦੀਆਂ ਹਨ ਜਿਵੇਂ ਆਕਾਸ਼ ਮਾਰਗ ਤੋਂ ਉੱਤਰ ਰਹੇ ਹੋਣ। ਉਪਰੋਂ ਉਨ੍ਹਾਂ ਨੂੰ ਉੱਚੀਆਂ ਉੱਚੀਆਂ ਬਿਲਡਿਗਾਂ ਤੇ ਦੌੜਦੀਆਂ ਜਾਂਦੀਆਂ ਗੱਡੀਆਂ ਦੇ ਦ੍ਰਿਸ਼ ਵੀ ਦਿਖਦੇ ਹਨ। ਦੋਹੇਂ ਧਰਤੀ 'ਤੇ ਲੈਂਡ ਹੁੰਦੇ ਹਨ ਤੇ ਆਲੇ ਦੁਆਲੇ ਹਰ ਸ਼ੈਅ ਵੱਲ ਹੈਰਾਨੀ ਨਾਲ ਦੇਖਦੇ ਹਨ। ਜੈ ਬੋਲ ਜੈ ਬੋਲ ਕਰਦੀ ਭੀੜ ਉਨ੍ਹਾਂ ਦੇ ਮੋਹਰਿਓਂ ਦੀ ਲੰਘਦੀ ਹੈ। ਸਭ ਦੇ ਹੱਥਾਂ 'ਚ ਚਿਮਟੇ, ਖੜਤਾਲਾਂ ਵਰਗੇ ਸਾਜ ਹਨ, ਉਹ ਨੱਚਦੇ ਹੋਏ ਜਾ ਰਹੇ ਹਨ। ਦੋਹੇਂ ਜਾਂਦੀ ਹੋਈ ਭੀੜ ਨੂੰ ਗੋਹ ਨਾਲ ਦੇਖਦੇ ਹਨ ਪਰ ਉਸ ਵਿੱਚ ਸ਼ਾਮਿਲ ਨਹੀਂ ਹੁੰਦੇ। ਹਲਕੀ ਜਿਹੀ ਰੋਸ਼ਨੀ ਮੰਚ ਦੇ ਮੱਧ ਵਿੱਚ ਗੁੱਛਾਮੁੱਛਾ ਹੋਏ ਪਏ ਸੂਤਰਧਾਰ 'ਤੇ ਵੀ ਪੈਂਦੀ ਹੈ, ਜਿਹੜਾ ਆਪਣੇ ਕੰਨਾਂ 'ਚ ਉਂਗਲਾਂ ਘੁਸੇੜੀ ਪਿਆ ਹੈ ਤੇ ਹੋਰ ਕੱਠਾ ਹੋਈ ਜਾਂਦਾ ਹੈ। ਇੱਕ ਜੰਗੀ ਹਾਰਨ ਦੀ ਆਵਾਜ਼ ਨਾਲ ਸਾਈਕ ਉੱਤੇ ਦ੍ਰਿਸ਼ ਬਦਲ ਜਾਂਦਾ ਹੈ। ਜੈ ਬੋਲ ਦੀ ਰਿਦਮ ਬਦਲ ਕੇ ਜੰਗੀ ਨਾਹਰੇ 'ਚ ਤਬਦੀਲ ਹੋ ਜਾਂਦੀ ਹੈ, ਸਾਜ ਹਥਿਆਰਾਂ 'ਚ ਬਦਲ ਜਾਂਦੇ ਹਨ। ਉਹ ਦੋਹੇਂ ਸ਼ਖਸ ਡਰੇ ਹੋਏ ਉੱਥੋਂ ਦੌੜਦੇ ਹਨ. ਭੀੜ ਹੁਣ ਉਨ੍ਹਾਂ ਦੇ ਪਿੱਛੇ ਹੈ। ਦ੍ਰਿਸ਼ ਚੀਖ ਚਿਹਾੜੇ 'ਚ ਬਦਲ ਜਾਂਦਾ ਹੈ। ਸੂਤਰਧਾਰ ਉੱਤੇ ਰੋਸ਼ਨੀ ਵਧਦੀ ਜਾਂਦੀ ਹੈ, ਸਾਈਕ ਉਤਲੇ ਦ੍ਰਿਸ਼ ਮੱਧਮ ਪੈ ਜਾਂਦੇ ਹਨ।)*

ਸੂਤਰਧਾਰ : *(ਅਭੜਵਾਹਾ ਉਠਦਾ ਹੈ)* ਬਸ..., ਬਸ...! *(ਉਹ ਹਫ਼ਿਆ ਹੋਇਆ ਹੈ ਤੇ ਤਰੇਲੀ ਪੂੰਝਦਾ ਹੋਇਆ ਏਧਰ ਉਧਰ ਦੇਖਦਾ ਹੈ। ਦਰਸ਼ਕਾਂ ਦੀ ਮੌਜੂਦਗੀ ਬਾਰੇ ਚੇਤਨ ਹੁੰਦਾ ਹੋਇਆ।)* ਸਭ ਆ ਗਏ! *(ਮਜਬੂਰੀ 'ਚ ਖੜ੍ਹੇ ਹੋਣ ਦਾ ਮਨ ਬਣਾਂਦੇ ਹੋਏ)* ਮੈਨੂੰ ਤਾਂ ਕੁਝ ਸਮਝ ਨਹੀਂ ਆਉਂਦੀ! *(ਗੋਡੇ ਉੱਤੇ ਹੱਥ ਰਖ ਕੇ ਉਠਦਾ ਹੈ। ਦਰਸ਼ਕਾਂ ਵੱਲ ਦੇਖ ਕੇ)* ਮੈਂ ਇਸ ਨਾਟਕ ਦਾ ਸੂਤਰਧਾਰ ਹਾਂ..., ਤੇ ਇੱਕ ਵੀ ਸੂਤਰ ਇਸਦਾ ਮੇਰੇ ਹੱਥ 'ਚ ਨਹੀਂ! *(ਮਾਯੂਸੀ ਤੇ*

*ਖਿਸਿਆਨੀ ਜਿਹੀ ਹਾਸੀ ਹਸਦਾ ਹੈ)* ਕੌਣ ਕਿਧਰੋਂ ਆ ਰਿਹਾ..., ਕਿਧਰ ਜਾ ਰਿਹਾ,... ਕੁਝ ਪਤਾ ਨਹੀਂ ਚਲਦਾ, ਸਭ ਉਲਝਿਆ ਪਿਆ। ਜਿਵੇਂ ਕਿਸੇ ਨੇ ਕੜਾਹੇ 'ਚ ਪਾ ਕੇ ਸਭ ਉਬਾਲ ਛਡਿਆ ਹੋਏ... ਸਮਾਂ... ਜੁਗ... ਸਥਾਨ... ਸਭ ਪਿਘਲੇ ਪਏ। *(ਕਾਹਲੀ ਨਾਲ ਦਰਸ਼ਕਾਂ ਵੱਲ ਨੂੰ ਕਦਮ ਪੁੱਟਦਾ ਹੈ।)* ਪਤਾ ਐ.., ਮੈਂ ਕਿੱਥੇ ਆਂ, ...ਤੇ ਤੁਸੀਂ ਵੀ? (ਚੁੱਪੀ, ਹੌਂਕਾ)

ਸੋਚਿਆ ਸੀ ਗੁਜਰਾਤ ਬਾਰੇ ਨਾਟਕ ਕਰਾਂਗੇ। *(ਇੱਕ ਸਾਈਡ 'ਤੇ ਜਾ ਕੇ ਘੜੇ 'ਚੋਂ ਪਾਣੀ ਪਾ ਕੇ ਪੀਂਦੇ ਹੋਏ ਬੋਲਦਾ ਹੈ।)* ਸਿੱਧ-ਪਧਰੀ ਗੱਲ ਹੈ, ਸਭ ਲੀਡਰਾਂ ਦੇ ਕਾਰੇ ਨੇ, ਪੁਆੜੇ ਪਾਏ ਕੁਰਸੀ ਦੇ, ...ਸਭ ਇੱਕੋ ਨੇ...! *(ਗਿਲਾਸ ਰੱਖਦੇ ਹੋਏ)* ਤੇ ਭੁਗਤਨਾ ਪੈਂਦਾ ਸਾਨੂੰ, ਤੁਹਾਨੂੰ, ਜਨਤਾ ਨੂੰ। *(ਹੱਸਦਾ ਹੈ)* ਬਸ... ਹੋ ਗਿਆ ਨਾਟਕ, ਗੱਲ ਖਤਮ। ਪਰ ਉਸ ਸੁਫ਼ਨੇ ਨੇ ਸਭ ਬਦਲ ਕੇ ਰਖ ਦਿੱਤਾ..., ਹੁਣ ਲਗਦੈ ਕਿ ਇਹ ਨਾਟਕ ਗੁਜਰਾਤ ਬਾਰੇ ਨਹੀਂ, ...ਖ਼ੁਦ ਮੇਰੇ ਬਾਰੇ ਹੈ, *(ਡਰ ਜਾਂਦਾ ਹੈ)* ਮੇਰੇ ਆਪਣੇ ਆਪ ਉੱਤੇ। ਪਿੱਛੇ ਜਿੰਨੀ ਦੂਰ ਤੱਕ ਝਾਤ ਮਾਰਦਾਂ... ਤੇ ਅੱਗੇ ਜਿੱਥੋਂ ਤਾਈਂ ਨਜ਼ਰ ਆਉਂਦਾ... ਗੁਜਰਾਤ ਹੀ ਫੈਲਿਆ ਹੈ, ...ਉਹ ਵੀ ਸਿਰਫ਼ ਬਾਹਰ ਨਹੀਂ, ...ਧੁਰ ਅੰਦਰ ਤਾਈਂ... ਮੇਰੇ! ਖ਼ੁਦ ਮੇਰੇ ਈ ਅੰਦਰ ਇੱਕ ਦਰਾਰ ਏ..., ਡੂੰਘੀ! ਮੈਂ ਭੱਜਿਆ ਜਾ ਰਿਹਾਂ..., ਆਪਣੇ ਆਪ ਤੋਂ..., ਸਦੀਆਂ ਹੋਈਆਂ..., ਦੌੜਿਆ ਜਾ ਰਿਹਾਂ, *(ਹਫ਼ਦਾ ਹੈ)* ਕਿੱਥੋਂ ਤੁਰਿਆ ਸੀ... ਕਿੱਥੇ ਪਹੁੰਚਿਆਂ... *(ਆਲੇ ਦੁਆਲੇ ਨਜ਼ਰ ਮਾਰਦਾ ਹੋਇਆ ਪਛਾਣਨ ਦੀ ਕੋਸ਼ਿਸ਼ ਕਰਦਾ ਹੈ। ਪਿੱਛੋਂ ਘੜੀ 'ਤੇ ਤਿੰਨ ਵਜਣ ਦੀ ਆਵਾਜ਼ ਹੁੰਦੀ ਹੈ। ਉਹ ਲੰਮਾ ਹੌਂਕਾ ਭਰਦਾ ਹੈ।)*

ਤਿੰਨ ਵੱਜ ਗਏ! ਰਾਤ ਦੇ ਤਿੰਨ। ਤੁਸੀਂ ਸੋਚਦੇ ਹੋਵੇਗੇ... *(ਹਾਸੀ)* ਅਜੀਬ ਆਦਮੀ ਹੈ, ਸ਼ਕਲੋਂ ਚੋਰ ਨਹੀਂ ਲਗਦਾ, ਫ਼ਕੀਰ ਵੀ ਨਹੀਂ, ਫੇਰ ਸੁੱਤਾ ਕਿਉਂ ਨਹੀਂ ਹਾਲੇ ਤਕ। ਕੁਝ ਦਿਨ ਪਹਿਲਾਂ ਤਾਈਂ ਮੈਂ ਵੀ ਏਸ ਵੇਲੇ ਨੂੰ ਘਰਾੜੇ ਮਾਰਦਾ ਪਿਆ ਹੁੰਦਾ, ...ਸਾਰੇ ਸ਼ਰੀਫ਼ ਆਦਮੀਆਂ ਵਾਂਗ, ...ਨੀਂਦ ਤਾਂ ਮੈਨੂੰ ਆਉਂਦੀ ਓ ਬਹੁਤ ਸੀ; ਪਰ ਹੁਣ ਬਿਸਤਰੇ ਦਾ ਖਿਆਲ ਆਉਂਦੇ ਈ ਤਰੇਲੀ ਆ ਜਾਂਦੀ ਐ। ਘਰਵਾਲੀ ਦਾ ਕੋਈ ਰੌਲਾ ਨਹੀਂ, ਉਹ ਤਾਂ ਸਾਊ ਏ ਬੇਚਾਰੀ, ਪਰ ਬਿਸਤਰੇ ਤੋਂ ਪਹਿਲਾਂ ਹੀ ਸੁਫ਼ਨਾ ਮੂਹਰੇ ਆ ਖੜਦਾ...! ਨੀਂਦ ਦੇ ਨਾਂ ਤੋਂ ਕੰਬ ਜਾਂਦਾਂ! ਨੀਂਦ ਆਈ ਤਾਂ ਸੁਫ਼ਨਾ ਵੀ ਆਊ! *(ਬੇਚੈਨੀ)* ਹੁਣ ਨੀਂਦ ਦੀ ਵੀ ਲੋੜ ਨਹੀਂ, ਜਾਗਦਿਆਂ ਈ ਪਿੱਛਾ ਨਹੀਂ ਛੱਡਦਾ।

*(ਡਰਦਾ-ਡਰਦਾ ਏਧਰ ਉਧਰ ਦੇਖਦਾ ਹੈ ਤੇ ਫ਼ੇਰ ਮੁੜ ਦਰਸ਼ਕਾਂ ਵਲ)* ਦੋ ਜਣੇ ਸਨ, ਅਜੀਬ ਚੇਹਰੇ! *(ਗਨੀ ਖਾਂ ਤੇ ਨਬੀ ਖਾਂ ਦੱਬੇ ਪੈਰੀਂ ਆਉਂਦੇ*

*ਹਨ। ਉਪਰੋਂ ਉਨ੍ਹਾਂ ਦੇ ਬਦਨ ਨੰਗੇ ਹਨ।)* ਕਦੇ ਲਗਦਾ ਕਦੇ ਦੇਖੇ ਹੀ ਨਹੀ ਤੇ ਫੇਰ ਇਉਂ ਲਗਦਾ ਜਿਵੇਂ ਬਹੁਤ ਨੇੜਲੀ ਜਾਣ-ਪਛਾਣ ਐ, ਜਿਵੇਂ... ਜਿਵੇਂ ਮੈਂ ਹੀ ਆਂ, ਖ਼ੁਦ! ਪਰ ਫੇਰ ਇੰਨਾ ਅਜਨਬੀ ਕਿਉਂ...? ਇਸਤੋਂ ਪਹਿਲੋਂ ਕੀ ਮੈਂ ਕੁਝ ਪੁਛਦਾ...

ਗਨੀ-ਨਬੀ : ਸੂਤਰਧਾਰ ਸਾਹਬ!

ਸੂਤਰਧਾਰ : *(ਤ੍ਰਭਕਦਾ ਹੈ)* ਹੰਅ! ਹਾਂ!

ਗਨੀ ਖਾਂ : ਹੁਣ ਤੁਸੀਂ ਪੁਛੋਗੇ ਕਿ ਅਸੀਂ ਕੌਣ ਹਾਂ-

ਨਬੀ ਖਾਂ : ਅਸੀਂ ਕਹਾਂਗੇ ਪਤਾ ਨਹੀਂ-

ਗਨੀ ਖਾਂ : ਤੇ ਤੁਸੀਂ ਹੱਸੋਗੇ... *(ਹਸਦੇ ਹਨ)*

ਨਬੀ ਖਾਂ : ਵਈ ਇਨ੍ਹਾਂ ਨੂੰ ਇੰਨਾ ਵੀ ਨਹੀਂ ਪਤਾ ਕਿ ਇਹ ਕੌਣ ਨੇ-

ਗਨੀ ਖਾਂ : ਤੇ ਫੇਰ ਅਸੀਂ ਹੱਸਾਂਗੇ... *(ਹਸਦੇ ਹਨ। ਸੂਤਰਧਾਰ ਨੂੰ ਦੋਹੇਂ ਪਾਸਿਆਂ ਤੋਂ ਘੇਰ ਕੇ ਬੋਲਦੇ ਹਨ।)*

ਨਬੀਂ ਖਾਂ : ਬਿਨਾ ਨਾਂ ਤੋਂ ਕੀ ਪਤਾ ਲਗਦੈ ਕਿ-

ਗਨੀ ਖਾਂ : ਕੌਣ..., ਕੌਣ ਏ!

ਨਬੀ ਖਾਂ : ਤੇ ਨਾਂ ਨੇ ਸਾਰੇ ਝੂਠੇ!

ਗਨੀ ਖਾਂ : ਅਸੀਂ ਆਏ ਹਾਂ ਸੱਚਾ ਨਾਉਂ ਲੱਭਣ-

ਨਬੀ ਖਾਂ : ਹੈ? *(ਚੁੱਪੀ)*

ਗਨੀ ਖਾਂ : ਹੈ ਤੇਰੇ ਕੋਲ?

ਗਨੀ-ਨਬੀ : ਦੇ.., ਲਿਆ...। ਫੜਾ ਗੁਰ ਮੰਤਰ! *(ਦੋਹੇਂ ਸੂਤਰਧਾਰ ਨੂੰ ਸਤਾਉਂਦੇ ਹਨ। ਉਹ ਉਨ੍ਹਾਂ ਤੋਂ ਬਚਦਾ ਬਚਾਉਂਦਾ ਹੋਇਆ ਮੰਚ ਤੋਂ ਬਾਹਰ ਨਿਕਲ ਜਾਂਦਾ ਹੈ।)*

ਨਬੀ ਖਾਂ : ਕਿਧਰ ਗਿਆ! ਤੂੰ ਏਧਰ ਦੇਖ ਮੈਂ ਏਧਰ ਦੇਖਦਾਂ! *(ਦੋਹੇਂ ਉਲਟ ਦਿਸ਼ਾਵਾਂ ਵੱਲ ਜਾਂਦੇ ਹਨ।)*

*(ਰੋਸ਼ਨੀ ਮੱਧਮ ਪੈਂਦੀ ਹੈ। ਭੀੜ ਜੈ ਬੋਲ ਜੈ ਬੋਲ ਦੀਆਂ ਆਵਾਜ਼ਾਂ*

*ਕਰਦੀ ਹੋਈ ਆਉਂਦੀ ਹੈ। ਮੰਚ 'ਤੇ ਆ ਕੇ ਸਭ ਆਪੋ ਆਪਣੇ ਕਰਤਬ ਦਿਖਾਂਦੇ ਹਨ, ਕੋਈ ਲਾਠੀ ਚਲਾ ਰਿਹਾ ਹੈ ਤੇ ਕੋਈ ਗਤਕਾ ਖੇਡ ਰਿਹਾ ਹੈ। ਸੂਤਰਧਾਰ ਸਾਹੋ ਸਾਹੀ ਹੋਇਆ ਆਉਂਦਾ ਹੈ ਤੇ ਉਨ੍ਹਾਂ ਨੂੰ ਦੇਖ ਕੇ ਠਿਠਕ ਜਾਂਦਾ ਹੈ ਤੇ ਸਮਝਣ ਦੀ ਕੋਸ਼ਿਸ਼ ਕਰਦਾ ਹੈ।)*

ਭੀੜ : ਸਿਆ ਵਰ ਰਾਮ ਚੰਦਰ ਕੀ ਜੈ! ਪਵਨਸੁਤ ਹਨੂਮਾਨ ਕੀ ਜੈ! ਜੈ ਜੈ ਜੈ ਬਜਰੰਗ ਬਲੀ! ਹਰ ਹਰ ਮਹਾਦੇਵ!

*(ਸਾਰੇ ਆਪੋ ਆਪਣੇ ਜੰਗੀ ਕਰਤਬ ਦਿਖਾਉਂਦੇ ਹਨ।)*

ਸੂਤਰਧਾਰ : ਜਨਾਬ ਇਹ ਸਭ ਕੀ ਹੋ ਰਿਹਾ। ਕਿਸ ਚੀਜ਼ ਦਾ ਜਲੂਸ ਹੈ ਇਹ?

ਸਵਾਮੀ : *(ਸਿਰ ਤੋਂ ਪੈਰਾਂ ਤਾਈਂ ਗੌਰ ਨਾਲ ਦੇਖਦਾ ਹੋਇਆ)* ਜਲੂਸ ਨਹੀਂ..., ਸ਼ੋਭਾ ਯਾਤਰਾ ਏ..., ਦਸ਼ਹਰੇ ਦੀ।

ਸੂਤਰਧਾਰ : *(ਸੋਚਦੇ ਹੋਏ)* ਪਰ ਦਸ਼ਹਰਾ ਤਾਂ....

ਸਵਾਮੀ : ਰਹਿੰਦੇ ਕਿੱਥੇ ਓ ਮਹਾਰਾਜ! ਕਿਸ ਦੁਨੀਆ 'ਚ...! ਵਿਜੈ ਦਸ਼ਮੀ ਐ! ਭਗਵਾਨ ਰਾਮ ਲੰਕਾਪਤੀ ਰਾਵਣ ਨੂੰ ਸੰਘਾਰ... ਮੁੜ ਅਯੁੱਧਿਆ ਪਰਤ ਰਹੇ ਨੇ! ਹਜ਼ਾਰ ਸਾਲ ਬਾਦ..., ਹਜ਼ਾਰ ਸਾਲ ਬਾਦ ਮੁੜ ਸਥਾਪਨਾ ਹੋਵੇਗੀ ਧਰਮ ਦੀ... ਤੇ ਮਲੇਛਾਂ ਦਾ... ਨਾਸ!

*(ਜੈ ਬੋਲ ਜੈ ਬੋਲ ਦੇ ਨਾਹਰੇ ਲਾਉਂਦੇ ਹੋਏ ਸਾਰੇ ਸੂਤਰਧਾਰ ਨੂੰ ਘੇਰ ਲੈਂਦੇ ਹਨ ਤੇ ਤਾਂਡਵਨੁਮਾ ਨਿਰਤ ਕਰਦੇ ਹਨ। ਉਹ ਘਬਰਾਇਆ ਹੋਇਆ ਦੇਖਦਾ ਰਹਿੰਦਾ ਹੈ। ਭੀੜ ਅੱਗੇ ਨਿਕਲ ਜਾਂਦੀ ਹੈ। ਅਵਾਜ਼ਾਂ ਮਧਮ ਪੈ ਜਾਂਦੀਆਂ ਹਨ। ਖਾਮੋਸ਼ੀ ਤੋਂ ਬਾਦ ਦੂਰ ਕਿਤੋਂ ਖਲਾ ਚੋਂ ਆਵਾਜ਼ ਆਉਂਦੀ ਪਰਤੀਤ ਹੁੰਦੀ ਹੈ!)*

ਆਵਾਜ਼ : ਜਿਨ੍ਹ ਕੇ ਕਪਟ ਦੰਭ ਨਹੀਂ ਮਾਇਆ,
ਤਿਨ੍ਹ ਕੇ ਹਿਰਦੈ ਬਸਹੁ ਰਘੁਰਾਇਆ।
ਜਾਤਿ ਪਾਤਿ ਧਨੁ ਧਰਮ ਬੜਾਈ।
ਸਬ ਤਜਿ ਤੁਮਹਹਿ ਰਹਈ ਉਰ ਲਾਈ

.........................................

ਸੂਤਰਧਾਰ : *(ਆਵਾਜ਼ ਦਾ ਸਰੋਤ ਲੱਭਣ ਦੀ ਕੋਸ਼ਿਸ਼ ਕਰਦਾ ਹੈ।)* ਇਹ ਆਵਾਜ਼

ਕਿਧਰੋਂ ਆ ਰਹੀ ਐ!

*(ਇੱਕ ਦਿਸ਼ਾ ਵੱਲ ਜਾ ਕੇ ਦੂਰ ਦੇਖਣ ਦੀ ਕੋਸ਼ਿਸ਼ ਕਰਦਾ ਹੈ।)*

ਆਵਾਜ਼ : ਤੇਹਿ ਕੇ ਹਿਰਦੈ ਰਹਹੁ ਰਘੁਰਾਈ।.

ਸੂਤਰਧਾਰ : *(ਮੁੜ ਘਬਰਾ ਕੇ ਦਰਸ਼ਕਾਂ ਵੱਲ ਨੂੰ ਆਉਂਦਾ ਹੈ।)* ਇਹ ਤਾਂ ਉਹੀ ਨੇ... ਦੋਹੇਂ! *(ਘਬਰਾਹਟ 'ਚ ਇੱਕ ਪਾਸੇ ਜਾ ਕੇ ਲੁਕ ਜਾਂਦਾ ਹੈ। ਗਨੀ ਖਾਂ ਤੇ ਨਬੀ ਖਾਂ ਆਉਂਦੇ ਹਨ। ਦੋਹਾਂ ਦੇ ਹੱਥ 'ਚ ਇੱਕ ਇੱਕ ਚੋਗਾ ਹੈ।)*

ਗਨੀ ਖਾਂ : ਦੇਖ ਦੇਖ ਮੈਨੂੰ ਇਹ ਜਾਮਾ ਲੱਭਿਆ–

ਨਬੀ ਖਾਂ : ਮੈਨੂੰ ਵੀ–

ਗਨੀ ਖਾਂ : *(ਆਪਣੇ 'ਚ ਹੀ)* ਦੇਖਣ 'ਚ ਤਾਂ ਨਵਾਂ ਲਗਦਾ–

ਨਬੀ ਖਾਂ : ਹੂੰ! ਹੈ ਤੇ ਪੁਰਾਣਾ ਈ।

ਗਨੀ ਖਾਂ : ਛੱਡ ਨਵਾਂ ਪੁਰਾਣਾ। ਪਰ ਇਹ ਹੈ ਕੌਣ? ਹੈ ਕਿਹਦਾ ਇਹ?

ਨਬੀ ਖਾਂ : *(ਦੇਖਦਾ ਹੋਇਆ)* ਕੋਈ... ਨਬੀ ਖ਼ਾਨ ਐ।

ਗਨੀ ਖਾਂ : ਹਾਂ, ਇਹ ਲਿਖਿਆ! ਗਨੀ ਖ਼ਾਨ। ਚਲ ਪਾ ਕੇ ਦੇਖਦੇ ਹਾਂ।

*(ਦੋਹੇਂ ਚੋਗੇ ਪਾਉਂਦੇ ਹਨ। ਇੱਕ ਦੂਜੇ ਵੱਲ ਦੇਖਦੇ ਹਨ)*

ਨਬੀ ਖਾਂ : *(ਗਨੀ ਵੱਲ ਇਸ਼ਾਰਾ ਕਰਕੇ)* ਗਨੀ ਖ਼ਾਨ।

ਗਨੀ ਖਾਂ : ਨਬੀ ਖ਼ਾਨ।

ਗਨੀ–ਨਬੀ : ਚੱਲ ਉਹਨੂੰ ਵੀ ਦੱਸਦੇ ਆਂ! ਉਹ ਕਿੱਥੇ ਐ! ਕਿੱਥੇ ਲੁਕਿਆ! ਉਹ ਰਿਹਾ! *(ਸੂਤਰਧਾਰ ਭੱਜਣ ਦੀ ਕੋਸ਼ਿਸ਼ ਕਰਦਾ ਹੈ। ਉਹ ਉਸਨੂੰ ਘੇਰ ਲੈਂਦੇ ਹਨ!)*

ਸੂਤਰਧਾਰ : ਕ... ਕ... ਕੌਣ ਹੋ ਤੁਸੀਂ?

ਨਬੀ ਖਾਂ : ਪਾਤਰ–

ਗਨੀ ਖਾਂ : ਤੇਰੇ ਨਾਟਕ ਦੇ!

ਸੂਤਰਧਾਰ : *(ਖਿਝ ਕੇ)* ਦਿਮਾਗ਼ ਖਰਾਬ ਐ ਤੁਹਾਡਾ! ਮੇਰਾ ਨਾਟਕ ਅੱਜ ਦਾ ਐ..., ਵਰਤਮਾਨ...

*(ਦੋਹੇਂ ਹਸਦੇ ਹਨ।)*

ਨਬੀ ਖਾਂ : *(ਕਾਹਲੀ-ਕਾਹਲੀ ਬੋਲਦੇ ਹਨ।)* ਤੂੰ ਏ ਸਬ ਛੱਡ! ਵਰਤਮਾਨ-ਅਤੀਤ-ਭਵਿੱਖ! ਭਟਕਨ ਹੈ ਸਭ।

ਗਨੀ ਖਾਂ : ਕੋਈ ਤਰਤੀਬ ਨਹੀਂ ਇਨ੍ਹਾਂ ਦੀ! ਸਿਰਫ਼ ਭਟਕਨ!

ਨਬੀ ਖਾਂ : ਤੇ ਇਸ ਭਟਕਨ ਦਾ ਅੰਤ ਕੋਈ ਨਹੀਂ!

*(ਸੂਤਰਧਾਰ ਨੂੰ ਭੌਚੱਕਾ ਛੱਡ ਦੋਹੇਂ ਨਿਕਲ ਜਾਂਦੇ ਹਨ। ਸੂਤਰਧਾਰ ਸਿਰ ਖੁਰਕਦਾ ਹੋਇਆ ਸਮਝਣ ਦੀ ਕੋਸ਼ਿਸ਼ ਕਰਦਾ ਹੈ।*

*ਦੋ ਹੋਰ ਪਾਤਰ ਆ ਕੇ ਉਸਨੂੰ ਘੇਰ ਲੈਂਦੇ ਹਨ।)*

੧ : ਉਸਤਾਦ ਜੀ ਇਹ ਸਭ ਕੀ ਹੋ ਰਿਹਾ!

ਸੂਤਰਧਾਰ : *(ਬੇਬਸੀ 'ਚ)* ਕੀ ਹੋ ਰਿਹਾ...?

੨ : ਇਹ ਗਨੀ ਖਾਂ..., ਨਬੀ ਖਾਂ ਕੌਣ ਨੇ!

ਸੂਤਰਧਾਰ : ਲਗਦੇ ਤਾਂ ਉਹੀ ਨੇ!... ਜਿਨ੍ਹਾਂ ਨੇ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਮੁਗ਼ਲਾਂ ਦੇ ਘੇਰੇ 'ਚੋਂ ਕੱਢਿਆ ਸੀ, ...ਉੱਚ ਦਾ ਪੀਰ ਬਣਾ ਕੇ! ਆਪਣੇ ਨਾਟਕ 'ਚ ਜ਼ਿਕਰ ਸੀ ਉਨ੍ਹਾਂ ਦਾ।

੧ : ਪਰ ਉਹ ਤਾਂ ਵਿੱਚ ਆ ਗਏ ਨੇ ਨਾਟਕ ਦੇ।

੨ : ਤੇ ਇਹ ਔਰੰਗਜ਼ੇਬ ਕਿੱਥੋਂ ਆ ਗਿਆ?

ਸੂਤਰਧਾਰ : *(ਪਿੱਛਾ ਛੁਡਾਣ ਮਾਰੇ ਟਾਲਦਾ ਹੈ।)* ਉਹ ਵੀ ਗੁਜਰਾਤ ਦਾ ਈ ਤਾਂ ਸੀ।

੧ : ਪਰ ਇੱਥੇ ਕਿੱਥੋਂ ਆ ਗਿਆ?

ਸੂਤਰਧਾਰ : *(ਖਿਝ ਕੇ)* ਮੈਨੂੰ ਕੀ ਪਤਾ..., ਮੈਂ ਲਿਆਇਆਂ?

੨ : ਤੁਸੀਂ ਸੂਤਰਧਾਰ ਹੋ!

ਸੂਤਰਧਾਰ : ਮੈਂ... ਸੂਤਰਧਾਰ!

*(ਸੂਤਰਧਾਰ ਦੇ ਬੋਲਣ ਤੋਂ ਪਹਿਲਾਂ ਹੀ ਭੀੜ ਜੈ ਬੋਲ ਦੇ ਨਾਹਰੇ*

*ਲਾਉਂਦੀ ਮੰਚ 'ਤੇ ਆ ਜਾਂਦੀ ਹੈ ਤੇ ਉਨ੍ਹਾਂ ਨੂੰ ਘੇਰ ਲੈਂਦੀ ਹੈ।)*

ਸਵਾਮੀ : *(ਹਮਲਾਵਰ ਅੰਦਾਜ਼ 'ਚ)* ਬੱਚਾ ਬੱਚਾ ਰਾਮ ਕਾ।

ਭੀੜ : ਜਨਮਭੂਮੀ ਕੇ ਕਾਮ ਕਾ।

੧ : *(ਸੂਤਰਧਾਰ ਵੱਲ ਨੂੰ)* ਇਹ ਸਭ ਹੋ ਕੀ ਰਿਹਾ!

ਸਵਾਮੀ : ਸ਼ੀ...! ਚੁੱਪ! ਤਮਾਸ਼ਾ ਸ਼ੁਰੂ ਹੋ ਚੁੱਕੈ!

ਭੀੜ : *(ਤਿੰਨਾ ਨੂੰ ਭਜਾਉਂਦੀ ਹੈ)* ਕਸਮ ਰਾਮ ਕੀ ਖਾਤੇ ਹੈਂ; ਮੰਦਰ ਯਹੀਂ ਬਣਾਏਂਗੇ।

*(ਸੂਤਰਧਾਰ ਤੇ ਪਾਤਰ ਸਭ ਦੌੜ ਜਾਂਦੇ ਹਨ। ਭੀੜ ਉਨ੍ਹਾਂ ਦੇ ਪਿੱਛੇ ਹੈ। ਸਵਾਮੀ ਇਕੱਲਾ ਮੰਚ 'ਤੇ ਰਹਿ ਜਾਂਦਾ ਹੈ।)*

*(ਫ਼ੇਡ ਆਊਟ ਹੁੰਦਾ ਹੈ! ਇਸ ਦੌਰਾਨ ਨਿਰਦੇਸ਼ਕ ਚਾਹੇ ਤਾਂ ਅਡਵਾਨੀ ਦੀ ਰਥ ਯਾਤਰਾ ਤੇ ਸ਼ਿਲਾ ਪੂਜਨ ਦੇ ਕੁਝ ਦ੍ਰਿਸ਼ ਸਾਈਕ ਉੱਤੇ ਦਿਖਾ ਸਕਦਾ ਹੈ। ਗਨੀ ਖਾਂ ਅਤੇ ਨਬੀ ਖਾਂ ਨਵੇਂ ਦੌਰ ਦੀ ਤਰੱਕੀ ਨੂੰ ਦੇਖਦੇ ਹੋਏ ਖ਼ੁਸ਼ ਤੇ ਹੈਰਾਨ ਹੁੰਦੇ ਹਨ। ਇਸ ਬਾਬਤ ਵੀ ਕੁਝ ਦ੍ਰਿਸ਼ ਸਾਈਕ 'ਤੇ ਦਿਖਾਏ ਜਾ ਸਕਦੇ ਹਨ। ਮੁੜ ਰੋਸ਼ਨੀ ਹੁੰਦੀ ਹੈ ਤਾਂ ਗਨੀ ਖਾਂ ਤੇ ਨਬੀ ਖਾਂ ਵੱਖ ਵੱਖ ਦਾਇਰਿਆਂ 'ਚ ਘੁੰਮਦੇ ਹਨ। ਦੋਹੇਂ ਹੈਰਾਨੀ ਭਰੀ ਖ਼ੁਸ਼ੀ ਨਾਲ ਚਾਰੇ ਪਾਸੇ ਦੇਖ ਰਹੇ ਹਨ।)*

ਗਨੀ ਖਾਂ : ਦੇਖਿਆ ਨਬੀ..., ਦੁਨੀਆ ਕਿੱਥੋਂ ਦੀ ਕਿੱਥੇ ਪਹੁੰਚ ਗਈ। ਅਸੀਂ ਤਾਂ ਐਵੇਂ ਜੂਨ ਕੱਟ ਕੇ ਤੁਰ ਗਏ। ਉਹ ਵੇਖ ਆਸਮਾਨ ਦੀ ਹਿੱਕ 'ਚ ਖੁਭੀਆਂ ਇਮਾਰਤਾਂ! ਬੰਦੇ ਰਹਿੰਦੇ ਇਨ੍ਹਾਂ ਚ, ਤੇਰੇ ਮੇਰੇ ਵਰਗੇ ਬੰਦੇ। ...ਤੇ ਗੱਡੀਆਂ ਮੋਹਰੇ ਨਾ ਘੋੜੇ ਨਾ ਬੈਲ..., ...ਤੇ ਰਫ਼ਤਾਰ ਦੇਖੀ! ਯਾ ਖ਼ੁਦਾ! ਬੰਦਾ ਕਿੱਥੇ ਪਹੁੰਚ ਗਿਆ। *(ਨਬੀ ਵੱਲ ਦੇਖਦਾ ਹੈ ਜਿਹੜਾ ਗੁਆਚਿਆ ਚਾਰ-ਚੁਫ਼ੇਰੇ ਦੇਖ ਰਿਹਾ ਹੈ।)* ਕੀ ਦੇਖ ਰਿਹਾਂ?

ਨਬੀ ਖਾਂ : ਸੂਰਜ ਡੁੱਬਿਆਂ ਤਾਂ ਕਿੰਨਾ ਈ ਚਿਰ ਹੋ ਗਿਆ..., ਨ੍ਹੇਰਾ ਕਿਉਂ ਨੀ ਹੋ ਰਿਹਾ? ਉਨ੍ਹਾਂ ਚਾਨਣ ਨੂੰ ਬੰਨ ਲਿਆ ਏ ਗਨੀ! ਬੰਨ ਲਿਆ ਏ ਚਾਨਣ ਨੂੰ! ਵੇਖ ਹਰ ਘਰ ਰੋਸ਼ਨ ਏ! ਅਸੀਂ ਸਹੀ ਥਾਂ ਆਏ ਆਂ! ਸਹੀ ਜੁਗ 'ਚ!

*(ਸੂਤਰਧਾਰ ਲੁਕਿਆ ਹੋਇਆ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਹੈ। ਉਸਦੇ ਚੇਹਰੇ ਦੇ ਪ੍ਰਭਾਵਾਂ ਤੋਂ ਲਗਦਾ ਹੈ ਕਿ ਉਹ ਉਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੈ। ਅਚਾਨਕ ਮੰਚ ਤੋਂ ਰੋਸ਼ਨੀ ਗ਼ਾਇਬ ਹੋ ਜਾਂਦੀ ਹੈ. ਪਿੱਛੋਂ ਰੇਲ ਦੇ ਹਾਰਨ ਦੀ ਤਿੱਖੀ ਆਵਾਜ਼ ਆਉਂਦੀ ਹੈ। ਇੱਥੇ ਸਾਈਕ 'ਤੇ ਰੇਲ ਦੇ ਸੜਦੇ ਹੋਏ ਡਿੱਬਿਆਂ ਦੇ ਦ੍ਰਿਸ਼ ਦਿਖਾਏ ਜਾ ਸਕਦੇ ਹਨ। ਚੀਖ ਚਿਹਾੜਾ ਮੱਚ ਜਾਂਦਾ ਹੈ।)*

੧ : *(ਘਾਬਰਿਆ ਹੋਇਆ)* :- ਉਸਤਾਦ ਜੀ..., ਉਸਤਾਦ ਜੀ...

ਸੂਤਰਧਾਰ : ਕੀ ਹੋਇਆ...!

੧ : ਗੱਡੀ ਲੂਹ 'ਤੀ। ਨਿਕਲੋ ਇੱਥੋਂ ਬੱਚ ਕੇ!

ਸੂਤਰਧਾਰ : ਪਰ ਨਾਟਕ...

੧ : ਗੋਲੀ ਮਾਰੋ ਨਾਟਕ ਨੂੰ..., ਭੱਜੋ!

*(ਦੋਹੇਂ ਦੌੜਣ ਦੀ ਕੋਸ਼ਿਸ਼ ਕਰਦੇ ਹਨ। ਹਜ਼ੂਮ ਚਾਰੇ ਪਾਸਿਓਂ ਘੇਰਦਾ ਹੈ। ਨਾਹਰੇ ਗੂੰਜਦੇ ਹਨ। ਸੁਆਮੀ ਸਭ ਦੀ ਅਗਵਾਈ ਕਰ ਰਿਹਾ ਹੈ। ਭੀੜ ਵਿੱਚ ਸਭ ਦੇ ਹੱਥਾਂ 'ਚ ਤਲਵਾਰਾਂ, ਨੇਜੇ ਤੇ ਖੰਜਰ ਹਨ, ਉਨ੍ਹਾਂ ਦੇ ਮੱਥਿਆਂ 'ਤੇ ਸੁਰਖ ਟਿੱਕੇ ਲੱਗੇ ਨੇ ਤੇ ਲੱਕ ਦੁਆਲੇ ਕੇਸਰੀ ਪੱਟੀਆਂ ਬੱਝੀਆਂ ਹਨ। ਨੇਜਿਆਂ 'ਤੇ ਵੱਖੋ-ਵੱਖ ਰੰਗ ਦੀਆਂ ਮੁਸਲਮਾਨੀ ਟੋਪੀਆਂ ਟੰਗੀਆਂ ਹੋਈਆਂ ਹਨ। ਕੁਝ ਲੋਕ ਉਹੋ ਜਿਹੀਆਂ ਟੋਪੀਆਂ ਪਾਈ ਜਾਨ ਬਚਾਉਣ ਲਈ ਭੱਜੇ ਫਿਰਦੇ ਹਨ। ਗਨੀ ਖਾਂ ਤੇ ਨਬੀ ਖਾਂ ਭੌਚੱਕੇ ਜਿਹੇ ਖੜ੍ਹੇ ਰਹਿ ਜਾਂਦੇ ਹਨ। ਉਨ੍ਹਾਂ ਨੂੰ ਕੁਝ ਸਮਝ ਨਹੀਂ ਲਈ ਆਉਂਦੀ। ਦੌੜਦਾ ਆ ਰਿਹਾ ਸਵਾਮੀ ਉਨ੍ਹਾਂ ਦਾ ਪਹਿਰਾਵਾ ਦੇਖ ਕੇ ਉਨ੍ਹਾਂ ਵੱਲ ਚੀਖ ਕੇ ਇਸ਼ਾਰਾ ਕਰਦਾ ਹੈ। ਭੀੜ ਉਨ੍ਹਾਂ ਵੱਲ ਨੂੰ ਮੁੜਦੀ ਹੈ। ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਲੋਕ ਉਨ੍ਹਾਂ ਨੂੰ ਦੇਖ ਕੇ ਚੀਖ ਕਿਉਂ ਰਹੇ ਹਨ। ਫੇਰ ਜਾਨ ਬਚਾਉਣ ਲਈ ਉਹ ਦੌੜਦੇ ਹਨ ਤੇ ਇੱਕ ਦੂਜੇ ਤੋਂ ਵਿਛੜ ਜਾਂਦੇ ਹਨ।)*

ਸਵਾਮੀ : *(ਦੌੜਿਆ ਜਾਂਦਾ ਫ਼ੋਨ ਦੀ ਘੰਟੀ ਸੁਣ ਕੇ ਰੁਕ ਜਾਂਦਾ ਹੈ।)* ਹੁਣ ਕੇਹਦਾ ਆ ਗਿਆ। ਹੈਲੋ ਜੀ ਹੈਲੋ! ਹਾਂ ਜੀ ਹਾਂ ਜੀ ਜੈ ਸ਼੍ਰੀ ਰਾਮ! *(ਸਾਹ ਚੜਿਆ)*

ਪੁਲੀਸ ਕੰਟਰੋਲ ਰੂਮ! ਹਾਂ ਜੀ ਹਾਂ ਜੀ ਓ ਕੇ ਐ ਜੀ ਸਭ। ਬੱਲੇ ਬੱਲੇ। ਮੈਂ ਕਿਹਾ ਪੂਛਾਂ ਚਕਾ ਤੀਆਂ ਮੁਸਲਿਆਂ ਦੀਆਂ। ਨਾ ਕੋਈ ਰੋਕ ਟੋਕ ਨੀ ਜੀ। ਮੈਂ ਕਿਹਾ ਮਸਲਾ ਕੋਈ ਨਹੀਂ। ਓ. ਕੇ ਰਿਪੋਰਟ ਐ ਸਭ। ਹੱਛਾ...। *(ਹੁਣ ਤੱਕ ਸਾਹ ਠੀਕ ਹੋ ਜਾਂਦਾ ਹੈ।)* ਮੰਤਰੀ ਸਾਹਿਬ ਵੀ ਲਾਈ ਬੈਠੇ ਡੇਰਾ। ਹਾਂ ਜੀ ਹਾਂ ਕਰਾਓ। *(ਪਿਛੋਂ ਆਵਾਜ਼ਾਂ ਗੂੰਜਦੀਆਂ ਹਨ : ਹਿੰਦੂ ਹਿਤ ਕੀ ਬਾਤ ਕਰੇਗਾ, ਵੋ ਭਾਰਤ ਪੇ ਰਾਜ ਕਰੇਗਾ।)* ਹਾਂ ਜੀ, ਇਹ ਕੰਨੀ ਸੁਣ ਲਓ ਆਪਣੇ! *(ਮੋਬਾਈਲ ਹਵਾ 'ਚ ਕਰਦਾ ਹੈ : ਉਹੀ ਆਵਾਜ਼ਾਂ ਮੁੜ ਗੂੰਜਦੀਆਂ ਹਨ। ਹੱਸਦਾ ਹੈ।)* ਹਵਾ ਅੱਗ ਬਣ ਗਈ ਏ ਸਰ ਜੀ, ਬੱਚ ਕੇ ਕਿੱਥੇ ਜਾਣਗੇ। ਹਜ਼ਾਰ ਸਾਲ ਬਾਦ ਮੌਕਾ ਹੱਥ ਆਇਆ। ਇੱਕ ਵੀ ਮੁਸੱਲਾ ਤੁਰਕ ਛੱਡਣਾ ਕੋਈ ਨਹੀਂ, ਤੁਸੀਂ ਫ਼ਿਕਰ ਨਹੀਂ ਕਰਨੀ। ਥੈਂਕਯੂ ਵੈਰੀ ਮੱਚ ਜੀ। ਗੈਸ ਸਿਲੈਂਡਰ ਬਹੁਤ ਨੇ ਜੀ ਤੁਸੀਂ ਬਸ ਵੈਲਡਿੰਗ ਗੈਸ ਭੇਜੋ ਛੇਤੀ। ਸ਼ਟਰ ਤੋੜਨ 'ਚ ਡਾਢੀ ਮੁਸ਼ਕਿਲ ਆਉਂਦੀ ਮੁੰਡਿਆਂ ਨੂੰ। *(ਪਿੱਛੋਂ ਨਾਹਰੇ ਤੇਜ਼ ਹੁੰਦੇ ਹਨ।)* ਲਗਦਾ ਏ ਸ਼ਿਕਾਰ ਆਇਆ!

*(ਭੀੜ ਨਾਹਰੇ ਲਾਉਂਦੀ ਆਂਦੀ ਹੈ। ਇੱਕ ਮੁਸਲਮਾਨ ਨੌਜਵਾਨ ਉਨ੍ਹਾਂ ਦਰਮਿਆਨ ਘਿਰਿਆ ਹੈ। ਇੱਕ ਪੁਲੀਸ ਵਾਲੇ ਨੂੰ ਦੇਖ ਕੇ ਉਹ ਉਸਦੇ ਪਿੱਛੇ ਜਾ ਲੁਕਦਾ ਹੈ। ਪੁਲੀਸ ਵਾਲੇ ਦੇ ਹੱਥ 'ਚ ਸਿਰਫ਼ ਡੰਡਾ ਹੈ ਤੇ ਸਿਰ 'ਤੇ ਪੁਲੀਸ ਦੀ ਟੋਪੀ ਹੈ। ਉਹ ਦਹਾੜ ਕੇ ਭੀੜ ਨੂੰ ਰੋਕ ਦਿੰਦਾ ਹੈ। ਭੀੜ ਹਿੰਸਕ ਪਸ਼ੂਆਂ ਵਾਂਗ ਘੇਰਾ ਤੰਗ ਕਰਦੀ ਅੱਗੇ ਵਧਦੀ ਹੈ। ਸਵਾਮੀ ਦੂਰੋਂ ਦੇਖਦਾ ਹੈ। ਉਸਦੀਆਂ ਅੱਖਾਂ 'ਚ ਸ਼ੈਤਾਨੀ ਚਮਕ ਹੈ।)*

ਪੁਲੀਸ ਵਾਲਾ : ਮੈਂ ਕਹਿਨਾਂ ਰੁਕ ਜਾਓ! ਰੁਕ ਜਾਓ! ...ਨਹੀਂ ਤੇ ਮੈਂ... ਨਹੀਂ ਤੇ ਮੈਂ... *(ਆਪਣੇ ਹੱਥ ਵਿਚਲੇ ਡੰਡੇ ਵੱਲ ਦੇਖਦਾ ਹੈ ਤੇ ਸਭ ਸਮਝ ਜਾਂਦਾ ਹੈ। ਭੀੜ ਹਸਦੀ ਹੈ।)* ਮੈਂ... ਮੈ... ਥੋਂ ਬੁਰਾ ਕੋਈ ਨਹੀ ਹੋਏਗਾ... ਹਾਂ...।

ਸਵਾਮੀ : *(ਆਪਣੀ ਥਾਂ ਤੋਂ)* ਹਿੰਦੂ ਹਿੰਦੂ ਭਾਈ ਭਾਈ...

ਭੀੜ : ਬੀਚ ਮੇਂ ਵਰਦੀ ਕਹਾਂ ਸੇ ਆਈ।

*(ਨਾਹਰੇ ਤੇਜ ਹੁੰਦੇ ਜਾਂਦੇ ਹਨ। ਭੀੜ ਵੀ ਤੇਜੀ ਨਾਲ ਘੁੰਮਦੀ ਹੈ। ਸਵਾਮੀ ਅੱਗੇ ਵਧ ਕੇ ਪੁਲੀਸ ਵਾਲੇ ਦੀ ਟੋਪੀ ਲਾਹ ਲੈਂਦਾ ਹੈ। ਨਾਹਰਿਆਂ ਦੀ ਰਿਦਮ 'ਤੇ ਸਾਰੇ ਉਸ ਟੋਪੀ ਨਾਲ ਖੇਡਦੇ ਹਨ। ਅਖੀਰ ਸਵਾਮੀ ਟੋਪੀ ਆਪਣੇ ਸਿਰ 'ਤੇ ਰੱਖ ਲੈਂਦਾ ਹੈ। ਪੁਲੀਸ*

*ਵਾਲੇ ਦੇ ਤੇਵਰ ਢਿੱਲੇ ਪੈ ਚੁੱਕੇ ਹਨ। ਸਵਾਮੀ ਆਪਣੇ ਮੱਥੇ ਦੇ ਟਿੱਕੇ ਵਿੱਚੋਂ ਹੀ ਉਸਦਾ ਵੀ ਤਿਲਕ ਕਰਦਾ ਹੈ। ਨਾਰੇ ਚਰਮ ਸੀਮਾ 'ਤੇ ਹਨ। ਪੁਲੀਸ ਵਾਲਾ ਵਹਿਸ਼ੀਆਨਾ ਤਰੀਕੇ ਨਾਲ ਚੀਖਦਾ ਹੈ ਤੇ ਉਸ ਮੁਸਲਮਾਨ ਨੌਜਵਾਨ ਨੂੰ ਖਿੱਚ ਕੇ ਮੂਹਰੇ ਸੁੱਟ ਲੈਂਦਾ ਹੈ ਤੇ ਭੀੜ ਵਿੱਚੋਂ ਬਰਛੀ ਲੈ ਕੇ ਉਸ 'ਤੇ ਵਾਰ ਕਰਦਾ ਹੈ। ਨਾਹਰੇ ਰੁਕ ਜਾਂਦੇ ਹਨ। ਸੰਨਾਟਾ! ਪੁਲੀਸ ਵਾਲੇ ਦੇ ਮੂੰਹ 'ਤੇ ਖ਼ੂਨ ਦੇ ਛਿੱਟੇ ਹਨ। ਭੀੜ ਮੂੰਹ ਮੋੜ ਕੇ ਖੜਦੀ ਹੈ, ਸਵਾਮੀ ਦਾ ਮੂੰਹ ਲੋਕਾਂ ਵੱਲ ਹੈ। ਨੌਜਵਾਨ ਵਿਚਾਲੇ ਪਿਆ ਤੜਪਦਾ ਹੈ।)*

ਆਵਾਜ਼ : ਦਯਾ ਧਰਮ ਕੋ ਮੂਲ ਹੈ ਪਾਪ ਮੂਲ ਅਭਿਮਾਨ।

ਤੁਲਸੀ ਦਯਾ ਨਾ ਛੋੜੀਏ ਜਬ ਲਗ ਘਟ ਮੇਂ ਪ੍ਰਾਣ...

*(ਪੁਲੀਸ ਵਾਲਾ ਮੂੰਹ ਲੁਕੋਂਦਾ ਹੋਇਆ ਪਿਛਲੇ ਪਾਸੇ ਨੂੰ ਨਿਕਲ ਜਾਂਦਾ ਹੈ। ਦੋ ਲੋਕ ਲਾਸ਼ ਨੂੰ ਘਸੀਟਦੇ ਹੋਏ ਖੂੰਝੇ ਲਿਜਾ ਕੇ ਸੁੱਟ ਦਿੰਦੇ ਹਨ। ਸਵਾਮੀ ਨੂੰ ਫ਼ੋਨ ਆਉਂਦਾ ਹੈ। ਮੂਕ ਗੱਲਬਾਤ। ਪਿੱਛਿਓਂ ਜੰਗੀ ਨਗਾੜੇ 'ਤੇ ਹੂ ਹੂ ਦੀਆਂ ਆਵਾਜ਼ਾਂ ਆਉਂਦੀਆਂ ਹਨ। ਬਾਕੀ ਥੋੜ੍ਹਾ ਚੁਕੰਨੇ ਹੁੰਦੇ ਨੇ।)*

ਸਵਾਮੀ : ਹਾਂ ਜੀ, ਸਰ ਜੀ! ਸਭ ਓ ਕੇ ਰਪੋਰਟ ਆ ਜੀ। ...ਪੁਲੀਸ ...ਕਾਇਮ ਐ ਪੂਰੀ। ਸਭ ਲੱਗੇ ਨੇ ਡਿਊਟੀ 'ਤੇ। ਹਾਂ ਜੀ, ਹਾਂ ਜੀ, ਸਭ ਪਲੈਨ ਮੁਤਾਬਿਕ ਆ। ਫ਼ਿਕਰ ਨਾਟ ਜੀ! *(ਬਾਹਰੋਂ ਆਵਾਜ਼ ਆਉਂਦੀ ਹੈ : "ਬਾਨੋ"...)* ਜ਼ਰੂਰ ਕੋਈ ਮੁਸਲਮਾਨਣੀ ਐ!

ਪਿੱਛਾ ਕਰੋ। *(ਜੈ ਸ਼੍ਰੀ ਰਾਮ ਦੇ ਜੈਕਾਰੇ ਲਾਂਦੇ ਜਾਂਦੇ ਹਨ।)*

*(ਨਗਾੜੇ ਦੀ ਉਸੇ ਜੰਗੀ ਧੁਨ 'ਤੇ ਮੁਸਲਿਮ ਟੋਪੀਆਂ ਪਾਈ ਕੁਝ ਹਥਿਆਰਬੰਦ ਨਕਾਬਪੋਸ਼ ਜਿਨ੍ਹਾਂ ਨੇ ਮੁਗਲ ਫ਼ੌਜ ਵਾਲੀਆਂ ਵਰਦੀਆਂ ਪਾਈਆਂ ਹੋਈਆਂ ਹਨ। ਮੰਚ 'ਤੇ ਆਉਂਦੇ ਹਨ ਤੇ ਮੰਚ ਦੇ ਖੂੰਜੇ 'ਚ ਪਈ ਲਾਸ਼ ਨੂੰ ਮੁੜ ਧੂਹ ਕੇ ਮੰਚ ਦੇ ਵਿਚਕਾਰ ਲੈ ਆਉਂਦੇ ਹਨ, ਤੇ ਲਾਸ਼ ਦੁਆਲੇ ਚੱਕਰ ਲਾਂਦੇ ਹਨ। ਲਾਸ਼ ਵਿੱਚ ਥੋੜੀ ਹਰਕਤ ਹੁੰਦੀ ਹੈ। ਪਰ ਉਹ ਉਠ ਨਹੀਂ ਪਾਂਦੀ। ਨਕਾਬਪੋਸ਼ ਵਾਪਿਸ ਮੁੜ ਜਾਂਦੇ ਹਨ। ਲਾਸ਼ ਉੱਥੇ ਪਈ ਰਹਿ ਜਾਂਦੀ ਹੈ। ਇੱਕ ਗਰਭਵਤੀ ਮੁਸਲਮਾਨ ਔਰਤ ਹਫ਼ਦੀ ਹੋਈ ਮੰਚ 'ਤੇ*

*ਆਉਂਦੀ ਹੈ। ਉਸਦੇ ਲਈ ਤੁਰਨਾ ਮੁਹਾਲ ਹੋ ਰਿਹਾ ਹੈ। ਮੰਚ ਦੇ ਮੱਧ 'ਚ ਆ ਕੇ ਸਾਹਮਣੇ ਪਈ ਲਾਸ਼ ਨੂੰ ਦੇਖ ਕੇ ਉਹ ਹਿੰਮਤ ਹਾਰ ਜਾਂਦੀ ਹੈ।)*

ਮਰਦ : *(ਵਾਪਿਸ ਆਂਦਾ ਹੈ)* ਬਾਨੋ... ਐਂ ਹਿੰਮਤ ਹਾਰਿਆਂ ਕੰਮ ਨੀ ਸਰਨਾ। *(ਲਾਸ਼ ਨੂੰ ਦੇਖ ਕੇ ਅਣਦੇਖਿਆਂ ਕਰਦਾ ਹੈ।)* ਅੱਗੇ ਰਾਹ ਸਾਫ਼ ਹੈ, ਛੇਤੀ ਕਰ, ਉਠ!

ਬਾਨੋ : ਰੱਬ ਦਾ ਵਾਸਤਾ ਏ ਤੁਸੀਂ ਨਿਕਲ ਜਾਓ। ਮੈਥੋਂ ਹੁਣ ਤੁਰਿਆ ਨਹੀਂ ਜਾਂਦਾ। ਤੁਸੀਂ ਜਾਓ। *(ਲਾਸ਼ ਨਾਲ ਢੋਹ ਲਾਉਣ ਦੀ ਕੋਸ਼ਿਸ਼ ਕਰਦੀ ਹੈ।)*

ਮਰਦ : ਤੈਨੂੰ ਏਥੇ ਬਲਦੀ ਦੇ ਮੂੰਹ 'ਚ ਛੱਡ... ਏਸ ਹਾਲ 'ਚ...! *(ਗਰਭ ਦੇ ਬੱਚੇ ਵੱਲ ਇਸ਼ਾਰਾ ਕਰਦਾ ਹੈ।)*

ਬਾਨੋ : ਸ਼ਾਇਦ ਇਸੇ 'ਤੇ ਰਹਿਮ ਆ ਜਾਏ ਉਨ੍ਹਾਂ ਨੂੰ! *(ਇੱਕ ਹੱਥ ਲਾਸ਼ 'ਤੇ ਹੈ।)*

*(ਜੈ ਸ਼੍ਰੀ ਰਾਮ ਦੇ ਨਾਹਰੇ ਲਾਉਂਦੀ ਭੀੜ ਆ ਕੇ ਉਨ੍ਹਾਂ ਨੂੰ ਘੇਰ ਲੈਂਦੀ ਹੈ। ਦੋਹਾਂ ਨੂੰ ਵੱਖ ਕਰ ਲਿਆ ਜਾਂਦਾ ਹੈ। ਮਰਦ ਦੇ ਗੱਲ 'ਚ ਟਾਇਰ ਪਾ ਕੇ ਅੱਗ ਲਾ ਦਿੰਦੇ ਹਨ। ਬਾਨੋ ਚੀਖਾਂ ਮਾਰਦੀ ਰਹਿ ਜਾਂਦੀ ਹੈ। ਉਸ ਦੀਆਂ ਅੱਖਾਂ ਸਾਹਮਣੇ ਉਹਦਾ ਮਰਦ ਸੁਆਹ ਦਾ ਢੇਰ ਹੋ ਜਾਂਦਾ ਹੈ। ਬਾਨੋ ਡੌਰ ਭੌਰ ਹੋ ਜਾਂਦੀ ਹੈ।)*

ਸਵਾਮੀ : *(ਵਾਲਾਂ ਤੋਂ ਫੜ ਕੇ)* ਚੀਖ! ਚੀਖਦੀ ਨਹੀਂ...

ਬਾਨੋ : *(ਪੀੜ ਨਾਲ ਦੋਹਰੀ ਹੋਈ)* ਅੱਲਾਹ! *(ਸਵਾਮੀ ਉਸਨੂੰ ਗੋਹ ਨਾਲ ਦੇਖਦਾ ਹੈ, ਉਸਦੀ ਪਕੜ ਢਿੱਲੀ ਪੈ ਜਾਂਦੀ ਹੈ। ਆਪਣੇ ਢਿਡ ਵੱਲ ਦੇਖਦਾ ਹੋਇਆ ਤੱਕ ਕੇ ਉਹ ਉਸਨੂੰ ਲੁਕਾਉਣ ਦਾ ਜਤਨ ਕਰਦੀ ਹੈ।)*

ਸਵਾਮੀ : ਬੋਲ ਜੈ ਸ਼੍ਰੀ ਰਾਮ।

ਬਾਨੋ : *(ਸੁਬਕਦੀ ਹੋਈ)* ਜੈ ਸ਼੍ਰੀ ਰਾਮ!

ਸਵਾਮੀ : *(ਢਿੱਡ 'ਚ ਹੁਝ ਮਾਰਦਾ ਹੈ।)* ਉੱਚੀ ਬੋਲ!

ਬਨੋ : *(ਜ਼ੋਰ ਲਾ ਕੇ)* ਜੈ ਸ਼੍ਰੀ ਰਾਮ...

ਸਵਾਮੀ : *(ਚੀਖ ਕੇ)* ਹੋਰ ਉੱਚੀ...

ਬਾਨੋ : *(ਚੰਘਾੜਦੀ ਹੈ)* ਜੈ ਸ਼੍ਰੀ ਰਾਮ! ਜੈ ਸ਼੍ਰੀ ਰਾਮ. ਜੈ ਸ਼੍ਰੀ ਰਾਮ! *(ਹਫ਼ ਜਾਂਦੀ ਹੈ।)*

ਸਵਾਮੀ : ਹੂੰ...! *(ਢਿਡ ਵੰਮ ਇਸ਼ਾਰਾ ਕਰਕੇ)* ਕੀ ਹੈ ਇਸ 'ਚ?

ਬਾਨੋ : *(ਹੋਰ ਸਹਿਮ ਜਾਂਦੀ ਹੈ)* ਬੱਚਾ...! ਮੇਰਾ ਬੱਚਾ! ਬ...

ਸਵਾਮੀ : ਬੋਲ ਇਸਨੂੰ..., ਬੋਲੇ *(ਚੀਖਦਾ ਹੈ)* ਜੈ ਸ਼੍ਰੀ ਰਾਮ!

ਭੀੜ : ਜੈ ਸ਼੍ਰੀ ਰਾਮ!

*(ਸੰਨਾਟਾ)*

ਬਾਨੋ : *(ਮੁਸ਼ਕਿਲ ਨਾਲ ਰੁਕਿਆ ਸਾਹ ਬਾਹਰ ਆਉਂਦਾ ਹੈ)* ਹ ਹ ਪਰ ਉਹ ਕਿਵੇਂ ਬੋਲੇਗਾ! ਉਹ ਤਾਂ ਹਾਲੇ... ਧਰਤੀ 'ਤੇ ਵੀ ਨੀ...

ਸਵਾਮੀ : ਬੋਲੇਗਾ... ਕਿਵੇਂ ਨਹੀਂ ਬੋਲੇਗਾ! *(ਢਿਡ 'ਚ ਛੁਰਾ ਘੋਪਦਾ ਹੈ. ਦੋ ਜਣੇ ਬਾਨੋ ਨੂੰ ਫੜ ਲੈਂਦੇ ਹਨ।)* ਜ਼ਰੂਰ ਬੋਲੇਗਾ। ਕੱਢ ਇਸਨੂੰ ਬਾਹਰ... ਕੱਢ... ਇਸ... ਹਰਾਮੀ...

*(ਸਵਾਮੀ ਔਰਤ ਦੇ ਢਿਡ 'ਚੋਂ ਬੱਚਾ ਕੱਢਣ ਦਾ ਅਭੀਨੈ ਕਰਦਾ ਹੈ।ਬਾਨੋ ਚੀਖਦੀ ਹੈ। ਬੱਚਾ ਕੱਢ ਕੇ ਉਸਦੇ ਮੂੰਹ 'ਚ ਪਾਂਦਾ ਹੈ।)* ਬੋਲ... ਬੋਲ! *(ਬਾਨੋ ਨਿਢਾਲ ਹੋ ਕੇ ਪਹਿਲਾਂ ਵਾਲੀ ਲਾਸ਼ ਉੱਤੇ ਡਿਗ ਜਾਂਦੀ ਹੈ। ਸਵਾਮੀ ਲੋਥੜੇ ਨੂੰ ਦੇਖਦਾ ਹੈ ਤੇ ਫੇਰ ਪਰ੍ਹਾਂ ਵਗਾਹ ਮਾਰਦਾ ਹੈ। ਆਪਣੇ ਲਹੂ ਸਣੇ ਹੱਥਾਂ ਵੱਲ ਦੇਖਦਾ ਹੈ ਤੇ "ਓਮ" ਉਚਾਰਦਾ ਹੋਇਆ ਬਾਨੋ ਦੇ ਜਿਸਮ 'ਤੇ ਓਮ ਉਲੀਕਦਾ ਹੈ। ਓਮ ਦੀ ਉਸ ਦੀ ਧੁਨ ਖੁਰਦਰੀ ਤੇ ਭੇੜੀਏ ਦੀ ਗੁਰਾਹਟ ਵਰਗੀ ਹੈ। ਹੌਲੀ ਹੌਲੀ ਉਠਦਾ ਹੈ। ਫ਼ੋਨ ਦੀ ਘੰਟੀ ਵੱਜਦੀ ਹੈ ਤੇ ਵੱਜ ਵੱਜ ਕੇ ਬੰਦ ਹੋ ਜਾਂਦੀ ਹੈ।) ਬਾਹਰੋਂ ਇੱਕ ਬੰਦਾ ਥਾਲ 'ਚ ਗੋਟੇ ਵਾਲੀਆਂ ਲਾਲ ਚੁੰਨੀਆਂ ਲਈ ਆਉਂਦਾ ਹੈ।)* ਇਹ ਕੀ ਐ!

੧ : ਚੁੰਨੀਆਂ ਨੇ ਜੀ! *(ਬੌਂਦਲ ਜਾਂਦਾ ਐ।)*

ਸਵਾਮੀ : *(ਖਿਝ ਕੇ)* ਉਹ ਤੇ ਮੈਨੂੰ ਵੀ ਦਿਖਦਾ...;

੧ : ਤੁਸੀਂ ਮੰਗਵਾਈਆਂ ਸੀ...।

ਸਵਾਮੀ : *(ਯਾਦ ਕਰਦੇ ਹੋਏ)* ਓ ਹੋ, ਅੱਜ ਤੇ ਕੰਜਕਾਂ ਨੇ! ਸ਼ਕਤੀ-ਪੂਜਾ; ਯਾਦ ਈ ਨੀ ਰਹਿੰਦਾ ਕੁਝ।

੨ : ਜ਼ਿੰਮੇਦਾਰੀਆਂ ਕਿਹੜੀਆਂ ਥੋੜੀਆਂ ਨੇ ਜੀ। ਹਰ ਕੰਮ ਦੀ ਸ਼ੁਰੂਆਤ ਤੁਹਾਥੋਂ ਹੋਣੀ!

ਸਵਾਮੀ : ਚੰਗਾ ਚੰਗਾ ਛੇਤੀ ਕਰੋ! ਹੋਰ ਕੰਮ ਬਹੁਤ ਨੇ। ਤੇ ਤੈਨੂੰ ਮੈਂ ਜੋ ਉਹ... ਲਿਸਟਾਂ ਬਣਾਉਣ ਨੂੰ ਕਿਹਾ ਸੀ, ਮੁਸਲਾਮਾਨ ਵੋਟਰਾਂ ਦੀਆਂ।

੧ : ਸਭ ਤਿਆਰ ਨੇ ਜੀ!

ਸਵਾਮੀ : *(ਫ਼ੋਨ ਚੱਕਦਾ ਹੈ)* ਅੱਕ ਦਾ ਬੂਟਾ ਤਾਂ ਹੁਣ ਪੁੱਟਿਆ ਗਿਆ ਸਮਝੋ। ਸੁੱਤੇ ਜਾਗਦੇ ਮੁਸਲੇ ਈ ਨਜ਼ਰ ਆਉਂਦੇ...,

*(ਲਾਸ਼ਾ ਵੱਲ ਨਿਗਾਹ ਮਾਰਦਾ ਹੋਇਆ)* ਬਿਨਾਂ ਧੜ ਤੋਂ... ਬਿਨਾਂ ਸਿਰ ਤੋਂ! ਤੇ ਮੁਸਲੀਆਂ ਬਿਨਾਂ ਛਾਤੀਆਂ ਤੋਂ! ਹਾਂ ਜੀ... *(ਹਸਦੇ ਹੋਏ)* ...ਮਜ਼ੇ ਪੂਰੇ ਐ ਜੀ,... ਥੈਂਕਯੂ ਵੈਰੀ ਮੱਚ।

*(ਇੱਕ ਸਹਿਮੀ ਹੋਈ ਕੁੜੀ ਨੂੰ ਲੈ ਕੇ ਆਉਂਦਾ ਹੈ। ਸਾਰੇ ਤਿਆਰੀਆਂ 'ਚ ਲਗ ਜਾਂਦੇ ਹਨ. ਲਾਸ਼ਾਂ ਉੱਥੇ ਹੀ ਪਈਆਂ ਦੇਖ ਕੇ ਧੂਹ ਕੇ ਸਾਈਡ 'ਤੇ ਕਰਦੇ ਹਨ। ਪਿੱਛੋਂ ਜੰਗੀ ਨਗਾੜੇ ਤੇ ਹੂ ਹੂ ਦੀਆਂ ਆਵਾਜ਼ਾਂ ਆਉਂਦੀਆਂ ਹਨ।)*

ਸਵਾਮੀ : *(ਦੂਜੇ ਪਾਸੇ ਇੱਕ ਬੰਦਾ ਉਸਨੂੰ ਹੱਥ ਧੁਆਂਦਾ ਹੈ।)* ਦੂਜੇ ਪਾਸੇ ਤਿਆਰੀਆਂ ਹੋ ਗਈਆਂ ਸਭ? ਛੇਤੀ ਪਹੁੰਚੋ ਉੱਥੇ,... ਨਿਬੇੜ ਕੇ ਇੱਥੋਂ। ਤੁਖਮ ਮਿਟਾ ਦੇਣਾ ਇਨ੍ਹਾਂ ਦਾ। ਬਚਣਾ ਕੋਈ ਨਹੀਂ ਚਾਹੀਦਾ,... ਬੱਚਾ, ਬੁੱਢਾ,... ਔਰਤ... ਕੋਈ ਨਹੀਂ...। *(ਸੋਚਦੇ ਹੋਏ)* ਜੋ ਗਲਤੀ ਸ਼ਿਵਾ ਜੀ ਨੇ ਕੀਤੀ ਅਸੀਂ ਦੁਹਰਾਉਣੀ ਨਹੀਂ।

੨ : ਤੁਸੀਂ ਏਧਰ ਵਿਰਾਜੋ ਕੰਜਕਾ ਦੇਵੀ..., ਏਧਰ ਆਓ।

*(ਸਾਰੇ ਕੰਜਕਾ ਦੇਵੀ ਦੇ ਜੈਕਾਰੇ ਲਾਉਂਦੇ ਹਨ। ਸਵਾਮੀ ਵੀ ਉਨ੍ਹਾਂ 'ਚ ਸ਼ਾਮਿਲ ਹੈ। ਬੜੀ ਸ਼ਰਧਾ ਨਾਲ ਕੰਜਕਾ ਦੇ ਪੈਰ ਧੋਂਦਾ ਹੈ ਤੇ ਚਰਣਾਮਤ ਲੈਂਦਾ ਹੈ। ਉਹ ਕੁੜੀ ਬੁਰੀ ਤਰ੍ਹਾਂ ਡਰੀ ਹੋਈ ਹੈ ਤੇ ਕੰਬ ਰਹੀ ਹੈ। ਪਰ ਕਿਸੇ ਦਾ ਇਸ ਪਾਸੇ ਧਿਆਨ ਨਹੀਂ ਹੈ।*

*ਸੁਆਮੀ ਉਸਨੂੰ ਚੁੰਨੀ ਪਵਾਉਂਦਾ ਹੈ। ਉਹ ਸੁੰਗੜਦੀ ਜਾਂਦੀ ਹੈ। ਸਾਰੇ ਉਸਦੀ ਆਰਤੀ ਉਤਾਰਨੀ ਸ਼ੁਰੂ ਕਰਦੇ ਹਨ।)*

ਸਵਾਮੀ : *(ਅੱਖਾਂ ਬੰਦ ਕਰਕੇ ਸਿਰ ਤੋਂ ਉਪਰ ਕਰਕੇ ਹੱਥ ਜੋੜਦਾ ਹੈ।)*

ਚਾਮੁੰਡਾ ਹੈ ਪ੍ਰੇਤ ਪਰ ਵੈਸ਼ਣਵੀ ਗਰੁੜ ਅਸਵਾਰ।

ਬੈਲ ਚੜ੍ਹੀ ਮਹੇਸ਼ਵਰੀ ਹਾਥ ਲਿਏ ਹਥਿਆਰ...

*(ਸਵਾਮੀ ਲੀਡ ਕਰਦਾ ਹੈ ਤੇ ਬਾਕੀ ਸਾਰੇ ਉਸਦੇ ਪਿੱਛੇ ਵੀਰ ਰਸ ਵਿੱਚ ਡੁੱਬੇ ਹੋਏ ਗਾਂਦੇ ਹਨ। ਜਿਉਂ ਜਿਉਂ ਆਰਤੀ ਸਿਖਰ ਛੂੰਹਦੀ ਹੈ, ਕੰਜਕ ਸੁੰਗੜਦੀ ਹੋਈ ਬੈਠਦੀ ਜਾਂਦੀ ਹੈ। ਪਰ ਕਿਸੇ ਦਾ ਇਸ ਵੱਲ ਧਿਆਨ ਨਹੀਂ ਤੇ ਅੰਤ ਵਿੱਚ ਉਹ ਢਹਿ ਜਾਂਦੀ ਹੈ।)*

ਆਰਤੀ : ਸ਼ੰਖ ਚੱਕਰ ਸ਼ਕਤੀ ਤ੍ਰਿਸ਼ੂਲਾ, ਹਲ ਮੂਸਲ ਕਰ ਕਮਲ ਕੇ ਫੂਲਾ।
ਦੈਂਤ ਸੰਘਾਰ ਕਰਣ ਕੇ ਕਾਰਣ, ਰੂਪ ਭਿਅੰਕਰ ਕੀਨ ਮਾਂ ਧਾਰਨ।
ਜੈ ਜੈ ਸ਼ਕਤੀ ਜੈ ਜੈ ਮਹਾਕਾਲੀ! ਸੋਭਾ ਬਰਣੀ ਨਾ ਜਾਏ ਨਿਰਾਲੀ।
ਖੰਡਾ ਦਾਏਂ ਹਾਥ ਵਿਰਾਜੇ, ਬਾਏਂ ਹਾਥ ਮੇਂ ਖੱਪਰ ਸਾਜੇ,
ਮੁੰਡਨ ਮਾਲ ਮਾਤ ਗਲੇ ਡਾਲੀ, ਜੈ ਜੈ ਸ਼ਕਤੀ ਜੈ ਜੈ ਮਹਾਕਾਲੀ!
ਦੁਸ਼ਟ ਸੰਘਾਰਣੀ ਜੈ ਜੈ ਚੰਡੀ ਪਾਂਵ ਪਖਾਰੇਂ ਹੇ ਰਣ ਚੰਡੀ।
ਚੰਡ ਮੁੰਡ ਮਰਦਨੀ ਚਾਮੁੰਡੀ ਜੈ ਜੈ ਹੋਇ ਰਹੀ ਰਣ ਚੰਡੀ।
ਰਕਤਬੀਜ ਕਾ ਰਕਤ ਚੜ੍ਹਾਵੇਂ, ਪੁਨਿ ਪੁਨਿ ਮਾਂ ਕੇ ਮਨ ਕੋ ਭਾਵੇ।
ਰਕਤ ਦੰਤਾ ਕਹਲਾਨੇ ਵਾਲੀ ਜੈ ਜੈ ਸ਼ਕਤੀ ਜੈ ਜੈ ਮਹਾਕਾਲੀ...

*(ਬਾਹਰੋਂ ਰੌਲਾ ਪਾਂਦਾ ਇੱਕ ਬੰਦਾ ਆਂਦਾ ਹੈ।)*

੩ : ਸੁਆਮੀ ਜੀ, ਸੁਆਮੀ ਜੀ! ਅਨਰਥ ਹੋ ਗਿਆ, ਬੇੜਾ ਗਰਕ! ਰਗੜੇ ਗਏ ਆਪਾਂ ਤੇ!

੧ : *(ਝਿੜਕੇ ਕੇ)* ਕੀ ਹੋ ਗਿਆ ਓਇ! ਕੀ ਪਹਾੜ ਡਿੱਗ ਗਿਆ ਤੇਰੇ 'ਤੇ। ਦੇਖਦਾ ਨਹੀਂ ਸ਼ਕਤੀ... ਮਾਂ ਦੇਵੀ ਦੀ ਪੂਜਾ...

*(ਇਸ ਸਭ ਕੁਝ ਤੋਂ ਬੇਪਰਵਾਹ ਸਵਾਮੀ ਢਹੀ ਪਈ ਕੰਜਕਾ ਸਾਹਮਣੇ ਅੱਖਾਂ ਬੰਦ ਕਰਕੇ ਹੱਥ ਜੋੜੀ ਖੜਾ ਹੈ।)*

੩ : *(1 ਨੰਬਰ ਦੀ ਗੱਲ ਵਿੱਚ ਹੀ ਕੱਟਦੇ ਹੋਏ)* ਆਪਾਂ ਤਾਂ ਬੰਨੇ ਗਏ ਬੀਹ ਬੀਹ

ਸਾਲਾਂ ਲਈ, ਤੇ ਇਹ ਸ਼ਾਮੂ ਵੀ, ਇਹਦਾ ਵੀ ਨਾਂ ਵੱਜਦਾ ਐ ਵਿੱਚ।

*(ਸ਼ਾਮੂ ਘਬਰਾ ਜਾਂਦਾ ਹੈ। ਪਰ ਸਵਾਮੀ ਸਾਰਿਆਂ ਨੂੰ ਹੱਥ ਚੁੱਕ ਕੇ ਚੁੱਪ ਕਰਾਉਂਦਾ ਹੈ।)*

ਸਵਾਮੀ : ਜੈ ਮਾਂ ਸੱਚੀਆਂ ਜੋਤਾਂ ਵਾਲੀ ਮਾਤਾ...

ਸਾਰੇ : *(ਸ਼ਾਮਿਲ ਹੁੰਦੇ ਹਨ)* ਤੁਹਾਡੀ ਸਦਾ ਹੀ ਜੈ!

*ਸੰਨਾਟਾ!*

ਸਵਾਮੀ : *(ਘੂਰਦੇ ਹੋਏ)* ਹੋਇਆ ਕੀ ਏ!

੩ : ਓ ਜੀ ਸੱਤ ਬੰਦੇ ਠੋਕ ਤੇ ਜੀ ਆਪਣੇ, ...ਡੀ ਐਸ ਪੀ ਨੇ, ...ਬਲਾਤਕਾਰ ਦੇ ਕੇਸ 'ਚ *(ਸਵਾਮੀ ਦੇ ਚੇਹਰੇ 'ਤੇ ਮੁਸਕਾਨ ਖੇਡ ਜਾਂਦੀ ਹੈ।)* ਹਾਲੇ ਹੋਰ ਪਤਾ ਨੀ ਜੀ ਕਿੰਨੇ ਕੁ ਟੰਗੇ ਜਾਣੇ...

*(ਰੋਕਦੇ ਰੋਕਦੇ ਵੀ ਸਵਾਮੀ ਦੀ ਹਾਸੀ ਨਿਕਲ ਜਾਂਦੀ ਹੈ। ਉਹ ਸੁਆਦ ਲੈਂਦੇ ਹੋਏ ਖੀ ਖੀ ਕਰਕੇ ਹਸਦਾ ਹੈ। ਬਾਕੀ ਸਾਰੀ ਹੈਰਾਨ ਹੋ ਕੇ ਉਸ ਵੱਲ ਵੇਖਦੇ ਹਨ। ਉਨ੍ਹਾਂ ਨੂੰ ਕੁਝ ਸਮਝ ਨਹੀਂ ਆਉਂਦਾ।)*

ਸਵਾਮੀ : *(ਹਾਸਾ ਰੋਕਦਾ ਹੋਇਆ)* ਕੁਝ ਨੀ ਕੁਝ ਨੀ! ਇਹ ਆਪਣਾ ਡੀ ਆਈ ਜੀ ਏ ਨਾ..., ਚਕਰਵਰਤੀ। ਸਾਲੇ ਨੂੰ ਗੱਲ ਬੜੀ ਫ਼ੁਰਦੀ..., ਪਤਾ ਨੀ ਕਿੱਥੋਂ ਲਿਆਂਦਾ ਕੱਢ ਕੇ। ਉਹਦੇ ਕੋਲ ਇੱਕ ਹਿਊਮਨ ਰਾਈਟ ਵਾਲੀ ਚਲੀ ਗਈ ਲੈ ਕੇ ਇੱਕ ਬੁੱਢੀ ਨੂੰ... *(ਫੇਰ ਹੱਸ ਪੈਂਦਾ ਹੈ)* ਅਖੇ ਬਲਾਤਕਾਰ ਹੋਇਆ ਇਸ ਨਾਲ..., ਸਮੂਹਕ! ਹੰਅ..., ਅੱਗਿਓਂ ਪਤਾ ਕੀ ਕਹਿੰਦਾ *(ਸਭ ਦੇ ਚਿਹਰੇ ਬਲੈਂਕ ਹਨ, ਪਰ ਉਹ ਦੇਖਦਾ ਹੀ ਨਹੀਂ, ਮਜ਼ਾ ਲੈਂਦੇ ਹੋਏ)*, ਦੁਕਾਨ ਸੀ ਜੀ, ਲੁੱਟੀ ਗਈ, *(ਹੱਸ ਕੇ)* ਲੁੱਟ ਲਈ ਭੀੜ ਨੇ. ਹੁਣ ਮੈਂ ਕਿਹਦੇ ਕਿਹਦੇ 'ਤੇ ਕੇਸ ਕਰਾਂ। *(ਹਸਦਾ ਹੈ। ਬਾਕੀਆਂ ਨੂੰ ਵੀ ਗੱਲ ਸਮਝ ਆਉਂਦੀ ਹੈ ਤੇ ਉਹ ਰਾਹਤ ਮਹਿਸੂਸ ਕਰਦੇ ਹਨ। ੧ ਨੰਬਰ ਨੂੰ)* ਲਿਸਟਾਂ ਲਿਆਓ! ਤੇ ਉਹ ਨਕਸ਼ੇ ਕਿੱਥੇ ਐ?

੩ : ਪਰ ਸੁਆਮੀ ਜੀ... ਉਹ... ਡੀ ਐਸ ਪੀ... *(ਡਰਦਾ ਡਰਦਾ)* ਬੜਾ ਕੱਬਾ ਐ ਜੀ।

ਸਵਾਮੀ : *(ਟੁੱਟ ਕੇ ਪੈਂਦਾ ਹੈ)* ਮੈਂ ਇੰਨੇ ਵਿਸਥਾਰ ਨਾਲ ਸਮਝਾਈ... ਤੈਨੂੰ ਸਮਝ ਨੀ ਆਈ। *(ਫੇਰ ਨਰਮ ਪੈਂਦਾ ਹੈ।)* ਡਰਨ ਦੀ ਕੋਈ ਗੱਲ ਨੀ। ਬਦਲ 'ਤਾ ਜਾਵੇਗਾ। ਬਾਹਲਾ ਈ ਹਮਦਰਦ ਬਣਦੈ ਮੁਸਲਿਆਂ ਦਾ। ਤੁਸੀਂ ਛੇਤੀ ਕਰੋ..., ਸਮਾ ਘੱਟ ਏ!

*(ਉਹ ਜਾਂਦਾ ਹੈ ਤੇ ਬਾਕੀ ਉਸਦੇ ਪਿਛੇ ਜਾਂਦੇ ਹਨ। ਮੰਚ 'ਤੇ ਸਿਰਫ਼ ਲਾਸ਼ਾਂ ਰਹਿ ਜਾਂਦੀਆਂ ਹਨ ਤੇ ਉਹ ਕੰਜਕਾ। ਉਹ ਕੰਜਕ ਹੌਲੀ ਹੌਲੀ ਉਠਦੀ ਹੈ ਤੇ ਲਾਸ਼ਾਂ ਨੂੰ ਟੋਹ ਟੋਹ ਕੇ ਦੇਖਦੀ ਹੈ। ਬਾਹਰੋਂ ਹੂ ਹੂ ਹੂ ਦੀਆਂ ਆਵਾਜ਼ਾਂ ਆਉਂਦੀਆਂ ਹਨ। ਕੰਜਕ ਆਵਾਜ਼ ਦੀ ਦਿਸ਼ਾ ਵੱਲ ਦੇਖਦੀ ਹੈ ਤੇ ਡਰਦੀ ਹੋਈ ਦੂਜੇ ਪਾਸੇ ਦੌੜਦੀ ਹੈ। ਸਾਹਮਣਿਓਂ ਗਨੀ ਖਾਂ ਨੂੰ ਆਉਂਦਿਆਂ ਦੇਖ ਕੇ ਮੁੜ ਦਿਸ਼ਾ ਬਦਲ ਕੇ ਭੱਜਦੀ ਹੈ।)*

ਗਨੀ ਖਾਂ : *(ਮੁਗਲ ਸਿਪਾਹੀਆਂ ਨੂੰ ਮੰਚ ਵੱਲ ਆਉਂਦਾ ਦੇਖ ਕੇ)* ਇਹ ਮੁਗ਼ਲ ਫ਼ੌਜੀ ਇੱਥੇ ਕਿੱਥੋਂ ਆ ਗਏ। ...ਤੇ ਇਨ੍ਹਾਂ ਨੇ ਚਿਹਰੇ ਕਿਉਂ ਲੁਕੋਏ...।

ਗਨੀ ਖਾਂ : ਰੁਕ ਜਾ ਧੀਏ ਰੁਕ ਜਾ! ਅੱਲ੍ਹਾ ਦਾ ਵਾਸਤਾ ਈ ਤੈਨੂੰ ਰੁਕ ਜਾ! *(ਹੂ ਹੂ ਦੀ ਆਵਾਜ਼ ਨੇੜੇ ਆਉਂਦੀ ਹੈ। ਬਾਹਰੋਂ ਹਥਿਆਰਬੰਦ ਬੰਦਿਆਂ ਨੂੰ ਆਉਂਦੇ ਦੇਖ ਕੇ ਗਨੀ ਖਾਂ ਲੁਕ ਜਾਂਦਾ ਹੈ।)*

*(ਮੁਗ਼ਲੀਆਂ ਵਰਦੀਆਂ ਪਾਈ ਕੁਝ ਹਥਿਆਰਬੰਦ ਲੋਕ ਮੰਚ 'ਤੇ ਆਉਂਦੇ ਹਨ ਤੇ ਲਾਸ਼ਾਂ ਦੁਆਲੇ ਮਾਰਚ ਕਰਦੇ ਹਨ। ਇੱਕ ਬੰਦਾ ਹਿੰਸਕ ਜਿਬਰਿਸ਼ ਵਿੱਚ ਉਨ੍ਹਾਂ ਨੂੰ ਮੁਖ਼ਾਤਬ ਹੁੰਦਾ ਹੈ। ਲਾਸ਼ਾਂ 'ਚ ਜਾਨ ਪੈਂਦੀ ਹੈ। ਗਨੀ ਖਾਂ ਹੈਰਾਨ ਹੋਇਆ ਸਭ ਦੇਖਦਾ ਹੈ, ਉਸਦੇ ਕੁਝ ਪੱਲੇ ਨਹੀਂ ਪੈ ਰਿਹਾ। ਲਾਸ਼ਾਂ ਉਠਣ ਲਗਦੀਆਂ ਹਨ।)*

ਗਨੀ ਖਾਂ : ਯਾ ਖ਼ੁਦਾ! ...ਲਾਸ਼ਾਂ ਉਠਣ ਲੱਗੀਆਂ! ਕਿਆਮਤ...! *(ਖ਼ੁਦ ਨੂੰ ਟੋਹ ਕੇ ਦੇਖਦੇ ਹੈ।)* ਹਸ਼ਰ ਦਾ ਦਿਹਾੜਾ!

*(ਲਾਸ਼ਾਂ ਦੇ ਦੁਆਲੇ ਚਲਦੀ ਫ਼ੌਜੀ ਡ੍ਰਿਲ ਹੋਰ ਤੇਜ ਹੋ ਜਾਂਦੀ ਹੈ। ਲਾਸ਼ਾਂ ਵੀ ਉਸ ਫ਼ੌਜ 'ਚ ਸ਼ਾਮਿਲ ਹੋ ਜਾਂਦੀਆਂ ਹਨ। ਉਹ ਆਪਣੇ ਸ਼ਰੀਰਾਂ ਨੂੰ ਇੰਜ ਦੇਖਦੀਆਂ ਹਨ ਜਿਵੇਂ ਉਨ੍ਹਾਂ 'ਚੋਂ ਹਥਿਆਰ ਉੱਗ ਰਹੇ ਹੋਣ। ਹਰ ਪਾਸੇ ਤੋਂ ਲੋਗ ਇਸ ਫ਼ੌਜ 'ਚ*

*ਆ ਸ਼ਾਮਿਲ ਹੁੰਦੇ ਹਨ। ਤੇ ਇੱਕ ਜਣਾ ਕੂਕਦਾ ਹੈ : "ਯਾਲਗਾਰ"! ਸਾਰੇ ਹਮਲਾਵਰ ਪੋਜ਼ ਲਈ ਕੂਕਦੇ ਹੋਏ ਅੱਡੋ-ਅੱਡ ਦਿਸ਼ਾਵਾਂ ਵੱਲ ਟੁੱਟ ਪੈਂਦੇ ਹਨ।)*

ਗਨੀ ਖਾਂ : *(ਕੰਬ ਰਿਹਾ ਹੈ)* ਯਾ ਖ਼ੁਦਾ ਅਸੀਂ ਘਿਰ ਗਏ ਆਂ। ਗੌਰ ਨਾਲ ਇੱਕ ਦਿਸ਼ਾ 'ਚ ਦੇਖਦਾ ਤੇ ਪਛਾਣਦਾ ਹੈ) ਹਾਂ, ਉਹੀ ਨੇ..., ਪਹਾੜੀ ਰਾਜੇ..., ਮੁਗ਼ਲ ਫ਼ੌਜਾਂ! ਹਾਂ, ਸਾਨੂੰ ਈ ਲਭਦੀਆਂ ਫਿਰਦੀਆਂ। ਨਬੀ ਖੌਰੇ ਕਿਧਰ ਰਹਿ ਗਿਐ! *(ਨਬੀ ਨੂੰ ਵਾਜਾਂ ਮਾਰਦਾ ਬਾਹਰ ਨਿਕਲ ਜਾਂਦਾ ਹੈ।)*

*(ਮੰਚ 'ਤੇ ਹਨੇਰਾ!)*

ਨਬੀ ਖਾਂ : *(ਟੋਂਹਦਾ ਹੋਇਆ ਆਉਂਦਾ)* ਸੱਚਿਆ ਪਾਤਸ਼ਾਹ ਏਨਾ ਸੰਘਣਾ ਹਨੇਰਾ! *(ਦਬੀ ਜ਼ਬਾਨ 'ਚ)* ਗਨੀ..., ਗਨੀ ਖਾਂ..., ਕਿੱਥੇ ਰਹਿ ਗਿਆ ਇਸ ਘੱਲੂਘਾਰੇ 'ਚ। ਕੋਈ ਹੈ, ਕਿਸੇ ਵੇਖਿਆ ਉਸਨੂੰ! *(ਦਰਸ਼ਕਾਂ ਵੱਲ ਨੂੰ)* ਤੁਸੀਂ ਵੇਖਿਆ? ਗਨੀ ਖਾਂ..., ਮੇਰਾ ਵੀਰ... ਵਿਛੜ ਗਿਆ ਮੈਥੋਂ, ...ਏਸ ਕਿਆਮਤ ਦੀ ਵਰਦੀ ਅੱਗ ਵਿੱਚ! *(ਜਿਵੇਂ ਮਨ ਨੂੰ ਝਟਕਾ ਲਗਦਾ ਹੈ)* ਕੀ...! ਕੀ ਕਿਹਾ ਤੁਸੀਂ!! ਤੁਸੀਂ ਜਾਣਦੇ ਨਹੀਂ!!! ਮੈਂ... ਮੈਂ ਨਬੀ ਆਂ... ਉਹ ਗਨੀ...! ਪੰਜਾਬ ਦਾ ਕਿਣਕਾ-ਕਿਣਕਾ ਜਾਣਦਾ ਸਾਨੂੰ। ਕਹਿਰ ਦਾ ਸਮਾਂ ਸੀ! ਤੇ ਅਗੰਮੀ ਨੂਰ ਦੀ ਉਹ ਜੋਤ... ਦਸਵੀਂ ਪਾਤਸ਼ਾਹੀ...! ਤੇ ਚਾਰੇ ਪਾਸੇ ਮੁਗ਼ਲ ਫ਼ੌਜਾਂ...। *(ਆਸੇ-ਪਾਸੇ ਦੇਖਦਾ)* ਅਸੀਂ ਓ ਮੁਗ਼ਲਾਂ ਦੇ ਘੇਰੇ 'ਚੋਂ ਕੱਢ ਕੇ ਲੈ ਕੇ ਗਏ ਸੀ ਉਨ੍ਹਾਂ ਨੂੰ..., ਉੱਚ ਦਾ ਪੀਰ ਬਣਾ ਕੇ! *(ਹਫ਼ਦਾ ਹੈ)* ਹਲਕਾਏ ਕੁੱਤਿਆਂ ਵਾਂਗ ਮੁਗ਼ਲ ਫ਼ੌਜੀ ਪੈੜ ਸੁੰਘਦੇ ਫਿਰਦੇ! *(ਚੁੱਪੀ ਪਿੱਛੋਂ ਹੂ ਹੂ ਦੀਆਂ ਆਵਾਜ਼ਾਂ...।)* ਲਗਦਾ ਐ ਕੁਝ ਵੀ ਨਹੀਂ ਬੀਤਿਆ! ਇਹ ਸਮਾ ਸਿਰਫ਼ ਛਲਾਵਾ ਏ! *(ਆਵਾਜ਼ਾਂ ਦੂਰ ਜਾਂਦੀਆਂ ਲਗਦੀਆਂ ਹਨ।)* ਪਰ ਮੇਰਾ ਯਾਰ ਗੁੰਮ ਗਿਆ ਏ ਖ਼ੂਨ ਦੀ ਇਸ ਹਨੇਰੀ ਨੇ...! ਗੁਰੂ ਦੀ ਸੌਂਹ ਏ ਤੁਹਾਨੂੰ! ਚੁੱਪ ਨਹੀਂ ਰਹਿ ਸਕਦੇ ਤੁਸੀਂ! ਜਵਾਬ ਦੇਣਾ ਪਵੇਗਾ ਤੁਹਾਨੂੰ। ਮੈਨੂੰ ਨਹੀਂ ਉਸ ਸੱਚੇ ਪਾਤਸ਼ਾਹ ਨੂੰ! ਉਸ ਦਾ ਵਾਇਦਾ ਸੀ..., ਫ਼ਰਜੰਦ ਆਖਿਆ ਸੀ ਸਾਨੂੰ ਆਪਣਾ! ਗੁਰੂ ਦੇ ਬੇਟੇ ਆਂ ਅਸੀਂ! ਗੁਰੂ ਦੇ ਬੇਟੇ! ਗਨੀ..., ਗਨੀ ਖਾਂ..., ਗੁਰੂ ਦਾ ਬੇਟਾ ਏਂ ਤੂੰ...। *(ਹਨ੍ਹੇਰੇ 'ਚ ਟਟੋਲਦਾ ਹੋਇਆ ਮੰਚ 'ਤੇ ਲੱਭਦਾ ਫਿਰਦਾ ਹੈ।)*

*(ਪਿੱਛੋਂ ਜੈ ਸ਼੍ਰੀ ਰਾਮ! ਤੇ ਜੰਗੀ ਨਗਾੜੇ ਦੀਆਂ ਹਲਕੀਆਂ ਹਲਕੀਆਂ ਆਵਾਜ਼ਾਂ ਆਉਂਦੀਆਂ ਹਨ! ਦੂਜੇ ਪਾਸਿਓਂ ਗਨੀ ਖਾਂ*

*ਮਾੜੀ ਹਾਲਤ 'ਚ ਉਸਨੂੰ ਲਭਦਾ ਹੋਇਆ ਆਉਂਦਾ ਹੈ। ਦੋਹੇਂ ਟਕਰਾਉਂਦੇ ਹਨ ਤੇ ਡਰ ਜਾਂਦੇ ਹਨ।)*

ਗਨੀ ਖਾਂ : ਕੌਣ ਏ..., ਕੌਣ! ਮ ਮੈਂ... *(ਅੱਖਾਂ ਮੀਚ ਲੈਂਦਾ ਹੈ)* ਛੱਡ ਦਿਓ ਮੈਨੂੰ! ਛੱਡ ਦਿਓ...

ਨਬੀ ਖਾਂ : ਗਨੀ! ਮੈਂ ਹਾਂ! ਮੈਂ ਨਬੀ! ਅੱਖਾਂ ਖੋਲ! *(ਉਸਨੂੰ ਝੰਜੋੜਦਾ ਹੈ)* ਤੂੰ ਵੀ ਨਹੀਂ ਪਛਾਣਦਾ ਮੈਨੂੰ!

ਗਨੀ ਖਾਂ : *(ਗੌਰ ਨਾਲ ਦੇਖਦਾ ਹੈ)* ਵਿਸ਼ਵਾਸ ਹੀ ਨਹੀਂ ਰਿਹਾ! ਸਭ ਪਛਾਣਾਂ ਬਦਲ ਗਈਆਂ, ...ਪਿਘਲ ਗਈਆਂ। *(ਡਰਿਆ ਹੋਇਆ)* ਔਰੰਗਜ਼ੇਬ! ਇੱਕੋ ਵੇਲੇ ਇੰਨੇ..., ਇੰਨੇ ਸਾਰੇ ਔਰੰਗਜ਼ੇਬ! ਏਹ ਦੇਖ... ਹੋਂਕਦੇ ਫਿਰਦੇ!

ਨਬੀ ਖਾਂ : ਤੈਨੂੰ ਈ ਸ਼ੌਕ ਚੜਿਆ ਸੀ... ਹਿੰਦੋਸਤਾਨ ਦੇਖਣਾ! ਔਰੰਗਜ਼ੇਬ ਤੋਂ ਬਾਦ ਦਾ... ਹਿੰਦੋਸਤਾਨ!

ਗਨੀ ਖਾਂ : ਪਰ ਉਹ ਇੱਥੇ ਆਏ ਕਿਵੇਂ...? ਇੰਨੀਆਂ ਸਦੀਆਂ ਬਾਦ ਵੀ... ਹਰ ਮੋੜ..., ਹਰ ਗਲੀ 'ਤੇ ਉਹੀ...

ਨਬੀ ਖਾਂ : ਚੁੱਪ ਰਹਿ! ਮਰਵਾਏਂਗਾ! *(ਹੱਥ ਜੋੜਦਾ ਹੈ)* ਜੇ ਇੱਥੇ ਰਹਿਣਾ ਏ ਤਾਂ ਸਿੱਖਣਾ ਪਵੇਗਾ... ਚੁੱਪ ਰਹਿਣ ਦੀ ਮਸ਼ਕ ਕਰ! *(ਮੂੰਹ 'ਤੇ ਉਂਗਲ ਰਖਦਾ ਹੈ।)*

(ਖ਼ਾਮੋਸ਼ੀ)

ਗਨੀ ਖਾਂ : ਫੇਰ ਤਾਂ ਇਹ ਜੁਗ ਗੂੰਗਾ ਹੋ ਜਾਏਗਾ! *(ਚੁੱਪੀ)* ਇਸ ਨੂੰ ਜ਼ਬਾਨ ਦੇਣੀ ਬਣਦੀ ਏ... ਨਬੀ! ਬਾਜਾਂ ਵਾਲੇ ਨੇ ਸ਼ਾਇਦ ਇਸੇ ਲਈ ਭੇਜਿਆ ਸਾਨੂੰ!

ਨਬੀ ਖਾਂ : ਕੌਣ ਸੁਣੇਗਾ? ਕਿਸਨੂੰ ਸੁਣਾਏਂਗਾ! ਸੂਬੇ ਨੂੰ? ਸੂਬਾ ਸਰਹਿੰਦ, ਮੀਸਣਾ ਹੋਇਆ ਹਿੰਦੂ ਹਿੰਦੂ ਚੰਘਾੜਦਾ ਫਿਰਦਾ। ਕੰਜਕਾਂ ਦੇ ਪੈਰ ਵੀ ਧੋਂਦਾ! ਮੈਂ ਦੇਖਿਆ ਉਸਨੂੰ ਸੱਤ ਸਾਲ ਦੇ ਅਬੂ ਦੇ ਮਗਰ...। ਅਬੂ... ਹਿਰਨੌਟੇ ਵਰਗਾ ਅਬੂ ਜਾਨ ਲੁਕੋਂਦਾ ਭੱਜਿਆ ਫਿਰਦਾ। ਮੂਹਰੇ ਪੁਲੀਸ ਤੇ ਪਿੱਛੇ ਭੀੜ। ਨਵਾਬ ਨੇ ਇਸ਼ਾਰਾ ਕੀਤਾ, ਪੁਲੀਸ ਨੇ ਗੋਲੀ ਚਲਾਈ ਤੇ ਅਬੂ..., ਵਾਪਿਸ ਨੱਸ ਪਿਆ..., ਭੀੜ ਨੇ ਅੱਗ ਲਾਈ ਤੇ ਪੁਲੀਸ ਵਾਲਿਆਂ ਚੁੱਕਿਆ ਤੇ...! *(ਫ਼ਿੱਸ ਪੈਂਦਾ ਹੈ ਜਿਵੇਂ ਸਭ ਦੇਖ ਰਿਹਾ ਹੋਵੇ)* ਧਰਮ ਦੀ ਜੈ ਦੇ ਨਾਹਰੇ ਲਗਦੇ ਰਹੇ। ਤੇ ਅਬੂ ਸੜਦਾ ਰਿਹਾ! ...ਤੇ ਉਹ ਸੂਬਾ ਸਰਹਿੰਦ, ਸਭ ਬਦਲ ਗਿਆ, ਹਾਂ, ਚੇਹਰਾ-ਮੋਹਰਾ, ਪਹਿਰਾਵਾ, ਬੋਲੀ

ਸਭ..., ਪਰ ਅੱਖਾਂ ਉਹੀ ਨੇ..., ਉਹੀ ਚਮਕ ਵਹਿਸ਼ੀ!

ਗਨੀ ਖਾਂ : *(ਯਾਦ ਕਰਦੇ ਹੋਏ)* ਜੇ ਆਪਾਂ ਨਾ ਆਉਂਦੇ ਤਾਂ ਉਸਨੂੰ ਪਛਾਣਦਾ ਕੌਣ!

ਗਨੀ ਖਾਂ : ਪਰ ਫ਼ਰਕ ਕੀ ਪੈਂਦਾ ਤੇਰੇ ਪਛਾਣਨ ਨਾਲ? ਜਾਣਦਾਂ, ਹੁਣ ਹਿੰਦੂ ਹੋ ਗਿਆ ਉਹ। ਪਰ ਉਹ ਹਿੰਦੂ ਹੈ ਨਹੀਂ!

ਨਬੀ ਖਾਂ : *(ਹੋਰ ਉੱਚੀ ਬੋਲਦਾ ਹੈ)* ਜਾਣਦਾ ਹਾਂ! ਭੁੱਲਿਆ ਤਾਂ ਇਹ ਵੀ ਨਹੀਂ ਕਿ ਉਹ... ਕਿੰਨੇ ਕੁ ਮੁਸਲਮਾਨ ਸਨ... ਗਰਦਨਾਂ ਸਮੇਤ ਜਿਹੜੇ ਜੰਜੂਆਂ ਦਾ ਭਾਰ ਤੋਲਦੇ ਸੀ! *(ਹੌਕਾ)* ਪਰ ਦੱਸੇਂਗਾ ਕਿਸਨੂੰ? ਕੋਈ ਹੈ ਇੱਥੇ ਸੁਣਨ ਵਾਲਾ। *(ਦਰਸ਼ਕਾਂ ਵੱਲ)* ਅੱਜ ਵੀ ਉਹ... ਕੱਪੜਿਆਂ ਤੋਂ ਪਾਰ ਤੇ ਚੇਹਰਿਆਂ ਤੋਂ ਡੂੰਘਾ ਨਹੀਂ ਦੇਖ ਸਕਦੇ! ਅਸੀਂ ਅਟਕ ਗਏ ਆਂ, ਅਜੀਬ ਦਲਦਲ ਏ ਇੰਦ੍ਰੀਆਂ ਦੀ..., ਮਨ ਦੀ..., ਫ਼ਸ ਕੇ ਰਹਿ ਗਏ ਆਂ... ਉਸ ’ਚ! ਕਿਵੇਂ ਦੱਸੇਂਗਾ ਕਿ ਮੈਂ ਉਹ ਨਹੀਂ... ਹਾਂ ਜੋ ਤੁਸੀਂ ਸਮਝਦੇ ਹੋ..., ਮੈਂ ਤਾਂ ਗੁਰੂ ਦਾ ਬੇਟਾ ਹਾਂ...

*(ਪਿੱਛੋਂ ਸਵਾਮੀ ਦੀ ਆਵਾਜ਼ ਗੂੰਜਦੀ ਹੈ : “ਕੋਈ ਬੋਲਿਆ! ਫੇਰ ਕੋਈ ਆਵਾਜ਼ ਆਈ! ਨਬੀ ਗਨੀ ਖਾਂ ਦਾ ਮੂੰਹ ਦਬਾਈ ਇੱਕ ਨੁੱਕਰੇ ਲੈ ਜਾਂਦਾ ਹੈ। ਉਹ ਛੁੱਟਣ ਦੀ ਕੋਸ਼ਿਸ਼ ਕਰਦਾ ਹੈ! ਸਵਾਮੀ ਤੇ ਉਸਦੇ ਚੇਲੇ ਆਉਂਦੇ ਹਨ।)*

ਸਵਾਮੀ : ਇਸੇ ਪਾਸਿਓਂ ਆਈ ਸੀ ਆਵਾਜ਼! *(ਉਹ ਆਪਣਾ ਸਿਰ ਤੇ ਮੱਥਾ ਬੁਰੀ ਤਰ੍ਹਾਂ ਖੁਰਕ ਰਿਹਾ ਹੈ)* ਫੇਰ ਕਿਸੇ ਫਨੀਅਰ ਨੇ ਸਿਰ ਚੁੱਕਿਆ!

*(ਚੇਲੇ ਹਵਾ ’ਚ ਤਲਵਾਰਾਂ ਮਾਰ ਟੋਂਹਦੇ ਨੇ।)*

੨ : ਕੋਈ ਨਹੀਂ ਹੈ ਸਵਾਮੀ ਜੀ! ਐਵੇਂ ਵਹਿਮ ਹੋਇਆ ਤੁਹਾਨੂੰ!

੧ : ਅਸੀਂ ਇਸ ਆਵਾਜ਼ ਨੂੰ ਦਫ਼ਨ ਕਰ ਦਿੱਤਾ ਹੈ, ਹਮੇਸ਼ਾ ਲਈ!

੨ : ਇਹ ਹਰਾਮੀ ਹੁਣ ਮਾਂ ਦੀ ਕੁੱਖ ’ਚੋਂ ਵੀ ਝਾਕਣ ਦੀ ਜੁਰਅਤ ਨਹੀਂ ਕਰਨਗੇ।

*(ਪਿੱਛੋਂ ਜੰਗੀ ਨਗਾੜਿਆਂ ਤੇ ਹੂਅ... ਹੂਅ ਦੀਆਂ ਆਵਾਜ਼ਾਂ ਆਉਂਦੀਆਂ ਹਨ! ਸਵਾਮੀ ਸਮੇਤ ਸਭ ਬਾਹਰ ਭੱਜਦੇ ਹਨ। ਨਬੀ ਉਨ੍ਹਾਂ ਦੇ ਮਗਰ ਜਾ ਕੇ ਦੇਖਦਾ ਹੈ।)*

ਗਨੀ ਖਾਂ : ਤੂੰ ਮੈਨੂੰ ਬੋਲਣ ਕਿਉਂ ਨਹੀਂ ਦਿੱਤਾ। *(ਨਬੀ ਕੁਝ ਕਹਿਣ ਲਗਦਾ ਹੈ)* ਮੇਰਾ

ਅੰਦਰ ਫਟ ਜਾਏਗਾ ਜੇ ਮੈਂ ਚੁੱਪ ਰਿਹਾ ਤੇ...! ਸੌਂ ਨਹੀਂ ਸਕਦਾ, ਅੱਖਾਂ ਮੀਚਦਾਂ... ਤਾਂ... ਸਿਵੇ ਈ ਸਿਵੇ ਦਿਖਦੇ..., ਬੱਚਿਆਂ ਦੀ ਪਿਘਲਦੀ ਚਰਬੀ, ...ਬੋ ...ਸੜਾਂਦ! *(ਉਸਦਾ ਦਮ ਘੁੱਟਦਾ ਹੈ)*

ਨਬੀ ਖਾਂ : ਹੁਕਮਰਾਨ ਤਾਂ ਸੁਣਿਆ ਨੇਕ ਰੂਹ ਹੈ, ਰਾਜਧਰਮ ਦੀ ਗੱਲ ਕਰਦਾ...

ਗਨੀ ਖਾਂ : *(ਟੁੱਟ ਕੇ ਪੈਂਦਾ)* ਇਨ੍ਹਾਂ ਦਾ ਰਾਜਧਰਮ ਵੀ ਇਨ੍ਹਾਂ ਵਰਗਾ! ਨਿਰਾ ਮੁਖੌਟਾ..., ਪਿੱਛੇ ਕੁਝ ਵੀ ਨਹੀਂ, ...ਜਿਹੜਾ ਮਾੜਾ ਮੋਟਾ ਵੀ ਧੜਕਦਾ ਹੋਵੇ। ਮੈਂ ਦੇਖਿਆ.., ਖ਼ੁਦ ਦੇਖਿਆ...! ਰਾਜ ...ਧਰਮ! *(ਜਿਵੇਂ ਕੁਝ ਯਾਦ ਕਰ ਰਿਹਾ ਹੋਵੇ)* ਜ਼ਰਾ ਵੀ ਤੇ ਨਹੀਂ ਬਦਲਿਆ!... ਹਨੇਰੀਆਂ ਕੋਠੜੀਆਂ... ਸਿੱਲੀਆਂ... ਡਰੇ ਦੁਬਕੇ ਬੈਠੇ ਲੋਕ..., ਗੱਡੀ ਦੀ ਅੱਗ..., ਪਿਘਲਦੀ ਚਰਬੀ ਪੀਲੀ ਜਰਦੀ ਬਣ ਕੇ ਉਨ੍ਹਾਂ ਦੇ ਚੇਹਰਿਆਂ 'ਤੇ ਜੰਮ ਗਈ ਸੀ। ਇਤਿਹਾਸ ਅੱਖਾਂ 'ਚੋਂ ਕੰਬ ਰਿਹਾ ਸੀ, ਮੌਤ ਬਣ ਕੇ! ਰਾਜਧਰਮ ਵਾਲੇ ਸੌਂ ਕਿਵੇਂ ਜਾਂਦੇ। ਲਾ ਦਿੱਤਾ ਕਰਫ਼ਿਊ... ਨਾ ਸਾਰੇ ਸ਼ਹਿਰ 'ਤੇ ਨਹੀਂ! ਇਹ ਕਰਫ਼ਿਊ ਵੀ *(ਹਰ ਸ਼ਬਦ 'ਤੇ ਜ਼ੋਰ ਦੇ ਕੇ)* ਜਜ਼ੀਏ ਵਰਗਾ ਸੀ, ਸਿਰਫ਼ ਕੁਝ ਬਸਤੀਆਂ 'ਤੇ ਈ। *(ਵਿਅੰਗ ਭਰੀ ਹਾਸੀ)* ਥਾਵਾਂ ਅਦਲ-ਬਦਲ ਗਈਆਂ ਸੀ! ਭੀੜਾਂ ਜੁੜ ਜੁੜ ਕੇ ਉਸ ਬਸਤੀ 'ਤੇ ਧਾ ਪਈਆਂ, ਸਾਰਾ ਸ਼ਹਿਰ ਉਲਰਦਾ ਆ ਰਿਹਾ ਸੀ ਏਧਰ ਨੂੰ! ਭੀੜ ਨੇ ਅੱਗ ਲਾਈ ਤੇ ਬਾਕੀ ਕੰਮ ਕੀਤਾ ਪੁਲੀਸ ਨੇ, ਘੇਰਾ ਪਾ ਲਿਆ ਬਸਤੀ ਨੂੰ! ਬਸਤੀ ਮੱਚ ਪਈ, ਲਪਟਾਂ ਈ ਲਪਟਾਂ, ਬਲਦੇ ਭਾਂਬੜਾਂ 'ਚੋਂ ਬੁਰਕੇ ਸੰਭਾਲਦੀਆਂ ਤ੍ਰੀਮਤਾਂ ਬੱਚੇ ਕੁਛੜ ਮਾਰੀ ਬਾਹਰ ਵੱਲ ਦੌੜੀਆਂ...! *(ਨਬੀ ਨੂੰ ਫੜ ਲੈਂਦਾ ਹੈ)* ਮੋਹਰਿਓਂ ਰਾਜਧਰਮ ਵਾਲਿਆਂ... *(ਜਿਵੇਂ ਗੋਲੀਆਂ ਵਜਦੀਆਂ ਹਨ)* ਤਾੜ ਤਾੜ ਤਾੜ ਵਰਾ ਛੱਡੀਆਂ ਗੋਲੀਆਂ! ਡੰਕਾ ਵੱਜਿਆ... ਰਾਜਧਰਮ ਦਾ : "ਪੁਲੀਸ ਨੇ... ਦੰਗਈਆਂ 'ਤੇ ਗੋਲੀ ਚਲਾਈ! ਜਿਹੜਾ ਕਰਫ਼ਿਊ ਤੋੜਨ ਦੀ ਕੋਸ਼ਿਸ਼ ਕਰੇ... ਗੋਲੀ...!" *(ਹੌਂਕਾ)*

ਨਬੀ ਖਾਂ : ਬਸ ਕਰ, ਬਸ ਕਰ! ਚੁੱਪ ਹੋ ਜਾ!

ਗਨੀ ਖਾਂ : ਨਹੀਂ! ਬੋਲਣ ਦੇ ਮੈਨੂੰ! *(ਆਲੇ ਦੁਆਲੇ ਖਲਾ 'ਚ ਦੇਖਦਾ ਹੋਇਆ)* ਕੋਈ ਤਾਂ ਹੋਏਗਾ ਜੋ ਸੁਣਦਾ ਹੋਏਗਾ! ਅੱਬੂ..., ਸਲਮਾ...! *(ਸੁਣਦਾ ਹੈ)* ਚੀਖ ਚਿਹਾੜਾ... ਥੋੜੀ ਚਿਰ ਦਾ... ਤੇ ਫੇਰ ਸੰਨਾਟਾ...! ਬਸਤੀ ਮੁੱਠੀ ਭਰ ਸੁਆਹ 'ਚ ਬਦਲ ਗਈ! ਡੰਕਾ ਰਾਜਧਰਮ ਦਾ ਫੇਰ ਬੋਲਿਆ : "ਸਰਕਾਰ ਆਪਣਾ ਕੰਮ ਕਰ ਰਹੀ ਹੈ। ਛੱਤੀ ਘੰਟਿਆਂ ਦੇ ਅੰਦਰ ਅਮਨ ਕਾਇਮ!"

ਤੇ ਉਹ ਚੌਥੀ ਦਿਨ ਲੁਕਦੀ ਲੁਕਾਂਦੀ ਖੇਤਾਂ, ਜੰਗਲਾਂ 'ਚੋਂ ਹੁੰਦੀ, ਮੀਲੋ ਮੀਲ ਗਾਂਹਦੀ ਉੱਥੇ ਜਾ ਪਹੁੰਚੀ, ਤੰਬੂ ਲੱਗੇ ਸੀ... ਰਿਫ਼ੂਜ਼ੀਆਂ ਲਈ, ਬੱਚਿਆਂ, ਬੁੜਿਆਂ ਤੇ ਬੇਵਾ ਔਰਤਾਂ ਦੀ ਭਰਮਾਰ ਸੀ ਚਾਰੇ ਪਾਸੇ... ਕੁਰਬਲ ਕੁਰਬਲ! ਹਾਲੇ ਸਾਹ ਵੀ ਨਹੀਂ ਸੀ... ਨਿਕਲਿਆ ਕਿ ਰਾਜਧਰਮ ਕੂਕਿਆ : "ਫ਼ਾਇਰ!" ਪੁਲੀਸ ਨੇ ਕੈਂਪ 'ਤੇ ਗੋਲੀ ਚਲਾ ਦਿੱਤੀ! ਕਿਉਂ ਕਿ ਬਾਹਰ ਅੱਧੀ ਫ਼ਰਲਾਂਗ 'ਤੇ ਕੋਈ ਬੰਬ ਫਟਿਆ ਸੀ..., ਤੇ ਉਹ ਆਏ ਸਨ ਦਹਿਸ਼ਤਗਰਦਾਂ ਦੀ ਭਾਲ 'ਚ!

(ਚੁੱਪੀ!)

ਨਬੀ ਖਾਂ : ਹੋ ਸਕਦਾ ਏ ਉਹਨੂੰ ਖਬਰ ਈ ਨਾ ਹੋਵੇ ਕਿ.......

ਗਨੀ ਖਾਂ : *(ਕੱਟ ਕੇ)* ਇਹ ਮੁਗ਼ਲਾਂ ਦਾ ਜ਼ਮਾਨਾ ਨਹੀਂ ਏ ਨਬੀ ਕਿ ਦੱਖਣ 'ਚ ਬੈਠੇ ਤੁਹਾਨੂੰ ਇਹ ਖ਼ਬਰ ਈ ਨਾ ਹੋਵੇ ਕਿ ਦਿੱਲੀ 'ਚ ਕੀ ਹੋ ਰਿਹਾ ਏ ਤੇ ਕਸ਼ਮੀਰ 'ਚ ਕੀ। ਖ਼ਬਰਾਂ ਨੂੰ ਤਾਂ ਏਥੇ ਫੰਗ ਲੱਗੇ ਨੇ... ਫੰਗ! *(ਚੁੱਪੀ)* ਫੇਰ ਖ਼ਬਰ ਆਈ ਕਿ ਉਹ ਆ ਰਿਹਾ ਏ... ਦਿੱਲੀਓਂ! ਮੁਖੌਟਾ ਬਹੁਤ ਸੋਹਣਾ ਸੀ ਉਸਦਾ! ਮੈਂ ਵੀ ਕੀਲਿਆ ਗਿਆ ਇੱਕ ਵੇਰ ਤਾਂ! ਉਹ ਸ਼ਾਹਿਦ ਦੇ ਗੱਲ ਲੱਗ ਰੋਇਆ! ਸਿਕੰਦਰ ਨੂੰ ਬੁਕਲ 'ਚ ਲੈ ਘੁੱਟਿਆ। ਮੈਨੂੰ ਉਮੀਦ ਬੱਝੀ ਕਿ ਹੁਣ ਰੇਸ਼ਮਾ ਨੂੰ ਦਵਾ ਮਿਲ ਜਾਏਗੀ। ਅੱਧਿਓਂ ਵੱਧ ਸੜ ਗਈ ਸੀ ਉਹ! ਜ਼ਖਮਾਂ ਦੀ ਟੀਸ ਅੱਖਾਂ ਨੀ ਸੀ ਮੀਚਣ ਦਿੰਦੀ! ਸ਼ਾਹਿਦ ਦਾ ਵੀ ਬੁਖਾਰ ਹਫ਼ਤੇ 'ਤੋਂ ਟੁੱਟ ਹੀ ਨਹੀਂ ਸੀ ਰਿਹਾ। ਉਸਦੇ ਹੂੰਗੇ ਰਾਤ ਦੇ ਸੰਨਾਟੇ 'ਚ ਗੂੰਜਦੇ ਰਹਿੰਦੇ! ਪਰ... ਇੱਕ ਰਾਤ ਪਹਿਲਾਂ ਆਏ ਡਾਕਟਰ ਤਾਂ ਉਸਦੇ ਮਗਰ ਮਗਰ ਈ ਤੁਰ ਗਏ... ਬਿਸਤਰਾ ਵਲੇਟ ਕੇ! ਸ਼ਾਹਿਦ ਤੜਪਦਾ ਰਿਹਾ! ਯਾਸਮੀਨ ਨੇ ਪੈਰ ਫੜੇ! ਪਰ ਕਿਸੇ ਨੇ ਇੱਕ ਨਾ ਸੁਣੀ!

*(ਫੁੱਟ-ਫੁੱਟ ਕੇ ਰੋ ਪੈਂਦਾ ਹੈ! ਤੇ ਫੇਰ ਚੁੱਪੀ ਤੋਂ ਬਾਦ ਡੰਕਾ ਵੱਜਦਾ ਹੈ!)*

੨ : *(ਉਸਦੇ ਹੱਥ 'ਚ ਨੰਗੀ ਕਿਰਪਾਣ ਹੈ ਜਿਸ 'ਤੇ ਮੁਸਲਮਾਨੀ ਟੋਪੀ ਟੰਗੀ ਹੋਈ ਹੈ)* ਹੋਸ਼ਿਆਰ! ਖਬਰਦਾਰ! ਬਾ ਹੁਕਮ ਰਾਜਧਰਮ ਸਰਕਾਰ... ਤਮਾਮ ਲੁਕਾਈ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਦੇਸ਼ ਵਿੱਚ ਧਰਮ ਦੀ ਸਥਾਪਨਾ ਹੋ ਚੁੱਕੀ ਹੈ। ਦੇਸ਼ ਦਾ ਜੁਗਾਂ ਪੁਰਾਣਾ ਗੌਰਵ ਬਹਾਲ ਹੋਇਆ ਹੈ। ਅੱਜ ਤੋਂ... ਹੁਣ ਤੋਂ ਜੋ ਵੀ ਕੋਈ ਤੁਰਕ ਮਲੇਛ ਆਪਣੀਆਂ ਹਰਕਤਾਂ ਨਾਲ ਇਸ ਗੌਰਵ ਨੂੰ ਦਾਗ਼ਦਾਰ ਕਰਨ ਦੀ ਜੁਰਅਤ ਕਰੇਗਾ ਜਾਂ ਆਪਣੀਆਂ

ਬਾਂਗਾਂ ਨਾਲ ਇਸ ਪਾਵਨ ਹਵਾ ਨੂੰ ਦੂਸ਼ਤ ਕਰਨ ਦੀ ਕੋਸ਼ਿਸ਼ ਕਰੇਗਾ..., ਆਪਣੀ ਹੋਣੀ ਲਈ ਉਹ ਖ਼ੁਦ ਹੀ ਜ਼ਿੰਮੇਦਾਰ ਹੋਵੇਗਾ! ਜੋ ਵੀ ਕੋਈ ਇਸ ਪੁੰਨ ਭੂਮੀ 'ਤੇ ਰਹਿਣਾ ਚਾਹੁੰਦਾ ਹੈ ਉਸਨੂੰ ਰਾਜਧਰਮ ਦਾ ਬਾਣਾ ਧਾਰਣਾ ਪਵੇਗਾ! ਉਸੇ ਦੀ ਬੋਲੀ ਬੋਲਣੀ ਪਵੇਗੀ। ਗੌਰਵ ਦਾ ਇਹ ਸੁਨੇਹਾ ਲੈ ਕੇ ਸਵਾਮੀ ਜੀ ਖ਼ੁਦ ਹਰ ਨਗਰ ਹਰ ਪਿੰਡ ਦੀ ਯਾਤਰਾ ਕਰ ਰਹੇ ਹਨ!

*(ਢਿੰਢੋਰੇ ਵਾਲੇ ਦੇ ਪਿੱਛੇ ਪਿੱਛੇ ਭੀੜ ਮੰਚ 'ਤੇ ਦਾਖਿਲ ਹੁੰਦੀ ਹੈ। ਉਨ੍ਹਾਂ ਨੇ ਸਵਾਮੀ ਨੂੰ ਮੋਢਿਆਂ 'ਤੇ ਚੁੱਕਿਆ ਹੋਇਆ ਹੈ। ਸਵਾਮੀ ਫੁੱਲਾਂ ਨਾਲ ਲੱਦਿਆ ਹੈ ਤੇ ਸਭ ਨੂੰ ਹੱਥ ਜੋੜ ਰਿਹਾ ਹੈ। ਪਿੱਛੋਂ ਢੋਲ ਨਗਾੜੇ ਵੱਜ ਰਹੇ ਹਨ! ਫੁੱਲ ਬਰਸਾਏ ਜਾ ਰਹੇ ਹਨ।)*

ਗਨੀ ਖਾਂ : ਤੈਨੂੰ ਕੀ ਲਗਦਾ ਐ ਕਿ।..ਉਸਨੂੰ ਖ਼ਬਰ ਹੀ ਨਹੀ ਹੋਇਗੀ ਇਸਦੀ?

(ਚੁੱਪੀ!)

ਗਨੀ ਖਾਂ : ਚਲ ਉਠ! ਹੁਣ ਇੱਥੇ ਰਹਿਣ ਦਾ ਕੋਈ ਧਰਮ ਨਹੀਂ! ਹਰ ਮੱਥੇ 'ਚ ਕੰਧ ਉੱਗੀ ਏ ਸਰਹਿੰਦ ਦੀ! ਗੜੀ ਚਮਕੌਰ ਨਸਾਂ 'ਚ ਫ਼ਸੀ ਬੈਠੀ ਹੈ! ਖ਼ੂਨ 'ਚ ਹਥਿਆਰਾਂ ਦੇ ਬੀਅ ਜੜ੍ਹਾਂ ਫੜ ਗਏ! ਚਲ ਤੁਰ ਇੱਥੋਂ!

ਆਵਾਜ਼ : ਗਗਨ ਦਮਾਮਾ ਬਾਜਿਓ, ਪਰਿਹੋ ਨਿਸ਼ਾਨੇ ਘਾਓ!

ਖੇਤ ਜੋ ਮਾਂਡਿਓ ਸੂਰਮਾ, ਅਬ ਜੂਝਨ ਕਾ ਦਾਓ!!

ਨਬੀ ਖਾਂ : ਨਹੀਂ ਗਨੀ! ਅਸੀਂ ਇੰਜ ਨਹੀਂ ਭੱਜਾਂਗੇ!

ਗਨੀ ਖਾਂ : ਕਿੱਥੇ ਜਾਏਂਗਾ?

ਨਬੀ ਖਾਂ : ਜਿੱਥੇ ਪੰਡਤ ਗਏ ਸੀ ਕਸ਼ਮੀਰ ਵਾਲੇ!

(ਗਨੀ ਖਾਂ ਉਸਦਾ ਮੂੰਹ ਤਕਦਾ ਰਹਿ ਜਾਂਦਾ ਹੈ।)

ਨਬੀ ਖਾਂ : *(ਉਤਸ਼ਾਹ ਨਾਲ)* ਹਾਂ..., ਅਸੀਂ ਇਸ ਜੁਗ ਨੂੰ ਜ਼ੁਬਾਨ ਦਿਆਂਗੇ! ਜੇ ਸੂਬਾ ਹੈ! ਗੰਗੂ ਦੌੜੇ ਫਿਰਦੇ... ਤਾਂ ਉਹ ਉੱਚ ਦਾ ਪੀਰ ਵੀ ਕਿਤੇ ਹੋਏਗਾ!

ਗਨੀ ਖਾਂ : ਕੀ ਗੱਲਾਂ ਕਰਦਾਂ, ਨਬੀ! ਉਸ ਨੂਰ ਨੂੰ ਗਿਆਂ ਤਾਂ ਜੁਗੜੇ ਹੋਏ!

ਨਬੀ ਖਾ : ਪਰ ਖ਼ਾਲਸਾ!

*(ਸੋਚ ਭਰੀ ਚੁੱਪ ਪਸਰਦੀ ਹੈ।)*

ਨਬੀ ਖਾਂ : ਉਨ੍ਹਾਂ ਇਹ ਵੀ ਤਾਂ ਕਿਹਾ ਸੀ ਕਿ ਖ਼ਾਲਸਾ ਮੇਰੋ ਰੂਪ ਹੈ, ਹਾਂ, ...ਭੀੜ ਪਈ ਤੇ ਉਹ ਸਾਡੀ ਬਾਂਹ ਫੜੇਗਾ! *(ਯਾਦ ਕਰਦੇ ਹੋਏ)* ਯਾਦ ਨਹੀਂ ਤੈਨੂੰ?

ਗਨੀ ਖਾਂ : *(ਗਨੀ ਹਾਂ 'ਚ ਸਿਰ ਹਿਲਾਉਂਦਾ ਹੈ।)* ਯਾਦ ਐ! ਹਾਂ ਨਬੀ! ਯਾਦ ਐ ਮੈਨੂੰ। ਅਸੀਂ ਜਾਵਾਂਗੇ ਉਸੇ ਦਰਬਾਰ 'ਚ! ਖ਼ਾਲਸੇ ਦੇ ਦਰਬਾਰ 'ਚ! ਹਾਂ! ਅਸੀਂ ਨਹੀਂ ਰਹਿਣ ਦੇਣਾ ਇਹ ਮੁਗ਼ਲ ਰਾਜ! ਪੁੱਟ ਦੇਣਾ ਜੜ੍ਹੋਂ!

*(ਦੋਹੇਂ ਗੀਤ ਗਾਉਂਦੇ ਹੋਏ ਮੰਚ 'ਤੇ ਗੋਲ ਚੱਕਰ ਲਾਉਂਦੇ ਹਨ।)*

ਗੀਤ : ਗਲ਼ ਵਿਚ ਪੱਲਾ ਪਾ ਕੇ ਨਾਮ ਜਪਦੇ, ਹਾਂ ਜੀ ਨਾਮ ਜਪਦੇ।
ਸਾਡਾ ਜਾਵੇ ਨਾ ਸਿਦਕ ਭਾਵੇਂ ਸੀਸ ਕਟ ਜੇ,
–ਹਾਂ ਜੀ ਸੀਸ ਕੱਟ ਜੇ
ਤਾਹੀਓਂ ਅਸਾਂ ਸੀਸ ਤਲੀ ਤੇ ਟਿਕਾ ਲਿਆ
ਅੰਗ ਸੰਗ ਰਹੀਂ ਸਾਡੇ ਬਾਜਾਂ ਵਾਲਿਆ!!
ਦਸਵੇਂ ਪਿਤਾ ਜੀ ਸਾਡੀ ਰੱਖੀਂ ਲਾਜ ਨੂੰ,
ਹਾਂ ਜੀ ਰੱਖੀਂ ਲਾਜ ਨੂੰ
ਜੜ੍ਹੋਂ ਪੁੱਟ ਦਈਏ ਮੁਗਲਾਂ ਦੇ ਰਾਜ ਨੂੰ,
ਮੁਗਲਾਂ ਦੇ ਰਾਜ ਨੂੰ–੨–
ਅੱਜ ਅਸੀਂ ਮੁਗਲਾਂ ਨਾ ਮੱਥਾ ਲਾ ਲਿਆ,
ਅਸੀਂ ਮੱਥਾ ਲਾ ਲਿਆ,
ਅੰਗ ਸੰਗ ਰਹੀਂ ਸਾਡੇ ਬਾਜਾਂ ਵਾਲਿਆ,
ਸਾਡੇ ਬਾਜਾਂ ਵਾਲਿਆ।

(ਗਾਉਂਦੇ ਹੋਏ ਬਾਹਰ ਨਿਕਲ ਜਾਂਦੇ ਹਨ।)

(ਦੂਜੇ ਪਾਸਿਓਂ ਪੀਲਾ ਸਾਫ਼ਾ ਪਾਈ ਜੱਥੇਦਾਰ ਪੱਖੇ ਦੀ ਝੱਲ ਮਾਰਦਾ ਆਉਂਦਾ ਹੈ।)

ਜੱਥੇਦਾਰ : ਹੋ ਹੋ ਹੋ... ਗਰਮੀ ਓ ਬਾਹਲੀ ਐ! ਉੱਤੋਂ ਪਿੱਤ... ਖਲੜੀ ਉਤਰਨ ਤੇ ਆਈ! ਹੋ ਹੋ... ਧੰਨ ਧੰਨ ਗੁਰੂ ਅਰਜਨ ਦੇਵ ਜਿਹੜੇ ਤੱਤੀਆਂ ਤਵੀਆਂ 'ਤੇ ਬਹਿ ਗਏ! *(ਖੁਰਕਦਾ ਹੈ)* ਇਹ ਵੀ ਦਿਨ ਦੇਖਣੇ ਸੀ, ਜੂਨ ਦਾ ਮਹੀਨਾ ਤੇ ਉੱਤੋਂ ਸਾਰੇ ਈ ਏ.ਸੀ ਬੰਦ! ਬਾਜਾਂ ਵਾਲਿਆ! ਏਡਾ ਇਮਤਿਹਾਨ! *(ਖੁਰਕਦਾ)* ਉਪਰੋਂ ਲੂਹ ਵੀ ਤੇ ਰੇਤ ਵਾਂਗ ਲੜਦੀ! ਧੰਨ ਧੰਨ ਗੁਰੂ ਅਰਜਨ

ਦੇਵ... ਜਿਹੜੇ ਤੱਤੀਆਂ ਤਵੀਆਂ 'ਤੇ ਬਹਿ ਗਏ!

*(ਸਵਾਮੀ ਤੇ ਉਸਦਾ ਇੱਕ ਸਾਥੀ ਆਉਂਦੇ ਹਨ।)*

ਸਵਾਮੀ : ਫ਼ਤਿਹ ਬੁਲਾਉਂਦੇ ਆਂ... ਜਥੇਦਾਰ ਸਾਹਬ!... ਹੋਰ ਚੜ੍ਹਦੀ ਕਲਾ 'ਚ।

ਜੱਥੇਦਾਰ : *(ਖੁਸ਼ ਹੋਣ ਦਾ ਨਾਟਕ ਕਰਦਾ ਹੈ)* ਐਹ ਹੈ ਹੈ ਹੈ ਵਾਹ ਜੀ ਵਾਹ! ਕੀੜੀ ਘਰ ਨਰੈਣ ਆ ਗਏ... ਚਲ ਕੇ! ਆਓ! ਵਾਹਿ ਗੁਰੂ ਜੀ ਦਾ ਖ਼ਾਲਸਾ ਤੇ ਵਾਹੇ ਗੁਰੂ ਜੀ ਦੀ ਫ਼ਤਿਹ। *(ਜੈਕਾਰਾ ਬੁਲਾਉਂਦੇ ਹੋਏ ਗਲੇ ਮਿਲਦੇ ਹਨ।)* ਗਰਮੀ ਓ ਬਹੁਤ ਐ। ਧੰਨ ਧੰਨ ਗੁਰੂ ਅਰਜਨ ਦੇਵ... *(ਅਧੂਰਾ ਛੱਡ ਕੇ)*। ਤੁਸੀਂ ਸੁਣਾਓ ਕਿਵੇਂ ਚਲ ਰਹੀ... ਓ ਗੌਰਵ ਯਾਤਰਾ!

ਸਵਾਮੀ : ਫ਼ਤੇਹ ਈ ਫ਼ਤੇਹ ਆ ਜੀ ਹੁਣ ਤੇ। ਹੋ ਗਈ, ਬਸ ਦੇਖਦੇ ਜਾਓ ਹੁਣ ਤੁਸੀਂ। ਬਹੁਤ ਚਲਾ ਲਈਆਂ ਇਨ੍ਹਾਂ ਮੁਸਲਿਆਂ ਚੰਮ ਦੀਆਂ। ...ਕੀ ਗੱਲ ਔਖੇ ਜਿਹੇ ਲਗਦੇ ਹੋ!

ਜੱਥੇਦਾਰ : *(ਟਾਲ੍ਹਦਾ ਹੋਇਆ)* ਓ ਨਹੀਂ ਜੀ..., ਗਰਮੀ ਓ ਬਾਹਲੀ ਐ! ਪਿੱਤ ਲੜਦੀ... *(ਖੁਰਕਦਾ)*

ਸਵਾਮੀ : ਛੱਡੋ ਜੀ, ਅਸਲ 'ਚ ਆਦਤ ਹੋ ਗਈ ਏ.ਸੀ ਦੀ ਤੁਹਾਨੂੰ। ਸਰਦਾ ਨੀ ਹੁਣ।

ਜੱਥੇਦਾਰ : ਹੋਰ ਕੀ ਜੀ। ਹੋਰ ਹੁਣ ਕੌਮ ਨੇ ਕੁਰਬਾਨੀਆਂ ਕਾਹਦੇ ਲਈ ਦਿੱਤੀਆਂ ਭਲਾ। *(ਪੱਖੀ ਝਲਦਾ ਹੈ)*

ਸਵਾਮੀ : ਬਹੁਤ ਹੋਈਆਂ ਕੁਰਬਾਨੀਆਂ...; ਹੁਣ ਥੋੜ੍ਹੇ ਮਜ਼ੇ ਵੀ ਤੇ ਚਾਹੀਦੇ ਆ... *(ਨਾਲ ਦੇ ਨੂੰ ਬਾਹਰ ਜਾਣ ਦਾ ਇਸ਼ਾਰਾ ਕਰਦਾ ਹੈ।)*

੧ : ਸਤ ਸ੍ਰੀ ਕਾਲ ਜੀ... ਮੈ ਜ਼ਰਾ...

ਜੱਥੇਦਾਰ : ਸਸਰੀ ਕਾਲ ਜੀ ਸਸਰੀ ਕਾਲ! *(ਜਾਂਦੇ ਹੋਏ ਦੇਖਦਾ ਹੈ। ਨੇੜੇ ਆਉਂਦੇ ਹੋਏ)* ਇਹ ਤੁਸੀਂ ਸਿਆਣਪ ਕੀਤੀ।

ਸਵਾਮੀ : *(ਹਸਦਾ ਹੈ)* ਚੰਗਾ ਹੁਣ ਦੱਸੋ ਨਰਾਜ਼ਗੀ ਕਾਹਦੀ ਐ।

ਜੱਥੇਦਾਰ : *(ਤੈਸ਼ 'ਚ)* ਨਰਾਜ਼ਗੀ..., ਹੱਦ ਹੋ ਗਈ! ਪਾਣੀ ਸਿਰੋਂ ਟੱਪਿਆ ਪਿਆ..., ਤੇ ਗੱਲ ਕਰਦੇ ਓ ਤੁਸੀਂ... *(ਫ਼ੋਨ ਵੱਜਦਾ ਹੈ)* ਹਾਂ..., ਪਤਾ ਨਾ ਤੈਨੂੰ ਮੀਟਿੰਗ 'ਚ ਆਂ ਅਸੀਂ ...ਕੀ! ਫੇਰ ਆ ਗਏ ਉਹ। *(ਗ਼ੁੱਸੇ 'ਚ ਖੜ੍ਹਾ ਹੋ ਜਾਂਦਾ ਹੈ।)*

ਪਰ ਉਹ ਇੱਥੇ ਪਹੁੰਚੇ ਕਿਵੇਂ। ਤੁਸੀਂ ਕਾਹਦੇ ਲਈ ਬੈਠੇ ਓ ਏਥੇ? *(ਗੁੱਸੇ 'ਚ ਚੀਖ ਕੇ)* ਓਹ ਪਾਗਲ ਨੇ ਸਿਰੇ ਦੇ..., ਪਾਗਲ। ਪਤਾ ਨੀ ਕਿਹੜੇ ਯੁੱਗ ਦੀਆਂ ਗੱਲਾਂ ਕਰਦੇ! ਉਨ੍ਹਾਂ ਦੀ ਥਾਂ ਪਾਗਲਖ਼ਾਨੇ 'ਚ ਐ ਪਾਗਲਖ਼ਾਨੇ 'ਚ। ਜੋ ਕਰਨਾ ਕਰੋ ਉਨ੍ਹਾਂ ਦਾ, ਹਾਂ ਸਾਡਾ ਵਕਤ ਖ਼ਰਾਬ ਨਾ ਕਰੋ! *(ਫ਼ੋਨ ਕਟ ਦਿੰਦਾ ਹੈ)* ਖ਼ਾਲਸਾ ਲਭਦੇ ਫਿਰਦੇ ਆ! ਹੰਅ! *(ਪੱਖੀ ਝਲਦਾ ਹੈ।)*

ਸਵਾਮੀ : *(ਸਮਝਣ ਦੀ ਕੋਸ਼ਿਸ਼ ਕਰਦਾ ਹੈ)* ਕੀ ਗੱਲ ਹੋ ਗਈ ਜੱਥੇਦਾਰ ਸਾਹਿਬ! ਕੀਹਦੇ 'ਤੇ ਲਾਲ ਪੀਲੇ ਹੋਈ ਜਾਂਦੇ ਓ।

ਜੱਥੇਦਾਰ : ਪਤਾ ਨੀ ਜੀ, ਛੱਡੋ ਤੁਸੀਂ..., ਕੰਮ ਦੀ ਗੱਲ ਕਰੋ। ਹੰਅ... ਖਾਲਸਾ? *(ਚੇਹਰੇ 'ਤੇ ਪਰੇਸ਼ਾਨੀ)* ਪਤਾ ਨੀ ਕਿੱਥੋਂ ਕਿੱਥੋਂ ਆ ਜਾਂਦੇ ਆ!

ਸਵਾਮੀ : *(ਚੇਹਰਾ ਪੜ੍ਹਦੇ ਹੋਏ)* ਉਸੇ ਲਈ ਹਾਜ਼ਿਰ ਹੋਏ ਆਂ ਜੀ! ਹੁਕਮ ਕਰੋ...

ਜੱਥੇਦਾਰ : ਹੁਕਮ ਕੀ ਜੀ ਤੁਸੀਂ ਤੇ ਅਰਜ਼ ਕਰਨ ਜੋਗੇ ਨੀ ਛੱਡੇ। ਖਹਿੜਾ ਛੁਡਾਉਣਾ ਔਖਾ ਹੋਇਆ ਪਿਆ। ਕੀ ਜਵਾਬ ਦੇਈਏ ਤੇ ਕੀਹਨੂੰ ਕੀਹਨੂੰ... ਗਰਮੀ ਓ ਬਾਹਲੀ ਐ!

ਸਵਾਮੀ : ਠੰਡੇ ਦਿਮਾਗ਼ ਤੋਂ ਕੰਮ ਲਓ ਜਨਾਬ! ਇਹ ਰਾਜਨੀਤੀ ਐ!

ਜੱਥੇਦਾਰ : ਕਾਹਦੀ ਨੀਤੀ ਜੀ... ਦਿਵਾਲਾ ਨਿਕਲ ਗਿਆ ਸਾਡਾ 'ਤੇ! ਧੰਨ ਧੰਨ ਗੁਰੂ ਅਰਜਨ ਦੇਵ...! *(ਸਵਾਮੀ ਨੂੰ ਬੋਲਣ ਦਾ ਮੌਕਾ ਨਹੀਂ ਦਿੰਦਾ)* ਹਰ ਮੁਸੀਬਤ 'ਚ ਤੁਹਾਡਾ ਸਾਥ ਦਿੱਤਾ ਅਸੀਂ, ਮੋਹਰੇ ਹੋ ਕੇ। ਮਿਨਓਰਟੀ ਕਮਿਸ਼ਨ ਹੋਵੇ ਭਾਵੇਂ ਲੋਕਸਭਾ... ਮੂੰਹ ਨੀ ਖੋਲਿਆ ਕਦੇ! ਦੇਖਿਆ ਕਿਵੇਂ ਚੜ੍ਹ ਚੜ੍ਹ ਕੇ ਬੋਲਦੇ ਸੀ ਉਹ ਤੁਹਾਡੇ ਆਪਣੇ ਸਗੇ ਵਾਲੇ! ਤੇ ਮਿਲਿਆ ਕੀ...

ਸਵਾਮੀ : ਏਸ 'ਚ ਤੁਹਾਡਾ ਵੀ ਤਾਂ ਫ਼ਾਇਦਾ ਐ ਜਨਾਬ!

ਜੱਥੇਦਾਰ : ਫ਼ਾਇਦਾ!... ਕਮਿਸ਼ਨ ਬਿਠਾ ਦਿੱਤਾ... ਅਖੇ ਇਨਕੁਆਰੀ ਕਰੋ ਕਿਹੜੇ ਕਿਹੜੇ ਸਕੈਂਡਲ...

ਸਵਾਮੀ : ਓ ਹੋ, ਤਾਂ ਬੈਠਾ ਰਹਿਣ ਦਿਓ... ਕਮਿਸ਼ਨ! ਤੁਹਾਨੂੰ ਕੁਝ ਕਹਿੰਦਾ!

ਜੱਥੇਦਾਰ : *(ਖੁਰਕਣ 'ਚ ਮਸਤ)* ਨਾ ਤੁਸੀਂ ਦੱਸੋ! ਕਿਹੜਾ ਨੀ ਖਾਂਦਾ! *(ਨਕਲੀ ਢਿੱਡ 'ਤੇ ਹੱਥ ਫੇਰ ਕੇ)* ਢਿੱਡ ਤਾਂ ਆਖਰ ਸਭ ਨੂੰ ਈ ਲੱਗਾ। ਆਪਣੇ ਆਪ ਨੂੰ ਈ ਦੇਖ ਲਓ! ਅਸੀਂ ਚਾਰ ਬੁਰਕੀਆਂ ਵੱਧ ਖਾ ਲਈਆਂ ਤਾਂ ਕੀ ਨ੍ਹੇਰ ਆ

ਗਿਆ। ਅਸੀਂ ਮੂੰਹ ਖੋਲ ਦਿੱਤਾ ਨਾ...

ਸਵਾਮੀ : ਓ ਹੋ ਤੁਸੀਂ ਗੱਲ ਤਾਂ ਸੁਣਦੇ ਨੀ!

*(ਚੋਰੀ ਛਿਪੇ ਗਨੀ ਖਾਂ ਤੇ ਨਬੀ ਖਾਂ ਅੰਦਰ ਆਉਂਦੇ ਹਨ ਤੇ ਉਨ੍ਹਾਂ ਦੀਆਂ ਗੱਲਾਂ ਸੁਣਦੇ ਹਨ।)*

ਜੱਥੇਦਾਰ : ਸੁਣ ਲਈ..., ਬਹੁਤ ਸੁਣ ਲਈ! ਹੁਣ ਤੁਸੀਂ ਸੁਣੋ..., ਤੇ ਸਮਝੋ...; ਰਾਜਨੀਤੀ 'ਚ ਯਾਰੀ ਹੁੰਦੀ ਐ ਓਸ ਨਾਲ ਜਿਹੜਾ ਜਾਂ ਤੇ ਤੁਹਾਡਾ ਕੁਝ ਸੰਵਾਰ ਸਕੇ..., ਤੇ ਜਾਂ ਫੇਰ..., ਕੁਝ ਵਿਗਾੜ ਸਕੇ! ...ਕਿ ਨਹੀਂ?

ਸਵਾਮੀ : *(ਖੁੱਲ ਕੇ ਹਸਦਾ ਹੈ)* ਇਹ ਕੀਤੀ ਏ ਨਾ ਸਿਆਸਤ ਵਾਲੀ ਗੱਲ। ਦੇਖੋ! ਏਥੇ ਤਾਂ ਤੁਹਾਡੀ ਸਰਕਾਰ ਪੱਕੀ ਐ। ਉਪਰ ਕੇਂਦਰ 'ਚ ਵੀ ਬੰਦਾ ਤੁਹਾਡਾ, ...ਤੁਹਾਡੇ ਘਰ ਦਾ ਪੱਕਾ ਸਮਝੋ। ਗੱਲ ਹੋ ਗਈ ਪੀ ਐਮ ਨਾਲ...

ਜੱਥੇਦਾਰ : *(ਝੱਲ ਮਾਰਦਾ ਹੋਇਆ ਕਨਖੀਆਂ ਨਾਲ ਦੇਖਦਾ ਹੈ।)* ਤੇ ਇਹ ਕਮਿਸ਼ਨ...! ਲੋਕ ਤਾਂ ਸੰਘੀ ਫੜਨ ਨੂੰ ਫਿਰਦੇ...

*(ਗਨੀ ਕੁਝ ਬੋਲਣ ਲਗਦਾ ਹੈ, ਨਬੀ ਚੁੱਪ ਰਹਿਣ ਦਾ ਇਸ਼ਾਰਾ ਕਰਦਾ ਹੈ।)*

ਸਵਾਮੀ : *(ਹਸਦੇ ਹੋਏ)* ਛੱਡੋ ਇਹ ਕੱਚੀਆਂ ਗੱਲਾਂ! ਤੁਸੀਂ ਕਿਹੜਾ ਪਹਿਲੀ ਵਾਰ ਫ਼ਸੇ ਓ! ਮੇਰਾ... ਮਤਲਬ... ਕਿ... ਬਸ ਅੱਜ ਸ਼ਾਮ ਨੂੰ ਈ ਮੀਟਿੰਗ ਫ਼ਿਕਸ ਕਰ ਦਿੰਦੇ ਤੁਹਾਡੀ ਪੀ. ਐਮ ਸਾਹਿਬ ਨਾਲ। ਆਹਮੋ ਸਾਹਮਣੇ ਬੈਠ ਕੇ ਨਬੇੜ ਲਿਓ ਸਾਰੀ। *(ਰਾਜ਼ ਭਰੇ ਸੁਰ 'ਚ)* ਨਾਲੇ ਖਾਣ ਪੀਣ ਦਾ ਕੀ ਐ, ਵਧ ਘੱਟ ਹੋ ਜਾਂਦੀ ਏ, *(ਹਸਦੇ ਹੋਏ)* ਜੁਰਮ ਥੋੜੀ ਏ ਕੋਈ!

ਜੱਥੇਦਾਰ : *(ਪੱਖੀ ਝਲਦੇ ਹੋਏ)* ਓ ਹੋ ਗਰਮੀ ਓ ਬਾਹਲੀ ਐ!

ਸਵਾਮੀ : ਚਲੋ ਹੁਣ ਤੇ ਪੈ ਗਈ ਠੰਡ! ਸੁੱਟੋ ਹੱਥ! *(ਗਲੇ ਮਿਲਦੇ ਨੇ)*

ਨਬੀ ਖਾਂ : *(ਆਪਣੇ ਆਪ 'ਚ)* ਨਹੀਂ... ਇਹ ਖ਼ਾਲਸਾ ਨਹੀਂ! (ਉੱਚੀ) ਇਹ ਖ਼ਾਲਸਾ ਨਹੀਂ ਹੋ ਸਕਦਾ।

*(ਦੋਹੇਂ ਮੁੜ ਕੇ ਉਨ੍ਹਾਂ ਵੱਲ ਦੇਖਦੇ ਹਨ।)*

ਗਨੀ ਖਾਂ : ਮੈਂ ਪਛਾਣਦਾਂ ਇਸਨੂੰ..., ਇਹ ਉਹੀ ਕਸ਼ਮੀਰ ਦਾ ਸੂਬੇਦਾਰ ਤੇ *(ਸਵਾਮੀ ਵੱਲ)* ਉਹ...

*(ਸਵਾਮੀ ਤੇ ਜੱਥੇਦਾਰ ਇੱਕ ਦੂਜੇ ਦੇ ਪਿੱਛੇ ਲੁਕਣ ਦੀ ਕੋਸ਼ਿਸ਼ ਕਰਦੇ ਹਨ।)*

ਜੱਥੇਦਾਰ : ਇਹ ਲੋਕ ਇੱਥੇ ਕਿਵੇਂ ਆ ਗਏ!

(ਦੋਹੇਂ ਸੁੰਗੜੇ ਜਿਹੇ ਰੌਲਾ ਪਾਉਂਦੇ ਹਨ : ਸਕਿਉਰਿਟੀ... ਹਮਲਾ... ਅੱਤਵਾਦੀ... ਹੈਲਪ...)

ਨਬੀ ਖਾਂ : ਗਨੀ..., ਨਿਕਲ ਏਥੋਂ...

(ਚਾਰੇ ਪਾਸਿਓਂ ਸੀਟੀਆਂ ਤੇ ਖਤਰੇ ਦੇ ਹਾਰਨ ਵੱਜ ਜਾਂਦੇ ਹਨ। ਗਨੀ ਖਾਂ ਤੇ ਨਬੀ ਖਾਂ ਭੱਜਣ ਦੀ ਨਕਾਮ ਕੋਸ਼ਿਸ਼ ਕਰਦੇ ਹਨ। ਉਹ ਚਾਰੇ ਪਾਸਿਓਂ ਘਿਰ ਗਏ ਹਨ।)

ਨਬੀ ਖਾਂ : ਗਨੀ..., ਦੱਸ ਇਨ੍ਹਾਂ ਨੂੰ... ਅਸੀਂ ਉਹ ਨਹੀਂ... ਅਸੀਂ ਤਾਂ ਗੁਰੂ ਦੇ ਲਾਡਲੇ ਹਾਂ!

ਗਨੀ ਖਾਂ : *(ਹੱਥ ਦੱਬ ਕੇ ਚੁੱਪ ਕਰਾਉਂਦਾ ਹੈ।)* ਨਹੀਂ... ਨਹੀਂ, ਇਹ ਤਾਂ ਮੁਗ਼ਲ ਫ਼ੌਜਾਂ ਨੇ...

ਗਨੀ-ਨਬੀ : ਕੁਝ ਵੀ ਨਹੀਂ ਬਦਲਿਆ! ਜੁਗਾਂ ਬਾਦ ਵੀ... *(ਚਾਰੇ ਪਾਸੇ ਦੇਖਦੇ ਹਨ।)*

*(ਜੱਥੇਦਾਰ ਤੇ ਸਵਾਮੀ ਹੌਲੀ ਹੌਲੀ ਉੱਠਦੇ ਹਨ।)*

ਜੱਥੇਦਾਰ : *(ਡਰਿਆ ਹੋਇਆ ਹੌਲੀ ਹੌਲੀ ਨਾਰਮਲ ਹੁੰਦਾ ਹੈ।)* ਧੰਨ ਧੰਨ ਗੁਰੂ ਅਰਜਨ ਦੇਵ...

੧ : *(ਸਵਾਮੀ ਵੱਲ ਦੇਖ ਕੇ)* ਸਵਾਮੀ ਜੀ...

*(ਸਵਾਮੀ ਦਾ ਚੇਹਰਾ ਖੂੰਖਾਰ ਹੁੰਦਾ ਹੈ।)*

ਸਵਾਮੀ : ਮੈਂ ਕਿਹਾ ਸੀ ਨਾ ਤੈਨੂੰ... ਉਹ ਆਵਾਜ਼ ਹਾਲੇ ਜਿਉਂਦੀ ਏ! ਹਾਲੇ ਵੀ ਜਿਉਂਦੀ ਏ!

ਜੱਥੇਦਾਰ : ਧੰਨ ਧੰਨ ਗੁਰੂ ਅਰਜਨ ਦੇਵ! ਹੁਣ ਨਹੀਂ ਰਹੇਗੀ।

*(ਦੋਹੇਂ ਹੌਲੀ ਹੌਲੀ ਉਨ੍ਹਾਂ ਵੱਲ ਵਧਦੇ ਹਨ ਤੇ ਇਕੱਠੇ ਮਿਲ ਕੇ ਉਨ੍ਹਾਂ ਦੇ ਢਿੱਡਾਂ 'ਚ ਛੁਰੇ ਘੋਪਦੇ ਹਨ।)*

ਆਵਾਜ਼ : ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥

*(ਗਨੀ ਖਾਂ ਤੇ ਨਬੀ ਖਾਂ ਹੌਲੀ ਹੌਲੀ ਆਪਣੇ ਚੋਗੇ ਉਤਾਰ ਕੇ ਰਖ ਦਿੰਦੇ ਹਨ ਤੇ ਗੌਰ ਨਾਲ ਉਨ੍ਹਾਂ ਵੱਲ ਦੇਖਦੇ ਹੋਏ ਬੋਲਦੇ ਹਨ ਜਿਵੇਂ ਪੜ੍ਹ ਰਹੇ ਹੋਣ।)*

ਗਨੀ ਖਾਂ : ਗਨੀ ਖਾਂ...

ਨਬੀ ਖਾਂ : ਨਬੀ ਖਾਂ...

*(ਜੱਥੇਦਾਰ ਤੇ ਸਵਾਮੀ ਦੀਆਂ ਅੱਖਾਂ 'ਚ ਚਮਕ ਆਉਂਦੀ ਹੈ।)*

ਜੱਥੇਦਾਰ : ਕਮਾਲ ਹੋ ਗਈ! *(ਚੋਗਿਆਂ ਕੋਲ ਬੈਠਦਾ ਹੈ ਤੇ ਬੜੀ ਸ਼ਰਧਾ ਨਾਲ ਉਨ੍ਹਾਂ ਨੂੰ ਸਾਂਭਦਾ ਹੈ।)* ਗਨੀ ਖਾਂ... ਨਬੀ ਖਾਂ! ਇਹ ਤੇ ਬੜੀ ਇਤਿਹਾਸਕ ਖੋਜ ਐ ਜੀ!

ਸਵਾਮੀ : ਇਨ੍ਹਾਂ ਨੂੰ ਪੂਰੇ ਆਦਰ ਸਤਿਕਾਰ ਨਾਲ ਰੱਖਿਆ ਜਾਵੇਗਾ! ਇੱਕ ਨਵਾਂ ਅਜਾਇਬ ਘਰ... ਬਣਾਓਂਗੇ ਤੁਸੀਂ ਤੇ... ਫ਼ੰਡ ਅਸੀਂ ਦਿਆਂਗੇ!

*(ਦੋਹੇਂ ਹਸਦੇ ਹਨ। ਮੰਚ 'ਤੇ ਰੋਸ਼ਨੀ ਬਿਲਕੁਲ ਮੱਧਮ ਹੋ ਜਾਂਦੀ ਹੈ! ਗਨੀ ਤੇ ਨਬੀ ਨੂੰ ਛੱਡ ਕੇ ਸਭ ਬਾਹਰ ਜਾਂਦੇ ਹਨ। ਡਾਊਨ ਲੈਫ਼ਟ ਵਾਲੇ ਪਾਸਿਓਂ ਹੌਲੀ ਹੌਲੀ ਸੂਤਰਧਾਰ ਮੰਚ 'ਤੇ ਆਉਂਦਾ ਹੈ। ਸਾਈਕ 'ਤੇ ਜੈ ਬੋਲ ਜੈ ਬੋਲ ਵਾਲੀ ਭੀੜ ਦੇ ਉਹੀ ਪੁਰਾਣੇ ਸ਼ਿਲਟਸ ਉਭਰਦੇ ਹਨ। ਸ਼ਿਲਟਸ ਵਿੱਚ ਦੋ ਲੋਗ ਹੱਥਾਂ 'ਚ ਦੋ ਚੋਗੇ ਸੰਭਾਲੀ ਮੂਹਰੇ ਮੂਹਰੇ ਚੱਲ ਰਹੇ ਹਨ। ਭੀੜ ਦੇ ਹੱਥਾਂ 'ਚ ਢੋਲਕੀਆਂ, ਛੈਣੇ, ਚਿਮਟੇ ਤੇ ਖੜਤਾਲਾਂ ਵਰਗੇ ਸਾਜ ਹਨ। ਸਾਈਕ ਹੌਲੀ ਹੌਲੀ ਆਫ਼ ਹੁੰਦੀ ਹੈ।)*

ਗਨੀ ਖਾਂ : *(ਦੋਂਹੇ ਤੇੜੋਂ ਨੰਗੇ ਹਨ।)* ਨਬੀ!

ਨਬੀ ਖਾਂ : ਹੂੰ!

ਗਨੀ ਖਾਂ : ਚਲ ਚੱਲੀਏ।

ਨਬੀ ਖਾਂ : ਕਿੱਥੇ?

ਗਨੀ ਖਾਂ : ਵਾਪਿਸ?

ਨਬੀ ਖਾਂ : ...ਪਰ ਕਿੱਥੇ?

*(ਚੁੱਪੀ! ਹੂ-ਹੂ ਦੀਆਂ ਆਵਾਜ਼ਾਂ)*

ਗਨੀ ਖਾਂ : ਪਤਾ ਨਹੀਂ!

*(ਖਲਾ 'ਚ ਨੀਝ ਨਾਲ ਦੇਖਦੇ ਦੋਹੇਂ ਹੌਲੀ ਹੌਲੀ ਉਠਦੇ ਹਨ। ਮੰਚ ਦੇ ਮਧ 'ਚ ਇੱਕ ਚੱਕਰ ਪੂਰਾ ਕਰਦੇ ਹਨ ਤੇ ਅਪ ਰਾਈਟ ਵੱਲ ਹੌਲੀ-ਹੌਲੀ ਮੂਵ ਕਰਦੇ ਹਨ।)*

ਸੂਤਰਧਾਰ : ਨਹੀਂ ਤੁਸੀਂ ਨਹੀਂ ਜਾ ਸਕਦੇ। ਤੁਸੀਂ ਤੇ ਤਲਾਸ਼ ਕਰਨੀ ਏ! ਲੱਭਣਾ ਹੈ ਖ਼ਾਲਸੇ ਨੂੰ! ਸਾਚੇ ਨਾਓਂ ਨੂੰ! *(ਦੋਹੇਂ ਮੰਚ ਤੋਂ ਬਾਹਰ ਹੋ ਜਾਂਦੇ ਹਨ। ਤੇ ਸੂਤਰਧਾਰ ਸੈਂਟਰ 'ਚ ਆਉਂਦਾ ਹੈ ਤੇ ਚਾਰੇ ਪਾਸੇ ਦੇਖਦਾ ਹੈ।)* ਤੇ ਉਹ ਚਲੇ ਗਏ! ਪਤਾ ਨਹੀਂ ਕਿੱਥੇ,... ਕਿੱਧਰ...! ਪਰ ਮੈਂ..., ਇਹ ਸੂਤਰਧਾਰ ਇੰਨਾ ਸੁਭਾਗਾ ਨਹੀਂ! ਮੇਰੀ ਇਹ ਦੇਹ ਮਹਿਜ ਚੋਗਾ ਨਹੀਂ ਜੋ ਛੱਡ ਦਿਆਂ! *(ਤੜਫ਼ਦਾ ਹੈ)* ਲਾਹ ਸੁੱਟਾਂ ਤੇ ਲੁਕ ਜਾਵਾਂ ਕਿਸੇ ਅਤੀਤ 'ਚ ਜਾਂ... ਭਵਿੱਖ! ਨਹੀਂ ਅਤੀਤ ਕਦ ਵਰਤਮਾਨ ਹੋ ਜਾਏ ਪਤਾ ਈ ਨਹੀਂ ਚੱਲਦਾ। ਗੌਰਵ ਯਾਤਰਾ ਤੇ ਸਿਖਰ 'ਤੇ ਪੁੱਜ ਗਈ..., ਉਹ ਹਾਕਿਮ ਹੋ ਗਿਆ... ਪੂਰੇ ਮੁਲਕ ਦਾ...! *(ਹਸਦਾ ਹੈ)* ਹਾਂ, ਉਹ ਸਵਾਮੀ..., ਸਿੱਕਾ ਚਲਦਾ ਉਸਦਾ! *(ਕੰਬਦਾ ਹੋਇਆ)* ਕਮਾਲ ਦੇ ਲੋਕ ਆਂ ਅਸੀਂ, ਜਿਸਨੂੰ ਮਾਰਦੇ ਆਂ, ਕਪੜੇ ਬਦਲਾ ਕੇ ਉਸੇ ਨੂੰ ਘਨੇੜੀ ਚੱਕ ਲੈਂਦੇ ਆਂ। ਮਹਾਭਾਰਤ ਤਾਂ ਹੋਣੀ ਹੈ! ਪਰ ਹੁਣ ਕਿਸੇ ਅਰਜਨ ਦੇ ਹੱਥ ਨਹੀਂ ਕੰਬਦੇ! ਮੈਂ ਵਰਤਮਾਨ ਹਾਂ! ਭੱਜ ਵੀ ਨਹੀਂ ਸਕਦਾ। *(ਚਾਰੇ ਪਾਸੇ ਦੇਖਦੇ ਹੋਏ)* ਰਾਵਣ ਈ ਰਾਵਣ ਨੇ! ਔਰੰਗਜ਼ੇਬ ਹੈ! ਪਰ ਖ਼ਾਲਸਾ ਕਿੱਥੇ ਹੈ! ਰਾਮ ਕਿੱਥੇ ਹੈ! ਕਿੱਥੇ ਹੈ! ਮੈਂ ਸੂਤਰਧਾਰ... ਬੰਦੇ ਦੀ ਜੂਨ... ਜੋ ਅਟਕ ਗਈ... ਇੰਦ੍ਰੀਆਂ 'ਚ... ਮਨ 'ਚ! ਹੈ ਕੋਈ ਦੁਆਰ... ਕੋਈ ਰਾਮ... ਖ਼ਾਲਸਾ!

*(ਚੁੱਪੀ)*

ਆਵਾਜ਼ : ਰਾਮ ਹੂ ਕਿਆ ਖੋਜਤ ਫਿਰੇ ਲੇ ਆਪਣਾ ਮਨ ਜਾਣ!
ਮੁੰਦੀ ਆਂਖ ਤੋ ਖਾਈ ਹੈ ਖੁਲੀ ਆਂਖ ਤੋ ਖ਼ਾਨ!
ਖੁਲੀ ਆਂਖ ਤੋ ਖ਼ਾਨ!!